پیر حسام الدین امیرا کدل کشمیر

دی کشمیر ناول ایجنسی

نام مصنف

نمبر کتاب قیمت

پروپرائٹر

پیر حسام الدین جنرل مرچنٹ امیرا کدل کشمیر

CC-0. Kashmir Research Institute. Digitized by eGangotri

CC-0. Kashmir Research Institute. Digitized by eGangotri

ਅਸਲੀ ਪੁਸਤਕ ਲੈਣ ਵੇਲੇ ਲਾਃ ਦੇਵਕੀਨੰਦਨ ਖਤ੍ਰੀ ਬਨਾਰਸ
ਵੇਖਕੇ ਲੈਣੀ ਨਕਲੀ ਪੁਸਤਕ ਦੇ ਧੋਖੇ ਤੋਂ ਬਚਨਾਂ।

ੴ ਸਤਿਗੁਰਪ੍ਰਸਾਦਿ ॥

ਪੁਸਤਕ ਨੰਃ ੧

ਚੰਦ੍ਰ ਕਾਂਤਾ

ਪੈਹਲਾ ਭਾਗ

ਰਚਿਤ

ਲਾਲਾ ਦੇਵਕੀਨੰਦਨ ਜੀ

ਖਤ੍ਰੀ ਬਨਾਰਸ

ਪੰਜਾਬੀ ਉਲਥਾਕਾਰ ਤੇ ਪ੍ਰਕਾਸ਼ਕ

ਭਾਈ ਸੁੰਦਰ ਸਿੰਘ ਹਕੀਮ

ਚੌਂਕ ਬਾਬਾ ਅਟੱਲ ਸ੍ਰੀ ਅਮ੍ਰਿਤਸਰ ਜੀ

CC-0. Kashmir Research Institute. Digitized by eGangotri

ਕੇਵਲ ਟੈਟਲ ਮਹਤਾ ਪ੍ਰਿੰਟਿੰਗ ਪ੍ਰੈਸ
ਕਟਰਾ ਜੈਮਲ ਸਿੰਘ ਅੰਮਰਤਸਰ ਵਿਚ ਛਪਿਆ

CC-0. Kashmir Research Institute. Digitized by eGangotri

ੴ ਸਤਿਗੁਰਪ੍ਰਸਾਦਿ ॥

—o—

ਚੰਦ੍ਰਕਾਂਤਾ ਪਹਿਲਾ ਹਿੱਸਾ

ਤ੍ਰਿਕਾਲਾਂ ਦੇ ਵੇਲੇ ਅਜੇ ਕੁਝ ਰ ਸੂਰਜ ਦਿਖਾਈ ਦੇਂਦਾ ਹੈ, ਸੁੰਨਸਾਨ ਮੈਦਾਨ ਵਿਚ ਇਕ ਪਹਾੜੀ ਦੇ ਹੇਠਾਂ ਦੋ ਆਦਮੀ ਬੀਰੇਂਦਰ ਸਿੰਘ ਅਰ ਤੇਜ ਸਿੰਘ ਇਕ ਪਥਰ ਦੀ ਸਿਲ ਉਤੇ ਬੈਠੇ ਆਪਸ ਵਿਚ ਕੁਝ ਗਲਾਂ ਕਰ ਰਹੇ ਹਨ।

ਬੀਰੇਂਦਰ ਸਿੰਘ ਦੀ ਉਮਰ ਕੋਈ ਇਕੀ ਬਾਈ ਵਰਹੇ ਦੀ ਹੋਵੇਗੀ, ਇਹ ਨੌ ਗੜ੍ਹ ਦੇ ਰਾਜੇ ਸੁਰਿੰਦਰ ਸਿੰਘ ਦਾ ਇਕਲੌਤਾ ਪੁਤਰ ਹੈ।

ਤੇਜ ਸਿੰਘ ਰਾਜਾ ਸੁਰਿੰਦਰ ਸਿੰਘ* ਦੇ ਵਜੀਰ ਜੀਤ ਸਿੰਘ ਦਾ ਪਿਆਰਾ ਪੁਤਰ ਕੌਰ ਬੀਰੇਂਦਰ ਸਿੰਘ ਦਾ ਸਚਾ ਦਿਲੀ ਦੋਸਤ ਅਰ ਬੜਾ ਚਾਲਾਕ ਫੁਰਤੀਲਾ, ਲਕ ਨਾਲ ਇਕ ਖੰਜਰ... ਬਧੀ ਅਰ ਇਕ ਬਟੂਆ ਲਟਕਾਏ ਹਥ ਵਿਚ ਇਕ ਕਮੰਦ ਫੜੀ ਬੈਠਾ ਹੈ ਅਰ ਚੌਂਹੀ ਪਾਸੀਂ ਬੜੀ ਤੇਜੀ ਨਾਲ ਦੇਖਦਾ ਅਤੇ ਇਨਾਂ ਨਾਲ ਗਲਾਂ ਕਰ ਰਿਹਾ ਹੈ।

ਇਨਾਂ ਦੋਹਾਂ ਦੇ ਸਾਹਮਣੇ ਇਕ ਘੋੜਾ ਕਸਿਆ ਕਸਾਇਆ ਦਰਖਤ ਨਾਲ ਬਧਾ ਹੋਇਆ ਹੈ।

---

*ਪਿਛਲੇ ਜਮਾਨੇ ਵਿਚ ਛਤ੍ਰੀਆਂ ਦੇ ਨਾਮ ਸਿੰਘ ਹੀ ਹੁੰਦੇ ਸਨ ਪਰ ਓਹ ਗੁਰੂ ਕੇ ਸਿੰਘਾਂ ਵਾਂਗ ਕੇਸਾ ਧਾਰੀ ਨਹੀਂ ਸਨ।

CC-0. Kashmir Research Institute. Digitized by eGangotri

ਕੌਰ ਬੀਰੇਂਦ੍ਰਸਿੰਘ ਨੇ ਕਿਹਾ:-ਦੇਖੋ ਤੇਜ ਸਿੰਘ, ਮੁਹੱਬਤ ਭੀ ਕੇਹੀ ਬੁਰੀ ਬਲਾ ਹੈ ਜਿਸਨੇ ਸਾਨੂੰ ਏਸ ਦਰਜੇ ਤਕ ਪੁਚਾ ਦਿਤਾ ਹੈ। ਕਈ ਵਾਰੀ ਤੁਸੀਂ ਬਿਜੈ ਗੜ ਜਾਕੇ ਰਾਜ ਕੁਮਾਰੀ ਚੰਦ੍ਰਕਾਂਤਾ ਦੀ ਚਿਠੀ ਮੇਰੇ ਪਾਸ ਲਿਆਏ ਅਰ ਮੇਰੀ ਚਿਠੀ ਓਸਦੇ ਪਾਸ ਲੈ ਗਏ ਜਿਸਤੋਂ ਇਹ ਭੀ ਪ੍ਰਤੀਤ ਹੁੰਦਾ ਹੈ ਕਿ ਜਿਤਨੀ ਮੁਹਬਤ ਮੈਂ ਚੰਦ੍ਰਕਾਂਤਾ ਨਾਲ ਰਖਦਾ ਹਾਂ ਉਤਨੀ ਹੀ ਚੰਦ੍ਰਕਾਂਤਾ ਭੀ ਮੇਰੇ ਨਾਲ ਰਖਦੀ ਹੈ, ਸਾਡੇ ਰਾਜ ਤੋਂ ਉਨਾਂ ਦੇ ਰਾਜ ਦਾ ਕੇਵਲ ਪੰਜ ਕੋਹ ਦਾ ਹੀ ਫਰਕ ਹੈ ਪਰ ਫੇਰ ਭੀ ਸਾਥੋ ਕੁਝ ਨਹੀਂ ਬਣ ਸਕਦਾ, ਦੇਖੋ ਇਸ ਖਤ ਵਿਚ ਭੀ ਚੰਦ੍ਰਕਾਂਤਾ ਨੇ ਇਹੋ ਹੀ ਲਿਖਿਆ ਹੈ ਕਿ ਜਿਸ ਤਰਾਂ ਹੋ ਸਕੇ ਆਕੇ ਮਿਲ ਜਾਓ।

ਤੇਜ ਸਿੰਘ ਨੇ ਕਿਹਾ ਕਿ ਮੈਂ ਹਰ ਤਰਾਂ ਤੁਹਾਨੂੰ ਓਥੇ ਲੈ ਜਾ ਸਕਦਾ ਹਾਂ ਪਰ ਇਕ ਤਾਂ ਅਜ ਕਲ ਚੰਦਰਕਾਂਤਾ ਦੇ ਪਿਤਾ ਜੈ ਸਿੰਘ ਨੇ ਮਹਲਾਂ ਦੇ ਇਰਦ ਗਿਰਦ ਸਖਤ ਪਹਿਰਾ ਬੈਠਾ ਰਖਿਆ ਹੈ, ਦੂਸਰੇ ਰਾਜੇ ਜੈ ਸਿੰਘ ਦੇ ਵਜੀਰ ਦਾ ਪੁਤਰ ਕੂਰ ਸਿੰਘ ਚੰਦ੍ਰਕਾਂਤਾ ਤੇ ਆਸ਼ਿਕ ਹੈ ਓਸਨੇ ਭੀ ਆਪਣੇ ਦੋਹਾਂ ਏਯਾਰਾਂ, ਨਾਜਮ ਅਲੀ ਤੇ ਐਹਮਦ ਖਾਂ ਨੂੰ ਇਸ ਗਲ ਦੀ ਤਾਕੀਦ ਕੀਤੀ ਹੋਈ ਹੈ ਕਿ ਤੁਸੀਂ ਖੂਬ ਮਹਲ ਦੀ ਨਿਗਾਹਬਾਨੀ ਕੀਤਾ ਕਰੋ, ਕਿਉਂ ਕਿ ਤੁਹਾਡੀ ਮੁਹਬਤ ਦਾ ਹਾਲ ਕੂਰ ਸਿੰਘ ਅਰ ਓਸਦੇ ਦੋਹਾਂ ਏਯਾਰਾਂ* ਨੂੰ ਚੰਗੀ ਤਰਾਂ ਮਲੂਮ ਹੈ, ਭਾਵੇਂ ਚੰਦ੍ਰਕਾਂਤਾ ਕੂਰ ਸਿੰਘ ਤੋਂ ਬਹੁਤ ਹੀ ਘਿਣਾ ਕਰਦੀ ਹੈ ਅਰ ਰਾਜਾ

---

*ਏਯਾਰ ਦਲਾਕ ਨੂੰ ਕੈਂਹਦੇ ਹਨ ਏਯਾਰ ਦਾ ਮੁਖ ਕੰਮ ਤੇ ਭੇਸ ਬਦਲਨਾ ਦੌੜਨਾ ਹੈ ਪਰ ਏਯਾਰ ਹਰ ਇਕ ਕੰਮ ਜਾਣਦਾ ਹੈ।

CC-0. Kashmir Research Institute. Digitized by eGangotri

ਭੀ ਆਪਣੀ ਧੀ ਵਜ਼ੀਰ ਦੇ ਪੁਤ੍ਰ ਨੂੰ ਨਹੀਂ ਦੇ ਸਕਦਾ ਪਰ ਫੇਰ ਭੀ ਓਸਨੂੰ ਇਹ ਆਸ਼ਾ ਲਗੀ ਹੋਈ ਹੈ ਅਰ ਤੁਹਾਡੀ ਮੁਹਬਤ ਓਸਨੂ ਬੁਰੀ ਮਲੂਮ ਹੁੰਦੀ ਹੈ, ਅਤੇ ਓਸਨੇ ਆਪਣੇ ਪਿਤਾ ਦੀ ਰਾਹੀਂ ਜੈ ਸਿੰਘ ਦੇ ਕੰਨਾਂ ਤਕ ਤੁਹਾਡੀ ਮੁਹਬਤ ਦਾ ਹਾਲ ਪਹੁੰਚਾ ਦਿਤਾ ਹੈ ਏਸੇ ਕਰਕੇ ਪਹਿਰੇ ਦੀ ਸਖਤ ਤਾਕੀਦ ਕੀਤੀ ਗਈ ਹੈ ਤੁਹਾਨੂੰ ਲੇ ਜਾਣਾਂ ਮੈਂ ਤਦ ਤਕ ਚੰਗਾ ਨਹੀਂ ਸਮਝਦਾ ਜਦ ਤਕ ਕਿ ਮੈਂ ਓਥੇ ਜਾਕੇ ਦੁਸ਼ਮਨਾਂ ਨੂੰ ਨਾ ਫੜ ਲਿਆਵਾਂ।

ਹੁਣ ਮੈਂ ਫੇਰ ਬਿਜੈਗੜ੍ਹ ਜਾਕੇ ਚੰਦ੍ਰਕਾਂਤਾ ਅਤੇ ਚਪਲਾ ਨੂੰ ਮਿਲਦਾ ਹਾਂ ਕਿਉਂਕਿ ਚਪਲਾ ਏਯਾਰ ਅਰ ਚੰਦ੍ਰਕਾਂਤਾ ਦੀ ਪਯਾਰੀ ਸਹੇਲੀ ਹੈ ਅਰ ਚੰਦ੍ਰਕਾਂਤਾ ਨੂੰ ਜਾਨ ਤੋਂ ਵਧ ਚਾਹੁੰਦੀ ਹੈ, ਅਤੇ ਸਵਾਏ ਚਪਲਾ ਦੇ ਓਥੇ ਹੋਰ ਕੋਈ ਮੇਰਾ ਮਦਤਗਾਰ ਨਹੀਂ ਹੈ ਹੁਣ ਮੈਂ ਆਪਣੇ ਦੁਸ਼ਮਨਾਂ ਦੀ ਕਾਰਵਾਈ ਤੇ ਚਲਾਕੀ ਦੇਖਦਾ ਹਾਂ ਫੇਰ ਤੁਹਾਨੂੰ ਲੇ ਜਾਣ ਦੀ ਤਦਬੀਰ ਸੋਚਾਂਗਾ। ਕਿਉਂਕਿ ਕਿਤੇ ਅਜੈਹਾ ਨਾ ਹੋਵੇ ਕਿਓਨਾਂ ਸੋਚੇ ਸਮਝੇ ਕੰਮ ਕਰਨ ਕਰਕੇ ਅਸੀਂ ਓਥੇ ਹੀ ਫਸ ਜਾਈਏ॥

ਬੀਰੇਂਦ੍ਰ—ਚਙਾ ਜੋ ਮੁਨਾਸਬ ਸਮਝੋ ਕਰੋ, ਸਾਨੂੰ ਤਾਂ ਸਿਰਫ ਆਪਣੇ ਬਲਦਾ ਭਰੋਸਾ ਹੈ ਪਰ ਤੁਹਾਨੂੰ ਬਲ ਅਤੇ ਏਯਾਰੀ ਦੋਹਾਂ ਦਾ।

ਤੇਜ—ਮੈਨੂ ਇਹ ਭੀ ਪਤਾ ਲਗਾ ਹੈ ਕਿ ਅਜ ਕਲ ਹੀ ਕੂਰ ਸਿੰਘ ਦੇ ਦੋਵੇਂ ਏਯਾਰ ਨਾਜ਼ਮ ਅਤੇ ਐਹਮਦ ਏਥੇ ਆਕੇ ਸਾਡੇ ਮਹਾਰਾਜ ਦਾ ਦਰਸ਼ਨ ਕਰ ਗਏ ਹਨ ਪਤਾ ਨਹੀ ਕਿਸ ਚਲਾਕੀ ਨ ਲ ਆਏ ਸਨ ਅਫਸੋਸ ਕਿ ਓਸ ਵੇਲੇ ਮੈਂ ਏਥੇ ਨਹੀ ਸੀ।

CC-0. Kashmir Research Institute. Digitized by eGangotri

ਬੀਰੇਂਦ੍ਰ—ਮੁਸ਼ਕਲ ਹੈ ਕਿਤੁਸੀਂ ਕੂਰ ਸਿੰਘ ਦੇ ਦੋਹਾਂ ਏਯਾਰਾਂ ਨੂੰ ਫੜਿਆ ਚਾਹੁੰਦੇ ਹੋ ਅਰ ਓਹ ਦੋਵੇਂ ਤੁਹਾਨੂੰ ਫੜਨ ਦੇ ਫਿਕਰ ਵਿਚ ਹਨ, ਰਬ ਸੁਖ ਹੀ ਰਖੇ! ਹਛਾ ਹੁਣ ਤੁਸੀਂ ਓਥੇ ਜਾਓ ਅਰ ਜਿਸਤਰਾਂ ਹੋ ਸਕੇ ਚੰਦ੍ਰਕਾਂਤਾ ਦੇ ਮਿਲਣ ਦਾ ਬੰਦੋਬਸਤ ਕਰੋ।

ਤੇਜ ਸਿੰਘ ਝਟ ਉਠ ਖਲੋਤਾ ਅਰ ਬੀਰੇਂਦ੍ਰ ਸਿੰਘ ਨੂੰ ਓਥੇ ਹੀ ਛਡਕੇ ਆਪ ਪੈਦਲ ਹੀ ਬਿਜੈ ਗੜ੍ਹ ਵਲ ਤੁਰ ਪਿਆ, ਪਿਛੋਂ ਬੀਰੇਂਦ੍ਰ ਸਿੰਘ ਭੀ ਘੋੜੇ ਨੂੰ ਦਰਖਤ ਨਾਲੋਂ ਖੋਹਲ ਸਵਾਰ ਹੋਕੇ ਆਪਣੇ ਕਿਲੇ ਨੂੰ ਤੁਰ ਗਿਆ॥

ਦੂਸਰਾ ਕਾਂਡ

ਇਜੈਗੜ੍ਹ ਵਿਚ ਕੂਰ ਸਿੰਘ ਆਪਣੀ ਬੈਠਕ ਦੇ ਵਿਚ ਨਾਜ਼ਮ ਅਰ ਅਹਮਦ ਦੋਹਾਂ ਏਯਾਰਾਂ ਦੇ ਨਾਲ ਬੈਠਾ ਹੋਇਆ ਕਲਾਂ ਕਰ ਰਿਹਾ ਹੈ, ਕੂਰ ਨੇ ਕਿਹਾ:— ਦੇਖ ਨਾਜ਼ਮ ਮਹਾਰਾਜ ਨੂੰ ਤਾਂ ਇਹ ਖਿਆਲ ਹੈ ਮੈਂ ਰਾਜਾ ਹੋਕੇ ਆਪਣੀ ਹੀ ਵਜੀਰ ਦੇ ਪੁਤ੍ਰ ਨੂੰ ਕਿਸਤਰਾਂ ਦਵਾਂ ਅਤੇ ਚੰਦ੍ਰਕਾਂਤਾ ਬੀਰੇਂਦ੍ਰ ਸਿੰਘ ਤੇ ਆਸਿਕ ਹੈ; ਹੁਣ ਮੇਰਾ ਕੰਮ ਕਿਸਤਰਾਂ ਬਣੇ? ਜੇ ਇਹ ਸੋਚਿਆ ਜਾਵੇ ਕਿ ਚੰਦ੍ਰਕਾਂਤਾ ਨੂੰ ਲੈਕੇ ਨਸ ਜਾਵਾਂ ਤਾਂ ਕਿਥੇ ਜਾਵਾਂ ਅਤੇ ਕਿਥੇ ਰਹਿਕੇ ਕਿਸਤਰਾਂ ਗਜ਼ਾਰਾ ਕਰਾਂ? ਫਰ ਲੈ ਜਾਣ ਦੇ ਪਿਛੋਂ ਮਹਾਰਾਜ ਮੇਰੇ ਮਾਂ ਪਿਉ ਦੀ ਕੀ ਦੁਰਦਸ਼ਾ ਕਰਨ ਗੇ? ਏਸ ਲਈ ਏਹੀ ਚੰਗਾ ਹੈ ਕਿ ਪਹਿਲੇ ਬੀਰੇਂਦ੍ਰ ਸਿੰਘ ਅਤੇ ਓਸਦੇ ਏਯਾਰ ਤੇਜ ਸਿੰਘ ਨੂੰ ਫੜਕੇ ਕਿਸੇ ਐਸੀ ਜਗਾ ਸੁਟਿਆ ਜਾਵੇ ਜਿਥੋਂ ਲਭਣ ਵਿਚ ਜਰਾ ਭਰ

CC-0. Kashmir Research Institute. Digitized by eGangotri

ਭੀ ਪਤਾ ਨਾ ਲਗੇ, ਏਸਦੇ ਪਿਛੋਂ ਦਾਓ ਲਗਨ ਤੇ ਮਹਾਰਾਜ ਜੇ ਸਿੰਘ ਨੂੰ ਮਾਰ ਦਿਤਾ ਜਾਵੇ। ਬਸ ਫੇਰ ਤਾਂ ਮੈਂ ਝਟ ਗਦੀ ਦਾ ਮਾਲਕ ਬਣ ਜਾਵਾਂਗਾ ਬਸ ਤਦ ਹੀ ਆਪਣੀ ਜਿੰਦਗੀ ਵਿਚ ਕੁਝ ਮੌਜ ਮੇਲਾ ਚੰਦ੍ਰਕਾਂਤਾ ਨਾਲ ਕਰ ਸਕਾਂਗਾ। ਪਰ ਏਹ ਸੋਚ ਹੈ ਕਿ ਮਹਾਰਾਜ ਦੇ ਮਰਨ ਦੇ ਪਿਛੋਂ ਮੈਂ ਗਦੀ ਦਾ ਮਾਲਕ ਕਿਸਤਰਾਂ ਬਨਾਂਗਾ ਤੇ ਲੋਕ ਮੈਨੂੰ ਰਾਜਾ ਕਿਸਤਰਾਂ ਬਨਾਉਣਗੇ ?

ਨਾਜਮ ਨੇ ਕਿਹਾ ਕਿ ਸਾਡੇ ਰਾਜੇ ਪਾਸ ਕਾਫਰਾਂ ਕੋਲੋਂ ਮੁਸਲਮਾਨ ਬਹੁਤ ਹਨ ਮੈਂ ਓਨਾਂ ਸਭਨਾਂ ਨੂੰ ਆਪਦੀ ਮਦਦ ਲਈ ਪੂਰ ਸਕਦਾ ਹਾਂ ਅਰ ਓਨਾਂ ਪਾਸੋਂ ਬਚਨ ਲੈ ਸਕਦਾ ਹਾਂ ਕਿ ਮਹਾਰਾਜ ਦੇ ਮਰਨ ਦੇ ਪਿਛੋਂ ਤੁਹਾਨੂੰ ਰਾਜਾ ਮੰਨਣ। ਪਰ ਸ਼ਰਤ ਏਹ ਹੈ ਕਿ ਕੰਮ ਹੋ ਜਾਨ ਉਤੇ ਆਪ ਭੀ ਸਾਡੇ ਮੁਸਲਮਾਨੀ ਦੀਨ ਨੂੰ ਕਬੂਲ ਕਰੋ।

ਕੂਰ ਸਿੰਘ ਨੇ ਕਿਹਾ ਕਿ ਜੇ ਏਹ ਗਲ ਹੈ ਤਾਂ ਤੁਹਾਡੀ ਸ਼ਰਤ ਮੈਨੂੰ ਮਨਜੂਰ ਹੈ। ਏਹ ਸੁਣਕੇ ਔਹਮਦ ਬੋਲਿਆ ਕਿ ਏਹ ਗਲ ਦਾ ਇਕਰਾਰ ਨਾਮਾ ਲਿਖਕੇ ਮੇਰੇ ਹਵਾਲੇ ਕਰ ਦੇਵੋ ਜੋ ਮੈਂ ਆਪਣੇ ਮੁਸਲਮਾਨ ਦੀਨੀ ਭਰਾਵਾਂ ਨੂੰ ਦਿਖਾਕੇ ਨਿਕਲ [illegible] ਲੁਵਾਂ।

ਚਪਲਾ—ਪਤ[illegible]

ਚੰਦ੍ਰਕਾਂਤਾ—ਕਿਥੇ ਐਥੇ ਕੰਮ ਹੋ ਜਾਨ ਉਤੇ ਮੁਸਲਮਾਨੀ

ਚਪਲਾ—ਘੰਟੇ ਤੋਂ ਵਧੀਕ ਹੋਗਿਆ। ਲਿਖਕੇ ਨਾਜਮ [illegible] ਕਿ ਵਿਛੜੀ ਹੈ।

ਚਦ੍ਰਕਾਂਤਾ—ਦੇਖ ਔਹ ਆ ਰਹੀ ਹੈ।

ਚਪਲਾ—ਐਸ ਵੇਲੇ ਤਾਂ ਏਸਦੀ ਚਾਲ ਵਿਚ ਫਰਕ ਮਲੂਮ

CC-0. Kashmir Research Institute. Digitized by eGangotri

ਗਲ ਦਾ ਹੋ ਜਾਨਾ ਚਾਹੀਏ ਕਿ ਤੁਹਾਡੇ ਰਾਜਾ ਹੋ ਜਾਨ ਤੇ ਅਸੀਂ ਦੋਵੇਂ ਬਜੀਰ ਕੀਤੇ ਜਾਈਏ ਬਸ ਫਰ ਸਾਡੀ ਚਾਲਾਕੀ ਦਾ ਤਮਾਸ਼ਾ ਦੇਖੋ ਕਿ ਅੱਖ ਦੇ ਪਲਕਾਰੇ ਵਿਚ ਕਿਹਾ ਕੁ ਜਮਾਨਾ ਉਲਟ ਪੁਲਟ ਕਰ ਦੇਂਦਾ ਹਾਂ।

ਕੂਰ ਸਿੰਘ ਨੇ ਓਨਾਂ ਏਯਾਰਾਂ ਦੇ ਕਹੇ ਅਨੁਸਾਰ ਏਸ ਗਲ ਦਾ ਭੀ ਇਕਰਾਰ ਨਾਮਾ ਲਿਖਕੇ ਓਨਾਂ ਦੇ ਹਵਾਲੇ ਕਰ ਦਿਤਾ ਜਿਸ ਨਾਲ ਓਹ ਬਹੁਤ ਖੁਸ਼ ਹੋ ਪਏ॥

ਨਾਜ਼ਮ ਨੇ ਕਿਹਾ ਕਿ ਹੁਣ ਅਸੀਂ ਚੰਦ੍ਰਕਾਂਤਾ ਦੇ ਹਾਲ ਹਾਲ ਦੀ ਖਬਰ ਲੈਣ ਜਾਂਦੇ ਹਾਂ ਕਿਉਂਕਿ ਏਹ ਸੰਧਯਾ ਦਾ ਵੇਲਾ ਬਹੁਤ ਹੁੰਦਾ ਹੈ, ਚੰਦ੍ਰਕਾਂਤਾ ਜਰੂਰ ਬਾਗ ਵਿਚ ਗਈ ਹੋਵੇਗੀ, ਹਛਾ ਅਰ ਆਪਣੀ ਸਖੀ ਸਹੇਲੀ ਚਪਲਾ ਨਾਲ ਆਪਣੀ ਬਿਰਹ ਕਹਾਣੀ ਕਹਿੰਦੀ ਹੋਵੇਗੀ ਏਸ ਲਈ ਏਸ ਗਲ ਦਾ ਪਤਾ ਲਾਉਣਾ ਕੋਈ ਮਸ਼ਕਲ ਨਾ ਹੋਵੇਗਾ ਕਿ ਅਜ ਕਲ ਬੀਰੇਂਦ੍ਰ ਸਿੰਘ ਅਤੇ ਚੰਦ੍ਰਕਾਂਤਾ ਵਿਚ ਕੀ ਗਲ ਬਾਤ ਹੋ ਰਹੀ ਹੈ। ਏਹ ਕਹਕੇ ਦੋਵੇਂ ਏਯਾਰ ਕੂਰ ਸਿੰਘ ਕੋਲੋਂ ਵਿਦਾ ਹੋ ਗਏ।

ਤੀਸਰਾ ਕਾਂਡ

ਕੁਛ ਕੁਛ ਦਿਨ ਬਾਕੀ ਨੇ [illegible] ਕਿਸਤਰਾਂ ਗਜਾਰਾ ਬਾਗ ਵਿਚ ਟੈਹਲ [illegible] ਪਛੋਂ ਮਹਾਰਾਜ ਮੇਰੇ ਮਾਂ ਪਿਉ ਦੀ ਹਵਾ[illegible] ਕਰਨ ਗੇ ? ਏਸ ਲਈ ਏਹੀ ਚੰਗਾ ਹੈ ਕਿ ਪਹਿਲੇ ਚੰਦ੍ਰ ਸਿੰਘ ਅਤੇ ਓਸਦੇ ਏਯਾਰ ਤੇਜ ਸਿੰਘ ਨੂੰ ਫੜਕੇ [illegible] ਐਸੀ ਜਗਾ ਸੁਟਿਆ ਜਾਵੇ ਜਿਥੋਂ ਲਭਣ ਵਿਚ ਜਰਾ ਭਰ

CC-0. Kashmir Research Institute. Digitized by eGangotri

ਰੀਆਂ ਤੇ ਛਿੜਕਾਉ ਹੋਇਆ ੨ ਹੈ ਫੁਲਾਂ ਦੇ ਬੂਟੇ ਤ
ਪਾਣੀ ਨਾਲ ਧੋਤੇ ਹੋਏ ਹਨ। ਕਿਤੇ ਗੁਲਾਬ ਕਿਤੇ ਗੇਂਦਾ, ਕਿਤੇ
ਬੇਲਾ ਅਰ ਕਿਤੇ ਮੋਤੀਆ, ਕਿਤੇ ਜੂਹੀ ਦੀਆਂ ਕਿਆਰੀਆਂ
ਆਪਨਾ ੨ ਮਜ਼ਾ ਦੇ ਰਹੀਆਂ ਹਨ, ਇਕ ਪਾਸੇ ਬਾਗ ਦੇ ਮਹਲ
ਅਰ ਦੁਸਰੇ ਪਾਸੇ ਦੋ ਸੁੰਦਰ ਬੁਰਜੀਆਂ ਆਪਣੀ ਹੀ ਬਹਾਰ
ਦਿਖਾ ਰਹੀਆਂ ਹਨ। ਚਪਲਾ ਜੋ ਚਲਾਕੀ ਦੇ ਫਨ ਵਿਚ
ਬੜੀ ਤੇਜ ਅਰ ਚੰਦਰਕਾਂਤਾ ਦੀ ਪਿਆਰੀ ਸਖੀ ਹੈ ਆਪਣੇ
ਚੰਚਲ ਹਾਵ ਭਾਵ ਨਾਲ ਚੌਂਹੀ ਪਾਸੀ ਚੰਦਰਕਾਂਤਾ ਨੂੰ ਨਾਲ
ਲਈ ਭੌਂਦੀ ਅਰ ਸੋਹਣੇ ੨ ਫੁਲ ਤੋੜਕੇ ਓਨਾਂ ਦੀ ਉਸਤਤ
ਕਰਕੇ ਚੰਦ੍ਰਕਾਂਤਾ ਦੇ ਹਥ ਦੇ ਰਹੀ ਹੈ, ਪਰ ਚੰਦ੍ਰਕਾਂਤਾ ਨੂੰ
ਬੀਰੇਂਦਰ ਸਿੰਘ ਦੀ ਜੁਦਾਈ ਵਿਚ ਏਹ ਗੱਲਾ ਕਦ ਚੰਗੀਆਂ
ਲਗਦੀਆਂ ਸਨ, ਉਸਨੂੰ ਤਾਂ ਦਿਲ ਪਰਚਾਉਨ ਵਾਸਤੇ
ਉਸਦੀਆਂ ਸਖੀਆਂ ਬਦੋਬਦੀ ਨਾਲ ਲੈ ਆਈਆਂ ਸਨ॥

ਚੰਦ੍ਰਕਾਂਤਾ ਦੀ ਸਖੀ ਚੰਪਾ ਗੁਛਾ ਬਨਾਉਣ ਵਾਸਤੇ ਫੁਲ
ਤੋੜਦੀ ੨ ਬੇਲੇ ਦੇ ਝੁੰਡ ਵਿਚ ਚਲੀ ਗਈ, ਪਰ ਚੰਦ੍ਰਕਾਂਤਾ
ਅਤੇ ਚਪਲਾ ਹੌਸੀ ੨ ਫਿਰਦੀਆਂ ਹੋਈਆਂ ਫੁਆਰੇ ਦੇ ਪਾਸ
ਜਾ ਪਹੁੰਚੀਆਂ ਅਰ ਓਸਦੀਆਂ ਚੱਕਰਦਾਰ ਟੂਟੀਆਂ ਵਿਚੋਂ
ਨਿਕਲ ਦੇ ਹੋਏ ਪਾਣੀ ਦਾ ਤਮਾਸ਼ਾ ਦੇਖਣ ਲਗ ਪਈਆ॥

ਚਪਲਾ—ਪਤਾ ਨਹੀਂ ਜੋ ਚੰਪਾ ਕਿਥੇ ਚਲੀ ਗਈ ?

ਚੰਦ੍ਰਕਾਂਤਾ—ਕਿਥੇ ਐਥੇ ਹੀ ਫਿਰਦੀ ਹੋਏਗੀ॥

ਚਪਲਾ—ਘੰਟੇ ਤੋਂ ਵਧੀਕ ਹੋਗਿਆ ਹੈ ਕਿ ਓਹ ਸਾਥੋਂ
ਵਿਛੜੀ ਹੈ।

ਚਦ੍ਰਕਾਂਤਾ—ਦੇਖ ਔਹ ਆ ਰਹੀ ਹੈ।

ਚਪਲਾ—ਐਸ ਵੇਲੇ ਤਾਂ ਏਸਦੀ ਚਾਲ ਵਿਚ ਫਰਕ ਮਲੂਮ

CC-0. Kashmir Research Institute. Digitized by eGangotri

ਹੁੰਦਾ ਹੈ ॥

ਏਤਨੇ ਵਿਚ ਚੰਪਾ ਨੇ ਆਕੇ ਇਕ ਗੁਛਾ ਫੁਲਾਂ ਦਾ ਚੰਦ੍ਰਕਾਂਤਾ ਦੇ ਹੱਥ ਦਿਤਾ ਅਰ ਕਿਹਾ ਕਿ ਦੇਖੋ ਕੇਹਾ ਸੋਹਣਾ ਗੁਛਾ ਬਨਾ ਲਿਆਈ ਹਾਂ ਜੇ ਏਸ ਵੇਲੇ ਕੋਰ ਬੀਰੇਂਦਰ ਸਿੰਘ ਹੁੰਦੇ ਤਾਂ ਏਸ ਨੂੰ ਦੇਖਕੇ ਮੇਰੀ ਕਾਰੀਗਰੀ ਦੀ ਵਡਿਆਈ ਕਰਦੇ, ਅਤੇ ਮੈਨੂੰ ਬਹੁਤ ਸਾਰਾ ਇਨਾਮ ਦੇਂਦੇ ॥

ਅਚਾਨਕ ਬੀਰੇਂਦਰ ਸਿੰਘ ਦਾ ਨਾਮ ਸੁਣਕੇ ਚੰਦ੍ਰਕਾਂਤਾ ਦਾ ਅਜਬ ਹਾਲ ਹੋਗਿਆ, ਭੁਲੀ ਹੋਈ ਗਲ ਫੇਰ ਚੇਤੇ ਆਗਈ, ਚੰਦ ਵਰਗਾ ਮੁੰਹ ਕੁਮਲਾ ਗਿਆ, ਠੰਢੇ ਸਾਹ ਭਰਨ ਲਗ ਪਈ, ਅੱਖਾਂ ਵਿਚੋਂ ਹੰਝੂ ਕਿਰਨ ਲਗ ਪਏ. ਅਤ ਹੌਲੀ ੨ ਏਹ ਬੁੜ ਬੜਾਉਨ ਲਗ ਪਈ, "ਪਤਾ ਨਹੀਂ ਵਿਧਾਤਾ ਨੇ ਮੇਰੇ ਭਾਗਾਂ ਵਿਚ ਕੀ ਲਿਖ ਦਿਤਾ ਹੈ, ਪਤਾ ਨਹੀਂ ਜੋ ਮੈ ਪਿਛਲੇ ਜਨਮ ਵਿਚ ਕੀ ਪਾਪ ਕੀਤੇ ਹਨ ਕਿ ਜਿਨ੍ਹਾਂ ਦੇ ਬਦਲੇ ਏਹ ਦੁਖ ਭੋਗਨਾ ਪਿਆ ਹੈ। ਦੇਖੋਂ ਪਿਤਾ ਜੀ ਨੂੰ ਕੀ ਵੈਹਮ ਹੋਗਿਆ ਹੈ, ਓਹ ਕਹਿੰਦੇ ਹਨ ਕਿ ਚੰਦ੍ਰਕਾਂਤਾ ਨੂੰ ਕਵਾਰੀ ਹੀ ਰਖਨਾਂ ਹੈ ਹਾਏ! ਬੀਰੇਂਦਰ ਸਿੰਘ ਦੇ ਪਿਤਾ ਨੇ ਵਿਆਹ ਵਾਸਤੇ ਕਿੰਨਾਂ ਜੋਰ ਲਾਇਆ ਹੈ ਕਿੰਨੀਆਂ ਮਿੰਨਤਾਂ ਖੁਸ਼ਾਮ ਦਾਂ ਕੀਤੀਆਂ ਹਨ ਪਰ ਓਸ ਦੁਸ਼ਟ ਕੂਰ ਦੇ ਪਿਉ ਕੁਪੱਖ ਸਿੰਘ ਨੇ ਉਨ੍ਹਾਂ ਨੂੰ ਅਜੇਹਾ ਆਪਣੇ ਵਸ ਵਿਚ ਕਰ ਰਖਿਆ ਹੈ ਕ ਕੋਈ ਕੰਮ ਹੋਣ ਹੀ ਨਹੀਂ ਦੇਂਦਾ, ਅਰ ਕੂਰ ਸਿੰਘ ਮੈਨੂੰ ਆਪਣੀ ਹੀ ਲੱਸੀ ਲਾਉਣੀ ਚਾਹੁੰਦਾ ਹੈ" ! ਅਚਾਨਕ ਚਪਲਾ ਨੇ ਚੰਦ੍ਰਕਾਂਤਾ ਦਾ ਹੱਥ ਫੜਕੇ ਦਬਾਯਾ ਅਰ ਚੁਪ ਕਰਨ ਦਾ ਇਸ਼ਾਰਾ ਕੀਤਾ ॥

ਚਪਲਾ ਦੇ ਇਸ਼ਾਰੇ ਨੂੰ ਚੰਦ੍ਰਕਾਂਤਾ ਸਮਝ ਗਈ ਅਰ ਚੁਪ

CC-0. Kashmir Research Institute. Digitized by eGangotri

ਹੋਗਈ ਚਪਲਾ ਦਾ ਹਥ ਫੜਕੇ ਬਾਗ ਵਿਚ ਟੈਹਲਣ ਲਗ ਪਈ, ਜਾਣ ਬੁਝਕੇ ਆਪਣਾ ਰੁਮਾਲ ਓਥੇ ਹੀ ਸੁਟ ਗਈ, ਜਦ ਕੁਝ ਅਗਾਹਾਂ ਨਿਕਲ ਗਈਆਂ ਤਾਂ ਚੰਪਾ ਨੂੰ ਕਿਹਾ, ਸਖੀ ਦੇਖ ਤਾਂ ਸਹੀ ਫੁਹਾਰੇ ਦੇ ਪਾਸ ਮੇਰਾ ਰੁਮਾਲ ਤਾਂ ਨਹੀਂ ਭਿਗਾ ਪਿਆ ॥

ਚੰਪਾ ਰੁਮਾਲ ਦੇਖਣ ਫੁਹਾਰੇ ਵਲ ਚਲੀ ਗਈ ਤਾਂ ਚੰਦਰਕਾਂਤਾ ਨੇ ਚਪਲਾ ਤੋਂ ਪੁਛਿਆ ਸਖੀ ਤੂੰ ਮੈਨੂੰ ਬੋਲਣੋਂ ਕਿਉ ਰੋਕਿਆ ?

ਚਪਲਾ ਨੇ ਕਿਹਾ ਮੇਰੀ ਪਿਆਰੀ ਸਖੀ ! ਮੈ ਕੁਛ ਚੰਪਾਨੂੰ ਤੇ ਸ਼ਕ ਜੇਹਾ ਹੈ ਓਸ ਦੀਆਂ ਗੱਲਾਂ ਅਤੇ ਰੰਗ ਢੰਗ ਤੋਂ ਮਲੂਮ ਹੁੰਦਾ ਹੈ ਕਿ ਏਹ ਅਸਲੀ ਚੰਪਾ ਨਹੀਂ ਹੈ ।

ਏਤਨੇ ਨੂੰ ਆਕੇ ਚੰਪਾ ਨੇ ਰੁਮਾਲ ਚੰਦਰਕਾਂਤਾ ਦੇ ਹਥ ਵਿਚ ਦੇ ਦਿਤਾ, ਅਰ ਚਪਲਾ ਨੇ ਚੰਪਾ ਨੂੰ ਪੁਛਿਆ ਸਖੀ ਕਲ ਰਾਤ ਜੋ ਕੰਮ ਮੈ ਤੈਨੂ ਕਿਹਾ ਸੀ ਤੂੰ ਓਹ ਕੀਤਾ ਹੈ ਕਿ ਨਹੀਂ ? ਚੰਪਾ ਬੋਲੀ ਨਹੀ ਮੈਂ ਤਾ ਉਹ ਭੁਲ ਗਈ, ਤਾਂ ਫੇਰ ਚਪਲਾ ਨੇ ਕਿਹਾ ਕਿ ਭਲਾ ਓਹ [illegible] ਤਾਂ ਯਾਦ ਹੈ ? ਜਾਂ ਓਹ ਭੀ ਭੁਲ ਗਈ ਸੀ ਤਾਂ ਚੰਪਾ ਨੇ ਕਿਹਾ ਹਾਂ ਓਹ ਤਾਂ ਯਾਦ ਹੈ, ਚਪ[illegible] ਬੋਲੀ ਭਲਾ ਮੈਨੂ ਸੁਨਾ ਤਾਂ ਸਹੀ ਮੈਂ ਦੇਖਾਂ ਤੈਨੂੰ ਯਾਦ ਹੈ ਕਿ ਨਹੀਂ ?

ਓਸ ਗਲ ਦਾ ਜਵਾਬ ਨਾ ਦੇਕੇ ਚੰਪਾ ਨੇ ਦੂਸਰੀ ਹੀ ਗਲ ਛੇੜ ਦਿਤੀ ਜਿਸ ਨਾਲ ਸ਼ਕ ਦੀ ਥਾਂ ਯਕੀਨ ਹੋਗਿਆ ਕਿ ਏਹ ਅਸਲੀ ਚੰਪਾ ਨਹੀਂ ਹੈ, ਚਪਲਾ ਨੇ ਕਿਹਾ ਕਿ ਹਛਾ ਮੈਂ ਤੈਨੂੰ ਇਕ ਗਲ ਕੈਹਨੀ ਹਾਂ ਉਰੇ ਆ, ਏਹ ਕਹਕੇ ਚੰਪਾ ਨੂੰ ਇਕ ਪਾਸੇ ਲੈ ਗਈ ਅਰ ਐਵੇ ਕੁਝ ਮਾਮੂਲੀ ਗਲ ਕੈਹ

CC-0. Kashmir Research Institute. Digitized by eGangotri

ਬੋਲੀ ਸਖੀ ਦੇਖ ਤਾਂ ਸਹੀ ਮੇਰੇ ਕੰਨ ਵਿਚੋਂ ਕੁਝ ਬੋ ਤਾਂ ਨਹੀਂ ਆਉਂਦੀ ਕਿਉਂਕਿ ਕਲ ਦੀ ਮੇਰੇ ਕੰਨ ਵਿਚ ਪੀੜ ਪਈ ਹੁੰਦੀ ਹੈ, ਨਕਲੀ ਚੰਪਾ ਚਪਲਾ ਦੇ ਧੋਖੇ ਵਿਚ ਆ ਗਈ ਅਰ ਝਟ ਕੰਨ ਸੁੰਘ ਲਿਆ, ਚਪਲਾ ਨੇ ਚਾਲਾਕੀ ਨਾਲ ਬੇਹੋਸ਼ੀ ਦੀ ਤੋਜ ਦਵਾ ਕੰਨ ਵਿਚ ਰਖੀ ਹੋਈ ਸੀ ਜਿਸਨੂੰ ਸੁੰਘਦਿਆਂ ਹੀ ਚੰਪਾ ਬੇਹੋਸ਼ ਹੋਕੇ ਡਿਗ ਪਈ॥

ਚਪਲਾ ਨੇ ਚੰਦਰਕਾਂਤਾ ਨੂੰ ਵਾਜ ਮਾਰਕੇ ਕਿਹਾ, 'ਆਓ ਸਖੀ ਆਪਣੀ ਚੰਪਾ ਦਾ ਹਾਲ ਦੇਖੋ, ਚੰਦਰਕਾਂਤਾ ਨੇ ਪਾਸ ਆਕੇ ਚੰਪਾ ਨੂੰ ਬੇਹੋਸ਼ ਪਈ ਹੋਈ ਦੇਖਿਆ ਅਤੇ ਚਪਲਾ ਨੂੰ ਕਿਹਾ ਕਿ ਅਜੇਹਾ ਨਾ ਹੋ ਕਿ ਤੇਰਾ ਧੋਖਾ ਧੋਖਾ ਹੀ ਨਿਕਲੇ ਅਰ ਪਿਛੋਂ ਚੰਪਾ ਤੋਂ ਸ਼ਰਮਿੰਦਿਆਂ ਹੋਣਾ ਪਏ, 'ਨਹੀਂ ਏਹ ਕਦੇ ਨਹੀ ਹੋ ਸਕਦਾ" ਏਹ ਕਹਕੇ ਚਪਲਾ ਨੇ ਚੰਪਾ ਨੂੰ ਪਿਠ ਉਤੇ ਲਦ ਲਿਆ, ਅਰ ਫੁਹਾਰੇ ਦੇ ਪਾਸ ਰਖਕੇ ਚੰਦ੍ਰਕਾਂਤਾ ਨੂੰ ਕਿਹਾ ਕਿ ਤੂੰ ਫਹਾਰੇ ਵਿਚੋਂ ਚੁਲੀਆ ਭਰ ੨ ਕੇ ਏਸਦੇ ਮੂਹ ਤੇ ਪਾ ਮੈਂ ਏਸਦਾ ਮੂਹ ਧੋਦੀ ਹਾਂ ਚੰਦਰਕਾਂਤਾ ਨੇ ਓਸੇ ਤਰਾਂ ਕੀਤਾ, ਅਰ ਚਪਲਾ ਖੂਬ ਰਗੜ ੨ ਕੇ ਓਸਦਾ ਮੂਹ ਧੋਣ ਲਗ ਪਈ, ਥੋੜੇ ਚਿਰ ਵਿਚ ਹੀ ਓਸਦੀ ਸ਼ਕਲ ਬਦਲ ਕੇ ਸਾਫ ਨਾਜਮ ਦੀ ਸੂਰਤ ਨਿਕਲ ਆਈ, ਦੇਖਦਿਆਂ ਹੀ ਚੰਦਰਕਾਂਤਾ ਦਾ ਮੂਹ ਗੁਸੇ ਨਾਲ ਲਾਲ ਹੋਗਿਆ ਅਰ ਕ੍ਰੋਧ ਭਰੀ ਅਵਾਜ ਵਿਚ ਬੋਲੀ "ਸਖੀ ਏਸਨੇ ਤਾਂ ਬੜੀ ਭਾਰੀ ਬੇਅਦਬੀ ਕੀਤੀ ਹੈ।"

"ਦੇਖ ਤਾਂ ਸਹੀ ਹੁਣ ਮੈਂ ਕੀ ਕਰਦੀ ਹਾਂ" ਏਹ ਕਹਕੇ ਚਪਲਾ ਮੇ ਫੇਰ ਨਾਜਮ ਨੂ ਪਿਠ ਉਤੇ ਲਦ ਲਿਆ ਅਰ ਬਾਗ ਦੀ ਇਕ ਨੁਕਰ ਵਲ ਜਿਥੇ ਬੁਰਜ ਦੇ ਹੇਠਾਂ ਇਕ

CC-0. Kashmir Research Institute. Digitized by eGangotri

ਕ ਦੋ ਕਪੜੇ ਲੈਕੇ ਚਪਲਾ ਨੇ ਚੰਪਾ ਦਾ ਬਦਨ ਢਕਿਆ
ਕਿਹਾ ਕਿ ਮੇਰੇ ਨਾਲ ਆ ਮੈਂ ਤੈਨੂੰ ਓਹ ਆਦਮੀ ਦਿਖਾਉਂਦੀ
ਜਿਸਨੇ ਤੇਰਾ ਏਹ ਹਾਲ ਕੀਤਾ ਹੈ। ਚੰਪਾ ਨੂੰ ਨਾਲ ਲੈਕੇ
ਓਥੇ ਆਈ ਜਿਥੇ ਨਾਜ਼ਮ ਅਰ ਚੰਦ੍ਰਕਾਂਤਾ ਸਨ।

ਨਾਜ਼ਮ ਵਲ ਸੈਨਤ ਕਰਕੇ ਚਪਲਾ ਨੇ ਚੰਪਾ ਨੂੰ ਕਿਹਾਕਿ
ਨੇ ਏਹ ਨੇਕੀ ਤੇਰੇ ਨਾਲ ਕੀਤੀ ਹੈ। ਚੰਪਾ ਨੂੰ ਨਾਜ਼ਮ ਦੀ
ਦੇਖਕੇ ਤਾਂ ਓਹਦਾ ਗੁਸਾ ਆਯਾ ਅਰ ਚਪਲਾ ਨੂੰ ਕਿਹ ਭੈਣ
ਹੇ ਤਾਂ ਮੈਂ ਭੀ ਦੋ ਚਾਰ ਕੋਰੜੇ ਲਾਕੇ ਆਪਣਾ ਗੁਸਾ
ਲਵਾਂ ?

ਚਪਲਾ ਨੇ ਕਿਹਾ ਹਾਂ ੨ ਜਿਤਨੀਆਂ ਜੀਚਾਹੇ ਏਸ ਮੁਰਦੇਨੂੰ
ਈਆਂ ਲਾ ਲੈ, ਬਸ ਫੇਰ ਕੀ ਸੀ ਚੰਪਾ ਨੇ ਰਜਕੇ ਨਾਜ਼ਮ
ਕੁਟਿਆ। ਨਾਜ਼ਮ ਘਬਰਾ ਉਠਿਆ ਅਰ ਜੀ ਵਿਚ ਕੈਹਣ
ਗਾ "ਖੁਦਾ ਕੂਰ ਸਿੰਘ ਨੂੰ ਗਾਰਤ ਕਰੇ ਜਿਸ ਪਿਛੇ ਮੇਰਾ
ਹਾਲ ਹੋਇਆ ਹੈ"।

ਨਾਜ਼ਮ ਨੂੰ ਓਸੇ ਤਹਖਾਨੇ ਵਿਚ ਬੰਦ ਕਰਕੇ ਤਿੰਨੇ
ਈਆਂ ਮਹਲ ਵਲ ਤੁਰ ਪਈਆਂ।

ਏਹ ਛੋਟਾ ਜੇਹਾ ਬਾਗ ਜਿਸ ਵਿਚ ਉਪਰ ਲਿਖੀਆਂ ਗਲਾਂ
ਈਆਂ ਹਨ ਮਹਲ ਦੇ ਪਿਛਵਾੜੇ ਵਲ ਸੀ ਏਹ ਕੇਵਲ
ਕਾਂਤਾ ਦੇ ਹਵਾ ਖਾਣ ਲਈ ਬਨਵਾਇਆ ਗਿਆ ਸੀ ਏਸਦੇ
ਤੇ ਪਾਸੇ ਮੁਸਲਮਾਨਾ ਦਾ। ਪੈਹਰਾ ਸੀ ਏਸੇ ਹੀ ਕਰਕੇ
ਸਮ ਅਰ ਐਹਮਦ ਨੂੰ ਆਪਣਾ ਕੰਮ ਕਰਨ ਦਾ ਚੰਗਾ
ਮਿਲ ਗਿਆ ਸੀ।

CC-0. Kashmir Research Institute. Digitized by eGangotri

ਚੌਥਾ ਕਾਂਡ

ਤੇਜ ਸਿੰਘ ਬੀਰੇਂਦ੍ਰ ਸਿੰਘ ਤੋ ਵਿਦਾ ਹੋਕੇ ਬਿਜੇ
ਪਹੁੰਚੇ ਅਰ ਚੰਦ੍ਰਕਾਂਤ ਨੂ ਮਿਲਨ ਦੀ ਕੋਸ਼ਿਸ਼ ਕਰਨ
ਪਰ ਕੋਈ ਤਰਕੀਬ ਨਾ ਅਹੁੜੀ ਕਿਉਂਕਿ ਪੈਹਰੇ ਵਾਲੇ
ਹੁਸ਼ਿਆਰੀ ਨਾਲ ਪੈਹਰਾ ਦੇ ਰਹੇ ਸਨ, ਤੇਜ ਸਿੰਘ ਸੋਚਨ
ਕਿ ਹੁਣ ਕੀ ਕਰਨਾ ਚਾਹੀਏ ? ਰਾਤ ਚਾਂਦਨੀ ਹੈ ਜੇ ਹਨ
ਦੀ ਤਾਂ ਕਮੰਦ ਲਾਕੇ ਮਹਲ ਦੇ ਉਪਰ ਜਾਨਦੀ ਕੋਸ਼ਿਸ਼ ਕਰ

ਆਖਰ ਤੇਜ ਸਿੰਘ ਨਵੇਕਲੇ ਜਾਕੇ ਇਕ ਚੌਬਦਾਰ
ਸੂਰਤ ਬਨ ਮਹਲ ਦੀ ਡਿਉੜੀ ਉਤੇ ਆਏ, ਦੇਖਿਆ
ਬਹੁਤ ਸਾਰੇ ਚੋਬਦਾਰ ਤੇ ਪਿਆਦੇ ਬੈਠੇ ਪੈਹਰਾ ਦੇ ਰਹੇ
ਇਕ ਚੋਬਦਾਰ ਨੂ ਕਿਹਾ ਯਾਰ ਅਸੀਂ ਭੀ ਸਰਕਾਰੀ ਨੌ
ਹਾਂ, ਏਸ ਵੇਲੇ ਛੁਟੀ ਸੀ, ਚਾਂਦਨੀ ਰਾਤ ਦਾ ਮਜ਼ਾ ਲੈਂਦੇ
ਟਹਲ ਦੇ ੨ ਏਥੇ ਆ ਪਹੁੰਚੇ ਹਾਂ, ਤੁਹਾਨੂ ਤ
ਪੀਂਦਿਆਂ ‡ ਦੇਖਕੇ ਜੀ ਵਿਚ ਆਇਆ ਕਿ ਚਲੋ ਅਸੀ
ਦੋ ਘੁਟ ਲੈ ਲਈਏ, ਅਫੀਮ ਖਾਣ ਵਾਲ ਨੂੰ ਜੇਹੀ ਤਮਾ
ਸੌਹਕ ਆਉਂਦੀ ਹੈ ਆਪ ਚੰਗੀ ਤਰਾਂ ਜਾਣਦੇ ਹੋ ।

ਹਾਂ ਹਾਂ ! ਆਉ ਬੈਠੋ ਤਮਾਕੂ ਪੀਓ ਏਹ ਕੈਹਕੇ ਚੋਬ
ਅਰ ਪਿਆਦਿਆਂ ਨੇ ਹੁਕਾ ਤੇਜ ਸਿੰਘ ਦੇ ਅਗੇ ਰ
ਰਖਿਆ, ਤੇਜ ਸਿੰਘ ਨੇ ਕਹਾ ਕਿ ਮੈਂ ਹਿੰਦੂ ਹਾਂ ਹੁਕਾ ਤਾਂ ਨ

---

‡ ਅਸੀ ਪਿਛੇ ਲਿਖ ਚੁਕੇ ਹਾਂ ਕਿ ਛਤਰੀ, ਰਾਜਪੂਤ ਨ
ਦੇ ਨਾਮ ਭੀ ਪਿਛਲੇ ਜਮਾਨੇ ਵਿਚ ਸਿੰਘ ਹੀ ਹੁੰਦੇ ਸਨ ਪਰ
ਬਾਹੁਕੇ ਸਿੰਘਾਂ ਵਾਂਗ ਕੇਸ਼ਾ ਧਾਰੀ ਨਹੀਂ ਸਨ ਏਸ ਲਈ ਕੋਈ
ਤਮਾਕੂ ਆਦਿਕ ਭੀ ਪੀ ਲੈਂਦੇ ਸਨ ।

CC-0. Kashmir Research Institute. Digitized by eGangotri

ਪੀ ਸਕਦ ਾਹਾਂ ਚਿਲਮ ਹਥ ਨਾਲ ਪੀ ਲਵਾਂਗਾ ਏਹ ਕਹਿਕੇ ਚਿਲਮ ਲਾਹਕੇ ਪੀਣ ਲਗ ਪਿਆ।

ਦੋ ਘੁਟ ਵੀ ਤਮਾਕੂ ਦੇ ਨਹੀ ਭਰੇ ਸਨਕਿ ਖੰਘਨਾਸ਼ੁਰੂ ਕਰ ਦਿਤਾ ਐਤਨਾ ਖੰਘਿਆ ਕਿ ਥੋੜਾ ਜੇਹਾ ਪਾਣੀ ਭੀ ਮੂੰਹ ਵਿਚੋਂ ਕਢ ਦਿਤਾ, ਅਰ ਕਿਹਾ ਕਿ ਮੀਆਂ ਤੁਸੀ ਕੇਹਾ ਭੈੜਾ ਕੋੜਾ ਤਮਾਕੂ ਪੀਂਦੇ ਹੋ, ਮੈਂ ਤਾਂ ਸਦਾ ਹੀ ਸਰਕਾਰੀ ਤਮਾਕੂ ਪੀਂਦਾ ਹਾਂ, ਮਹਾਰਾਜ ਦੇ ਹੁਕੇ ਬਰਦਾਰ ਨਾਲ ਮਿਤ੍ਰਤਾ ਹੋਗਈ ਹੈ ਓਹ ਸਦਾ ਮੈਨੂ ਮਹਾਰਾਜ ਦੇ ਪੀਣ ਵਾਲਾ ਤਮਾਕੂ ਦੇ ਦਿੰਦਾ ਹੈ, ਹੁਣ ਏਹੋ ਜੇਹੀ ਆਦਤ ਪੈ ਗਈ ਹੈ ਕਿ ਸਿਵਾਏ ਉਸ ਤਮਾਕੂ ਦੇ ਹੋਰ ਕੋਈ ਤਮਾਕੂ ਚਙਾ ਹੀ ਨਹੀਂ ਲਗਦਾ।"

ਛੇਕੜ ਤੇਜ ਸਿੰਘ ਜ ਚੋਬਦਾਰ ਬਣਿਆ ਹੋਇਆ ਸੀ ਆਪਣੇ ਬਟੂਏ ਵਿਚੋਂ ਇਕ ਚਿਲਮ ਤਮਾਕੂ ਦੀ ਕਢਕੇ ਦਿਤੀ ਅਰ ਕਿਹਾ ਕਿ ਲਓ ਤੁਸੀਂ ਭੀ ਦੇਖ ਲੋ ਕੇਹਾ ਸੋਹਣਾ ਤਮਾਕੂ ਹੈ॥

ਭਲਾ ਵਿਚਾਰੇ ਚੋਬਦਾਰਾਂ ਨੇ ਮਹਾਰਾਜ ਦੇ ਪੀਣ ਦਾ ਤਮਾਕੂ ਕਦੇ ਕਾਹਨੂ ਪੀਤਾ ਹੋਣਾ ਹੈ ? ਝਟ ਹਥ ਟਤ ਦਿਤੇ ਤੇ ਕਿਹਾ ਲਿਆਓ ਅਸਾਂ ਭੀ ਤੇਰੇ ਪਿਛੇ ਸਰਕਾਰੀ ਤਮਾਕੂ ਦਾ ਮਜ਼ਾ ਲੈ ਲਈਏ, ਯਾਰ ਤੂ ਬ ਾ ਭਾਗਾਂ ਵਾਲਾ ਹੈ ਜੋ ਸਦਾ ਮਹਾਰਾਜ ਦੇ ਨਾਲ ਰਹਿੰਦਾ ਹੈ। ਇਹ ਕਹਿਕੇ ਨਕਲੀ ਚੋਬਦਾਰ (ਤੇਜ ਸਿੰਘ) ਦੇ ਹਥੋਂ ਤਮਾਕੂ ਲੈ ਲਿਆ ਅਤੇ ਖੂਬ ਡਬਲ ਜਮਾਕੇ ਸਾਹਮਣੇ ਲੈ ਆਏ।

ਤੇਜ ਸਿੰਘ ਨੇ ਕਿਹਾ ਤੁਸੀ ਚਲਾਓ ਮੈਂ ਭੀ ਪੀ ਲਵਾਂਗਾ ਹੁਣ ਹੁਕਾ ਭੀ ਗੁਝ ਗੁੜਾਨ ਲਗਾ ਤੇ ਨਾਲੇ ਹੀ ਗਪਾਂ ਵਜਨ ਲਗ ਪਈਆਂ। ਥੋੜੇ ਚਿਰ ਵਿਚ ਹੀ ਸਭ ਚੋਬਦਾਰ ਤੇ ਪਿਆ-

CC-0. Kashmir Research Institute. Digitized by eGangotri

ਦਿਆ ਦਾ ਸਿਰ ਘੁਮਣ ਲਗ ਪਿਆ ਏਥੋਂ ਤਕ ਕਿ ਸਭ ਝੁਕਦੇ ਝੁਕਦੇ ਪੁਠੇ ਹੋਕੇ ਡਿਗ ਪਏ ਅਰ ਬੇਹੋਸ਼ ਹੋ ਗਏ।

ਹੁਣ ਕੀ ਸੀ ਬੜੀ ਅਸਾਨੀ ਨਾਲ ਤੇਜ ਸਿੰਘ ਹੋਰੀਂ ਫਾਟਕ ਦੇ ਅੰਦਰ ਘੁਸ ਗਏ, ਅਰ ਨਜਰ ਬਾਗ ਵਿਚ ਪਹੁੰਚ ਗਏ, ਦੇਖਿਆ ਕਿ ਹਥ ਵਿਚ ਮੋਮ ਬਤੀ ਜਗਾਈ ਇਕ ਦਾਸੀ ਤੁਰੀ ਆਉਂਦੀ ਹੈ, ਤੇਜ ਸਿੰਘ ਨੇ ਫੁਰਤੀ ਨਾਲ ਪਾਸ ਜਾਕੇ ਉਸਦੇ ਗਲ ਵਿਚ ਕਮੰਦ ਪਾਕੇ ਅਜੇਹਾ ਝੋਕਾ ਦਿਤਾ ਕਿ ਉਹ ਚੂੰ ਤਕ ਨਾ ਕਰ ਸਕੀ ਅਰ ਧੰਮ ਕਰਕੇ ਜਮੀਨ ਤੇ ਡਿਗ ਪਈ, ਤੇਜ ਸਿੰਘ ਨੇ ਬਦੋ ਬਦੀ ਬੇਹੋਸ਼ੀ ਦੀ ਦਵਾ ਉਸਦੇ ਨਕ ਵਿਚ ਪਾ ਦਿਤੀ, ਜਦ ਉਹ ਬੇਹੋਸ਼ ਹੋਗਈ ਤਾਂ ਉਸਨੂੰ ਚੁਕਕੇ ਇਕ ਪਾਸੇ ਲੈ ਗਿਆ, ਬਟੂਏ ਵਿਚੋਂ ਸਮਾਨ ਕਢਕੇ ਮੋਮਬਤੀ ਜਗਾਈ ਅਰ ਆਪਣੇ ਸਾਹਮਣੇ ਸੀਸਾ ਰਖਕੇ ਆਪਣੀ ਸੂਰਤ ਓਹਦੇ ਵਰਗੀ ਬਨਾਈ ਓਸੇ ਦੇ ਕਪੜੇ ਪਾ ਲਏ ਉਸਨੂੰ ਓਥੇ ਹੀ ਛਡਕੇ ਮਹਲ ਵਲ ਰਵਾਨਾ ਹੋਏ ਅਰ ਓਥੇ ਪਹੁੰਚ ਜਿਥੇ ਚੰਦਰਕਾਂਤਾ, ਚਪਲਾ ਅਰ ਚੰਪਾ ਤੇ ਹੋਰ ਪੰਜ ਚਾਰ ਦਾਸੀਆਂ ਬੈਠੀਆਂ ਹੋਈਆਂ ਗਲਾਂ ਕਰ ਰਹੀਆਂ ਸਨ ਤੇਜ ਸਿੰਘ ਭੀ ਦਾਸੀ ਦੀ ਸੂਰਤ ਬਣੇ ਹੋਏ ਇਕ ਕਿਨਾਰੇ ਜਾਕੇ ਬੈਠ ਗਏ।

ਤੇਜ ਸਿੰਘ ਨੂੰ ਦੇਖਕੇ ਚਪਲਾ ਬੋਲੀ, ਕਿਉਂ ਕੇਤਕੀ ! ਜਿਸ ਕੰਮ ਵਾਸਤੇ ਤੈਨੂੰ ਭੇਜਿਆ ਸੀ ਓਹ ਤੂ ਕਰ ਆਈ ਹੈਂ ! ਜੋ ਚੁਪ ਕਰਕੇ ਆ ਬੈਠੀ ਹੈਂ ? ਚਪਲਾ ਦੀ ਗਲ ਸੁਣਕੇ ਤੇਜ ਸਿੰਘ ਨੂੰ ਮਲੂਮ ਹੋਗਿਆ ਕਿ ਜਿਸ ਦਾਸੀ ਨੂੰ ਮੈ ਬੇਹੋਸ ਕੀਤਾ ਹੈ ਅਰ ਜਿਸਦੀ ਸੂਰਤ ਬਣਿਆ ਹਾਂ ਉਸਦਾ ਨਾਂ ਕੇਤਕੀ ਹੈ

ਨਕਲੀ ਕੇਤਕੀ--ਹਾਂ ਕੰਮ ਕਰਨ ਤਾਂ ਮੈ ਗਈ ਸਾਂ ਪਰ ਰਸਤੇ

CC-0. Kashmir Research Institute. Digitized by eGangotri

ਵਿਚ ਇਕ ਨਵਾਂ ਤਮਾਸ਼ਾ ਦੇਖਕੇ ਤੁਹਾਨੂ ਕੁਝ ਕੈਹਨ ਲਈ ਮੁੜ ਆਈ ਹਾਂ ॥

ਚਪਲਾ—ਦਸ ਤੂੰ ਕੀ ਤਮਾਸ਼ਾ ਦੇਖਿਆ ?

ਨਕਲੀ ਕੇਤਕੀ—ਸਭਨਾਂ ਨੂ ਹਟਾ ਦੇਵੋ ਫੇਰ ਤੁਹਾਡੇ ਰਾਜ ਕੁਮਾਰੀ ਦੇ ਸਾਹਮਣੇ ਓਹ ਗਲ ਕਹਾਂਗੀ ॥

ਸਭ ਦਾਸੀਆਂ ਹਟਾ ਦਿਤੀਆਂ ਸਿਰਫ ਚੰਦਰਕਾਂਤਾ ਚਪਲਾ ਤੇ ਚੰਪਾ ਹੀ ਰਹ ਗਈ ਤਦ ਕੇਤਕੀ ਨੇ ਹਸਕੇ ਕਿਹਾ ਕੁਝ ਇਨਾਮ ਦੇਵੋ ਤਾਂ ਖੁਸ਼ ਖਬਰੀ ਸੁਨਾਮਾਂ ॥

ਚੰਦਰਕਾਂਤਾ ਨੇ ਸਮਝਿਆ ਕਿ ਸ਼ਾਇਦ ਕੁਛ ਬੀਰੇਂਦਰ ਸਿੰਘ ਦੀ ਖਬਰ ਲਿਆਈ ਹੋਵੇਗੀ। ਪਰ ਅਸਾਂ ਤਾਂ ਕਦੇ ਏਹਦੇ ਸਾਹਮਣੇ ਬੀਰੇਂਦਰਸਿੰਘ ਦਾ ਨਾਉ ਨਹੀਂ ਕਿਆ ਏਹਕੀ ਮਾਮਲਾ ਹੈ ਕੇਹੜੀ ਅਜੇਹੀ ਖੁਸ਼ ਖਬਰੀ ਹੈ ਕਿ ਜਿਸਦੇ ਸੁਨਾਉਣ ਵਾਸਤੇ ਏਹ ਪਹਿਲੋਂ ਹੀ ਇਨਾਮ ਮੰਗਦੀ ਹੈ !

ਚੰਦਰਕਾਂਤਾ ਨੇ ਕੇਤਕੀ ਨੂੰ ਕਿਹਾ ਹਾਂ ਹਾਂ ਇਨਾਮ ਦੇਵਾਂਗੀ ਤੂੰ ਕਹੁ ਤਾ ਸਹੀ ਕਿ ਕੀ ਖੁਸ਼ ਖਬਰੀ ਲਿਆਈ ਹੈਂ ?

ਕੇਤਕੀ ਨੇ ਕਿਹਾ ਪਹਿਲੇ ਦੇਵੋ ਤਾਂ ਕਹਿੰਦੀ ਹਾਂ ਨਹੀਂ ਤਾਂ ਮੈਂ ਜਾਂਦੀ ਹਾਂ ਏਹ ਕਹਿਕ ਉਠ ਖਲੋਤੀ ॥

ਕੇਤਕੀ ਦੇ ਨਖਰੇ ਦੇਖਕੇ ਚਪਲਾ ਕੋਲੋਂ ਨਾ ਰਿਹਾ ਗਿਆ ਅਤੇ ਕਿਹਾ "ਕਿਉਂ ਨੀ ਕੇਤਕੀ ਅਜ ਤੈਨੂੰ ਕੀ ਹੋਗਿਆ ਹੈ ਜੋ ਅਜੇਹੀਆਂ ਵਧ ੨ ਕੇ ਗਲਾਂ ਕਰਦੀ ਹੈ ? ਟਿਕਾਵਾਂ ਦੇ ਉਠਕੇ ?'

ਕੇਤਕੀ—ਕਿਉਂ ਮੈਂ ਤੈਥੋ ਮਾੜੀ ਹਾਂ ਜੋ ਤੂੰ ਸਾਨੂੰ ਮਾਰੇਂਗੀ ਅਰ ਮੈਂ ਤੈਨੂੰ ਛਡ ਦੇਵਾਂਗੀ ?

ਹੁਣ ਤਾਂ ਚਪਲਾ ਕੋਲੋਂ ਨਾ ਰਿਹਾ ਗਿਆ ਅਰ ਓਹ ਕੇਤਕ

CC-0. Kashmir Research Institute. Digitized by eGangotri

ਦਾ ਘਾਟਾ ਚੜਨ ਧਾਸਤੇ ਦੌੜੀ ਏਥੋਂ ਤਕ ਦੋਹਾਂ ਦਾ ਨੂੰਹਾ ਬਝ ਗਿਆ ਅਚਾਨਕ ਚਪਲਾ ਦਾ ਰਥ ਨਕਲੀ ਕੰਤਕੀ ਦੀ ਛਾਤੀ ਤੇ ਜਾ ਪਿਆ ਓਥੋਂ ਦੀ ਸਫਾਈ ਦੇਖਕੇ ਘਬਰਾ ਗਈ ਅਰ ਝਟ ਅਲਗ ਹੋਗਈ ॥

ਨਕਲੀ ਕੇਕਤੀ—ਹਸਕੇ ਕਿਉਂ ਭਜ ਕਿਉ ਗਈ ? ਆ ਲੜ !

ਚਪਲਾ ਲਕ ਨਾਲੋਂ ਕਟਾਰ ਕਢਕੇ ਸਾਹਮਣੇ ਹੋਈ ਅਰ ਬੋਲੀ "ਓ ਏਯਾਰ ! ਸਚ ਦਸ ਤੂੰ ਕੌਣ ਹੈਂ ਕੀ ? ਨਹੀਂ ਤਾਂ ਤੁਨੇ ਜਾਨੋਂ ਮਾਰ ਦੇਊਂਗੀ।

ਏਸਦਾ ਜਵਾਬ ਨਕਲੀ ਕੇਤਕੀ ਨੇ ਕੁਛ ਨਾ ਦਿਤਾ ਅਰ ਬੀਰੇਂਦਰ ਸਿੰਘ ਦੀ ਚਿਠੀ ਕਢਕੇ ਚੰਦ੍ਰਕਾਂਤਾ ਦੇ ਅਗੇ ਸਟ ਦਿਤੀ, ਚਪਲਾ ਦੀ ਨਜਰ ਵੀ ਓਸ ਚਿਠੀ ਤੇ ਪਈ ਬੀਰੇਂਦਰ ਸਿੰਘਾ ਦੇ ਹਥਾ ਦੀ ਲਿਖਾਵਟ ਦੇਖਕੇ ਸਮਝ ਗਈ ਕਿ ਏਹ ਤੇਜ ਸਿੰਘ ਹੈ ਕਿਉਂਕਿ ਸਿਵਾਏ ਤੇਜ ਸਿੰਘ ਦੇ ਬੀਰੇਂਦਰ ਸਿੰਘ ਹੋਰ ਕਿਸੇ ਦੇ ਹਥ ਚਿਠੀ ਨਹੀਂ ਸੀ ਭੇਜਦੇ ਹੁੰਦੇ।

ਏਹ ਸੋਚਕੇ ਚਪਲਾ ਬਹੁਤ ਸ਼ਰਮਾਈ ਅਰ ਸਿਰ ਨੀਵਾਂ ਪਾਕੇ ਚੁਪ ਹੋ ਰਹੀ ਪਰ ਜੀ ਵਿਚੋਂ ਤੇਜ ਸਿੰਘ ਦੀ ਸਫਾਈ ਤੇ ਚਲਾਕੀ ਦੀ ਤਾਰੀਫ ਕਰਨ ਲਗੀ ਅਰ ਓਸੇ ਵੇਲੇ ਤੇਜ ਸਿੰਘ ਦੀ ਮੁਹੱਬਤ ਨੇ ਓਸਦੇ ਦਿਲ ਵਿਚ ਜਗਾ ਫੜ ਲਈ ਅਰਥਾਤ ਤੇਜ ਸਿੰਘ ਤੇ ਮੋਹਿਤ ਹੋਗਈ ॥

ਚੰਦਰਕਾਂਤਾ ਨੇ ਬੜੀ ਮੁਹਬਤ ਨਾਲ ਬੀਰੇਂਦਰ ਸਿੰਘ ਦਾ ਖਤ ਪੜਿਆ ਏਸਦੇ ਪਿਛੋਂ ਤੇਜ ਸਿੰਘ ਨਾਲ ਗਲ ਬਾਤ ਕਰਨ ਲਗੀ॥

ਚੰਦਰਕਾਂਤਾ--ਸੁਨਾਓ ਮਿਜਾਜ ਤਾਂ ਉਨਾਂ ਦਾ ਹਛਾ ਹੈ ?

CC-0. Kashmir Research Institute. Digitized by eGangotri

ਤੇਜ ਸਿੰਘ—ਮਿਜਾਜ ਕੀ ਸੁਵਾਹਾ ਹੋਊ, ਖਾਣਾ ਪੀਣਾ ਸਭ ਛੁਟ ਗਿਆ ਰੋਂਦਿਆਂ ੨ ਅਖਾਂ ਸੁਜ ਗਈਆਂ ਹਨ, ਦਿਨ ਰਾਤ ਤੁਹਾਡਾ ਧਿਆਨ ਹੈ ਇਨਾਂ ਤੁਹਾਡੇ ਮਿਲੇ ਓਨਾਂ ਨੂੰ ਕਦ ਆਰਾਮ ਹੈ ਬਥੇਰਾ ਸਮਝਾਉਂਦਾ ਹਾਂ ਪਰ ਕੌਣ ਸੁਣਦਾ ਹੈ॥ ਅਜੇ ਕਲ ਹੀ ਤੁਹਾਡੀ ਚਿਠੀ ਲੈਕੇ ਮੈ ਗਿਆ ਸਾਂ ਅਜ ਫੇਰ ਉਨਾਂਦਾ ਏਹ ਹਾਲ ਦੇਖਕੇ ਆਉਨਾ ਪਿਆ ਹੈ ਕਹਿੰਦੇ ਸਨ ਕਿ ਅਸੀ ਆਪ ਚਲਾਂਗੇ ਮੈਂ ਕਿਸੇ ਤਰਾਂ ਸਮਝਾਕੇ ਏਥੇ ਉਨ੍ਹੇ ਰੋਕਿਆ ਹੈ ਅਰ ਕਿਹਾ ਕਿ ਅਜ ਫੇਰ ਮੈਨੂੰ ਜਾਨ ਦੇਵ ਮੈਂ ਓਥੇ ਜਾਕੇ ਬੰਦੋਬਸਤ ਕਰਦਾ ਹਾਂ ਫੇਰ ਤੁਹਨੂ ਲੈ ਚਲਾਂਗਾ ਕਿਉਂਕਿ ਕਿਸੇ ਤਰਾਂ ਦਾ ਨੁਕਸਾਨ ਨਾ ਹੋਵੇ। ਖੈਰ ਕਿਸੇ ਤਰਾਂ ਸਮਝ ਗਏ ਅਰ ਤੁਹਾਡੀ ਚਿਠੀ ਦਾ ਉਤ੍ਰ ਦੇਕੇ ਮੈਨੂ ਏਧਰ ਭੇਜਿਆ ਹੈ॥

ਚੰਦਰਕਾਂਤਾ—ਅਫਸੋਸ! ਤੁਸੀ ਓਨਾਂ ਨੂੰ ਆਣੇ ਨਾਲ ਕਿਉਂ ਨਾ ਲੈ ਆਏ, ਭਲਾਂ ਮੈਂ ਉਨਾਂ ਦਾ ਦਰਸ਼ਨ ਤਾਂ ਕਰ ਲੈਂਦੀ, ਦੇਖੋ ਏਥੇ ਕੂਰ ਸਿੰਘ ਦੇ ਦੋਹਾਂ ਏਯਾਰਾਂ ਨੇ ਕਿੰਨਾ ਉੱਧਮ ਮਚਾ ਰਖਿਆ ਹੈ, ਕਿ ਕੁਝ ਕਿਹਾ ਹੀ ਨਹੀਂ ਜਾਂਦਾ, ਪਿਤਾ ਜੀ ਨੂੰ ਕਿਨਾਂ ਰੋਕਦੀ ਹਾਂ ਕਿਨਾਂ ਸਮਝਾਉਂਦੀ ਹਾਂ ਕਿ ਕੂਰ ਸਿੰਘ ਦੇ ਦੋੜੇ ਏਯਾਰ ਮੇਰੇ ਦੁਸ਼ਮਨ ਹਨ ਪਰ ਮਹਾਰਾਜ ਕੁਝ ਨਹੀਸੁਣਦੇ, ਕੂਰ ਸਿੰਘ ਨੇ ਮਤੀ ਤੇਕੁਮਾਰੀ ਦੀ ਮੁਲਾਕਾਤਦਾ ਹਾਲ ਬਹੁਤ ਕੁਛ ਬਨਾਕੇ ਪਤਾ ਨਹੀ ਮਹਾਰਾਜ ਨੂੰ ਕਿਸਤਰਾਂ ਸੁਨਾ ਦਿਤਾ ਹੈ, ਕਿ ਮਹਾਰਾਜ ਉਸਨੂ ਸਚਿਆਂ ਦਾ ਪੀਰ ਮੰਨ ਲਗ ਪਏ ਹਨ, ਓਹ ਹਰ ਵੇਲੇ ਮਹਾਰਾਜ ਦੇ ਕੰਨ ਭਰਦਾ ਰਹਿੰਦਾ ਹੈ, ਏਸ ਕਰਕੇ ਮਹਾਰਾਜ ਹੁਣ ਮੇਰੀ ਕੋਈ ਗਲ ਨਹੀਂ ਸੁਣਦੇ। ਹਾਂ ਅਜ ਬਹੁਤ ਕੁਛ ਕੈਹਨ ਦਾ ਅਵਸਰ ਦਿਤ ਲਗਾ ਹੈ

CC-0. Kashmir Research Institute. Digitized by eGangotri

ਕਿਉਂਕਿ ਅਜ ਮੇਰੀ ਪਿਆਰੀ ਸਖੀ ਚਪਲਾ ਨੇ ਨਾਜ਼ਮ ਨੂੰ ਏਸ ਪਿਛਵਾੜੇ ਵਾਲੇ ਬਾਗ ਵਿਚ ਫੜਿਆ ਹੈ ਕਲ ਓਸਨੂੰ ਮਹਾਰਾਜ ਦੇ ਸਾਹਮਣੇ ਲੈਜਾਕੇ ਕਹਾਂਗੀ ਕਿ ਆਪ ਆਪਣੇ ਕੂਰ ਸਿੰਘ ਦੀ ਸਚਾਈ ਦੇਖ ਕਿ ਜੋਕਰ ਏਸਨੂੰ ਬਾਗ ਦੇ ਪਹਿਰੇ ਉਤੇ ਹੀ ਲਾਇਆ ਸੀ ਤਾਂ ਏਹ ਬਾਗ ਦੇ ਅੰਦਰ ਕਿਉਂ ਆਇਆ ਸੀ ?

ਏਹ ਕਹਿਕੇ ਚੰਦਰ ਕਾਂਤਾ ਨੇ ਪੂਰਾ ਹਾਲ ਨਾਜ਼ਮ ਦੇ ਫੜਨ ਦਾ ਤੇ ਤੈਹਖਾਨੇ ਵਿਚ ਕੈਦ ਕਰਨ ਦਾ ਤੇਜ ਸਿੰਘ ਨੂੰ ਕਹ ਸੁਨਾਯਾ।

ਤੇਜ ਸਿੰਘ ਚਪਲਾ ਦੀ ਚਲਾਕੀ ਸੁਨਕੇ ਹੈਰਾਨ ਹੋ ਗਿਆ ਅਰ ਦਿਲ ਵਿਚ ਓਸਨੂੰ ਪਿਆਰ ਕਰਨ ਲਗ ਪਿਆ। ਅਰ ਕੁਛ ਸੋਚਨ ਦੇ ਪਿਛੋਂ ਬੋਲ ਉਠਿਆ ਕਿ ਚਪਲਾ ਨੇ ਚਲਾਕੀ ਤਾਂ ਬਹੁਤ ਕੀਤੀ ਪਰ ਧੋਖਾ ਖਾ ਗਈ।

ਏਹ ਸੁਨਕੇ ਚਪਲਾ ਹੈਰਾਨ ਹੋ ਗਈ ਕਿ ਹੇ ਪਰਮਾਤਮਾ ਮੈਂ ਕੀ ਧੋਖਾ ਖਾਧਾ ਹੈ ਕਛ ਸਮਝ ਵਿਚ ਨਹੀਂ ਆਉਂਦਾ! ਆਖਰ ਨਾ ਰਹਿ ਸਕੀ ਤੇਜ ਸਿੰਘ ਤੋਂ ਪੁਛਿਆ ਕਿ ਛੇਤੀ ਦਸੋ ਮੈਂ ਕੀ ਧੋਖਾ ਖਾਧਾ ਹੈ ? ਤੇਜ ਸਿੰਘ ਨੇ ਕਿਹਾ ਕੀ ਤੂ ਏਹ ਹਾਲ ਨਹੀ ਜਾਣਦੀ ਸੀ ਕਿ ਜਦ ਨਾਜ਼ਮ ਬਾਗ ਵਿਚ ਆਇਆ ਹੈ ਤਾਂ ਮੋਹਮਦ ਭੀ ਜਰੂਰ ਆਇਆ ਹੋਵੇਗਾ ? ਫੇਰ ਬਾਗ ਵਿਚ ਹੀ ਨਾਜ਼ਮ ਨੂੰ ਕਿਉਂ ਛਡ ਦਿਤਾ, ਤੈਨੂੰ ਚਾਹੀਦਾ ਸੀ ਕਿ ਜਦ ਓਸਨੂੰ ਫੜਿਆ ਸੀ ਤਾਂ ਮਹਲ ਵਿਚ ਲਿਆਕੇ ਕੈਦ ਕਰਦੀ ਜਾਂ ਓਸੇ ਵੇਲੇ ਮਹਾਰਾਜ ਦੇ ਪਾਸ ਭੇਜ ਦਿੰਦੀ ਹੁਣ ਤੂ ਮੋਹਮਦ ਨਾਜ਼ਮ ਨੂੰ ਛੁਡਾਕੇ ਲੈ ਗਿਆ ਹੋਵੇਗਾ ॥

CC-0. Kashmir Research Institute. Digitized by eGangotri

ਏਨੀ ਗਲ ਸੁਣਦੇ ਹੀ ਚਪਲਾ ਦੀ ਹੋਸ਼ ਉਡ ਗਈ, ਅਤੇ ਬਹੁਤ ਸਰਮਿੰਦੀ ਹੋਕੇ ਬੋਲੀਃ– ਸਚ ਹੈ ਏਹ ਬੜੀ ਭਾਰੀ ਗਲਤੀ ਹੋਈ ਏਸ ਗਲ ਦਾ ਕਿਸੇ ਨੇ ਖਿਆਲ ਵ ਨਾ ਕੀਤਾ ॥

ਤੇਜ ਸਿੰਘ–ਹੋਰ ਕੋਈ ਕਿਉਂ ਖਿਆਲ ਕਰਦਾ ? ਤੂੰ ਤਾਂ ਚਲਾਕ ਬਨਦੀ ਹੈ ਏਯਾਰਾ ਅਖਾ ਉਂਦੀ ਹੈ, ਏਸਦਾ ਖਿਆਲ ਤੈਨੂੰ ਹੋਣਾ ਚਾਹੀਦਾ ਸੀ ਕਿ ਕਿਸੇ ਹੋਰ ਨੂੰ ? ਹੁਣ ਜਾਕੇ ਦੇਖ ਓਥੇ ਹੈ ਭੀ ਕਿ ਨਹੀ ?

ਚਪਲਾ ਭਜਕੇ ਓਸ ਬਾਗ, ਵਲ ਗਈ, ਤਹਿਖਾਨੇ ਦੇ ਪਾਸ ਜਾਕੇ ਦੇਖਿਆ ਤਾਂ ਦਰਵਾਜਾ ਖੁਲਾਂ ਪਿਆ ਹੈ, ਬਸ ਫੇਰ ਕੀ ਸੀ ਦਿਲ ਵਿਚ ਯਕੀਨ ਹੋਇਆ ਕਿ ਜਰੂਰ ਨਾਜ਼ਮ ਨੂੰ ਐਹਮਦ ਛੁਡਾਕੇ ਲੈ ਗਿਆ ਹੈ ਤਹਿਖਾਨੇ ਦੇ ਅੰਦਰ ਜਾਕੇ ਦੇਖਿਆ ਤਾਂ ਖਾਲੀ ਪਿਆ ਹੈ, ਅਪਨੀ ਬੇਵਕੂਫੀ ਉਤੇ ਅਫਸਸ ਕਰਦੀ ਹੋਈ ਮੁੜ ਆਈ ਅਤੇ ਬੋਲੀ:–ਸਚ ਮੁਚ ਐਹਮਦ ਨਾਜ਼ਮ ਨੂੰ ਛੁਡਾਕੇ ਲੈ ਗਿਆ ਹੈ। ਤੇਜ ਸਿੰਘ ਨੇ ਛੇੜਨਾ ਸ਼ੁਰੂ ਕੀਤਾ:–

ਬੜੀ ਏਯਾਰਾ ਬਨੀ ਫਿਰਦੀ ਹੈ, ਕਹਿੰਦੀ ਹੈ ਮੈਂ ਚਲਾਕ ਹਾਂ ਏਹ ਹਾਂਓਹ ਹਾਂ, ਬਸ ਇਕ ਨਿਕੰਮੇ ਏਯਾਰ ਨੇ ਨਕ ਵਿਚ ਸਾਹ ਕਰ ਰਖਿਆ ਹੈ।

ਚਪਲਾ ਚਿੜ ਉਠੀ ਅਤੇ ਬੋਲੀ ਕਿ ਚਪਲਾ ਨਾ ਕਹੀਂ ਜੇ ਹੁਣ ਦੋਹਾਂ ਨੂੰ ਫੜਕੇ ਏਹੋ ਕਮਰੇ ਵਿਚ ਲਿਆਕੇ ਅਣ ਗਿਣਤ ਜੁਤੀਆਂ ਨਾ ਮਾਰਾ ਤਾਂ ॥

ਤੇਜ ਸਿੰਘ ਨੇ ਕਿਹਾ ਬਸ ਤੇਰੀ ਕਾਰੀਗਰੀ ਦੇਖੀ ਗਈ ਹੁਣ ਦੇਖ ਮੈਂ ਕਿਸਤਰਾਂ ਇਕ ਇਕ ਕਰਕੇ ਫੜਕੇ ਆਪਣੇ ਸ਼ੈਹਰ ਲਿਜਾਕੇ ਕੈਦ ਕਰਦਾ ਹਾਂ ॥

ਏਸਦੇ ਪਿਛੋਂ ਤੇਜ ਸਿੰਘ ਨੇ ਪੂਰਾ ਹਾਲ ਆਪਣੇ ਆਉਣ

CC-0. Kashmir Research Institute. Digitized by eGangotri

ਦਾ ਚੰਦਰਕਾਂਤਾ ਤੇ ਚਪਲਾ ਨੂੰ ਕਹ ਸੁਨਾਯਾ ਏਹ ਭੀ ਦਸ ਦਿਤਾ ਕਿ ਫਲਾਨੀ ਜਗਾ ਉਤੇ ਮੈਂ ਕੇਤਕੀ ਨੂੰ ਬੇਹੋਸ ਕਰਕੇ ਲੁਟ ਆਇਆ ਹਾਂ ਤੁਸੀ ਜਾ ਕੇ ਓਸਨੂੰ ਚੁਕ ਲਿਆਓ, ਪਰ ਮੈਂ ਓਸਦੇ ਕਪੜੇ ਨਹੀਂ ਦੇਵਾਂਗਾ ਕਿਉਂ ਕਿ ਏਸੇ ਸੂਰਤ ਨਾਲ ਮੈਂ ਬਾਹਰ ਜਾਵਾਂਗਾ ਹਾਂ ਦੇਖੋ ਤੁਹਾਡੇ ਰਿਨਾ ਤੇ ਕਿਨਾਂ ਹੋਰ ਕਿਸੇ ਨੂੰ ਏਹ ਗਲ ਮਲੂਮ ਨਾ ਹੋਵ ਨਹੀਂ ਤਾਂ ਬਣਿਆ ਬਨਾਯਾ ਕੰਮ ਵਿਗੜ ਜਾਵੇਗਾ।

ਚਪਲਾ ਅਤੇ ਚੰਦਰਕਾਂਤਾ ਨੇ ਭੀ ਤੇਜ ਸਿੰਘ ਨੂੰ ਤਾਕੀਦ ਕੀਤੀ ਤੁਸੀ ਦੂਸਰੇ ਤੀਸਰੇ ਦਿਨ ਆਕੇ ਖਬਰ ਦੇ ਜਾਇਆ ਕਰੋ ਤੁਹਾਡੇ ਆਉਣ ਨਾਲ ਤਸਲੀ ਹੁਦੀ ਹੈ॥

"ਬਹੁਤ ਹਛਾ ਮੈਂ ਏਸੇ ਤਰਾਂ ਕਰਾਂਗਾ" ਏਹ ਕਹਿਕੇ ਤੇਜ ਸਿੰਘ ਜਾਨ ਨੂੰ ਤਿਆਰ ਹੋ ਗਏ, ਓਸਨੂੰ ਜਾਂਦਿਆਂ ਦੇਖ ਚੰਦਰ-ਕਾਂਤਾ ਰੋਣ ਲਗ ਪਈ ਅਰ ਬੋਲੀ ਕਿਉਂ ਤੇਜ ਸਿੰਘ ਮੇਰੀ ਕਿਸਮਤ ਵਿਚ ਕੁਮਾਰ ਨਾਲ ਮਿਲਨਾ ਨਹੀਂ ਲਿਖਿਆ ? ਏਨਾਂ ਕਹਿੰਦਿਆਂ ਹੀ ਗਲ ਭਰ ਆਇਆ ਅਰ ਮੋਨ ਰ ਦੀ ਰੋਣ ਲਗ ਪਈ। ਤੇਜ ਸਿੰਘ ਨੇ ਬਹੁਤ ਸਮਝਾਯਾ ਕਿ ਦੇਖੋ ਏਹ ਸਭ ਬਖੇੜਾ ਏਸੇ ਵਾਸਤੇ ਕੀਤਾ ਜਾਂਦਾ ਹੈ ਕਿ ਜਿਸ ਕਰਕੇ ਤੁਹਾਡਾ ਓਨ੍ਹਾਂ ਦਾ ਸਦਾ ਲਈ ਮੇਲ ਰਹੇ, ਜੇ ਤੁਸੀ ਹੀ ਘਬ-ਰਾਉਗੇ ਤਾਂ ਕੰਮ ਕਿਸਤਰਾਂ ਬਨੇਗਾ ? ਬਹੁਤ ਕੁਝ ਸਮਝਾ ਬੁਝਾਕੇ ਚੰਦਰਕਾਂਤਾ ਨੂੰ ਚੁਪ ਕਰਾਯਾ ਅਰ ਓਥੋਂ ਤੁਰੇ, ਕੇਤਕੀ ਦੀ ਸੂਰਤ ਵਿਚ ਹੀ ਦਰਵਾਜੇ ਉਤੇ ਆਏ, ਦੇਖਿਆ ਕਿ ਦੋ ਚਾਰ ਪੈਹਰੇਦਾਰ ਤਾਂ ਹੋਸ਼ ਵਿਚ ਆ ਚੁਕੇ ਹਨ ਅਰ ਕੋਈ ਪੁਠਾ ਕੋਈ ਚਿਤ ਪਿਆ ਹੈ ਕੋਈ ਉਠਿਆ ਤਾਂ ਹੈ ਪਰ ਸਿਰ ਫੇਰ ਵੀ ਜਮੀਨ ਨਾਲ ਲਗਦਾ ਜਾਂਦਾ ਹੈ ਨਕਲੀ ਕੇਤਕੀ ਨੇ

CC-0. Kashmir Research Institute. Digitized by eGangotri

ਲਲਕਾਰ ਕੇ ਕਿਹਾ, ਕਿ ਤੁਸੀਂ ਪਹਿਚਾਣ ਦੇਂਦੇ ਹੋ ਕਿ ਮਖੌਲ ਕਰ ਹੋ ਏਨੀ ਅਫੀਮ ਕਿਉਂ ਖਾਂਦੇ ਹੋ ਜੋ ਅਖਾਂ ਹੀ ਨਹੀਂ ਖੁਲਦੀਆਂ ? ਜੇ ਸੌਂਦੇ ਹੋ ਤਾਂ ਮੁਰਦਿਆਂ ਨਾਲ ਸ਼ਰਤ ਬੰਨਕੇ ਦੇਖੋ ਤਾਂ ਸਹੀ ਮੈਂ ਅਜ ਵਡੀ ਰਾਣੀ ਨੂੰ ਕਹਿਕੇ ਤੁਹਾਡਾ ਕੀ ਹਾਲ ਕਰਾਉਂਦੀ ਹਾਂ ?

ਜੋ ਚੋਬਦਾਰ ਹੋਸ਼ ਵਿਚ ਆ ਚੁਕੇ ਸਨ ਓਹ ਕੋਤਕੀ ਦੀ ਗਲ ਸੁਣਕੇ ਸੁੰਨ ਹੋ ਗਏ ਅਰ ਲਗੇ ਕੋਤਕੀ ਦੀਆਂ ਮਿਨਤਾਂ ਕਰਨ ?

"ਦੇਖੋ ਕੋਤਕੀ ਮਾਫ ਕਰੋ ਅਜ ਇਕ ਬਦਮਾਸ਼ ਸਰਕਾਰੀ ਚੋਬਦਾਰ ਨੇ ਆਕੇ ਧੋਖੇ ਨਾਲ ਅਜੇਹਾ ਜ਼ਹਰੀਲਾ ਤਮਾਕੂ ਪਿਆ ਦਿਤਾ ਜਿਸ ਨਾਲ ਸਾਡੀ ਏਹ ਦਸ਼ਾ ਹੋਈ ਹੈ ਓਸ ਪਾਜੀ ਨੇ ਤਾਂ ਆਪਣੇ ਵਲੋਂ ਕੋਈ ਕਸਰ ਬਾਕੀ ਨਹੀਂ ਸੀ ਰਖੀ ਪਰ ਅਲਾਹ ਨੇ ਬਚਾ ਲਿਆ, ਨਹੀਂ ਤਾਂ ਮਰਨ ਵਿਚ ਕੀ ਫਰਕ ਸੀ ? ਦੇਖੋ ਰੋਜ ੨ ਤਾਂ ਏਹ ਨਹੀਂ ਹੁੰਦਾ ਅਜ ਧੋਖਾ ਖਾ ਗਏ ਹਾਂ ਅਸੀ ਹਥ ਜੋੜਦੇ ਹਾਂ ਜੇ ਫੇਰ ਕਦੀ ਏਸਤਰਾਂ ਦੇਖੋ ਤਾਂ ਜੋ ਮਰਜੀ ਆਵੇ ਕਰਨਾ ॥"

ਨਕਲੀ ਕੋਤਕੀ ਨੇ ਕਿਹਾ "ਹਣਾ ਅਜ ਤਾਂ ਮੈਂ ਛਡ ਦੇਂਦੀ ਹਾਂ ਖਬਰਦਾਰ ਜੇ ਫੇਰ ਕਦੇ ਏਸਤਰਾਂ ਕੀਤਾ" ਏਹ ਕਹਿੰਦੇ ਹੋਏ ਤੇਜ ਸਿੰਘ ਹੋਰੀ ਬਾਹਰ ਤੁਰ ਪਏ, ਡਰਦੇ ਮਾਰਿਆਂ ਏਹ ਕਿਸੇ ਨਾ ਪੁਛਿਆ ਕਿ ਕੋਤਕੀ ਤੂੰ ਕਿਥੇ ਚਲੀ ਹੈਂ।

ਪੰਜਵਾਂ ਕਾਂਡ

ਐਹਮਦ ਨੇ ਜੋ ਬਾਗ ਦੇ ਇਕ ਦਰਖਤ ਉਤੇ ਬੈਠਾ ਹੋ ਕਾ ਸੀ ਦੇਖਿਆ ਕਿ ਚਪਲਾ ਨੇ ਨਾਜ਼ਮ ਨੂੰ ਚਕ ਲਿਆ ਹੈ, ਅਤ

CC-0. Kashmir Research Institute. Digitized by eGangotri

ਮਹਲ ਵਿਚ ਚਲੀ ਗਈ ਹੈ । ਸੋਚਨ ਲਗਾ ਕਿ ਚੰਦਰਕਾਂਤਾ ਚਪਲਾ ਅਰ ਚੰਪਾ ਏਹ ਤਿੰਨੇ ਮਹਲ ਵਿਚ ਗਈਆਂ ਹਨ ਨਾਜ਼ਮ ਏਹਨਾਂ ਦੇ ਨਾਲ ਹੀ ਗਿਆ, ਓਹ ਜਰੂਰ ਏਸੇ ਬਗੀਚੇ ਵਿਚ ਕਿਤੇ ਕੈਦ ਹੋਵੇਗਾ, ਇਹ ਸੋਚਕੇ ਐਹਮਦ ਦਰਖਤ ਤੋਂ ਉਤਰਕੇ ਐਧਰ ਓਧਰ ਢੂਡਨ ਲਗਾ, ਜਾਂ ਓਸ ਤਹਿਖਾਨੇ ਦੇ ਪਾਸ ਪਹੁੰਚਾ ਜਿਸ ਵਿਚ ਨਾਜ਼ਮ ਕੈਦ ਸੀ ਤਾਂ ਅੰਦਰੋ ਰੋਣ ਦੀ ਅਵਾਜ ਆਈ ਜਿਸਨੂੰ ਸੁਣਕੇ ਐਹਮਦ ਨੇ ਝਟ ਪਛਾਣ ਲਿਆ ਕਿ ਏਹ ਨਾਜ਼ਮ ਦੀ ਅਵਾਜ ਹੈ। ਤਹਿਖਾਨੇ ਦੇ ਬੂਹੇ ਖੋਹਲ ਅੰਦਰ ਗਿਆ, ਅਰ ਨਾਜ਼ਮ ਨੂ ਬਧਾ ਹੋਇਆ ਦੇਖਕੇ ਝਟ ਰਸੀ ਖੋਹਲ ਸਟੀ ਅਰ ਤਹਿਖਾਨਿਓਂ ਬਾਹਰ ਚਢਿਆ ਅਰ ਬੋਲਿਆ ਛੇਤੀ ਏਸ ਬਗੀਚੇ ਤੋਂ ਬਾਹਰ ਨਿਕਲ ਚਲ ਓਥੇ ਚਲਕੇ ਸਭ ਹਾਲ ਸੁਣਾਂਗੇ ਕਿ ਕੀ ਹੋਇਆ ਹੈ।

ਨਾਜ਼ਮ ਅਰ ਐਹਮਦ ਬਗੀਚਿਓਂ ਬਾਹਰ ਆਏ ਅਰ ਤੁਰਦੇ ਤੁਰਦੇ ਹੀ ਆਪਸ ਵਿਚ ਗਲਾਂ ਬਾਤਾਂ ਕਰਨ ਲਗੇ, ਨਾਜ਼ਮ ਨੇ ਚਪਲਾ ਦੇ ਹਥ ਫਸਨ ਦਾ ਤੇ ਕੋਰੜੇ ਖਾਣ ਦਾ ਪੂਰਾ ਪੂਰਾ ਹਾਲ ਕਿਹਾ।

ਐਹਮਦ—ਭਰਾ ਨਾਜ਼ਮਾਂ ਜਦ ਤਕ ਪਹਿਲੇ ਅਸੀ ਚਪਲਾ ਨੂ ਨਹੀਂ ਛੜ ਲੈਂਦੇ ਤਦ ਤਕ ਕੋਈ ਕੰਮ ਨਹੀਂ ਬਨੇਗਾ। ਕਿਉਂ ਕਿ ਚਪਲਾ ਬੜੀ ਚਾਲਾਕ ਹੈ ਅਰ ਹੌਲੀ ਹੌਲੀ ਚੰਪਾ ਨੂ ਭੀ ਤੇਜ ਕਰ ਰਹੀ ਹੈ। ਜੇਕਰ ਓਹ ਨਾਂ ਫੜੀ ਜਾਵੇਗੀ ਤਾਂ ਇਕ ਦੀਆਂ ਦੋ ਹੋ ਜਾਨਗੀਆਂ ਅਰਥਾਤ ਚੰਪਾ ਭੀ ਓਸਦਾ ਸਾਥ ਦੇਣ ਜੋਗੀ ਹੋ ਜਾਵੇਗੀ॥

ਨਾਜ਼ਮ—ਠੀਕ ਹੈ ਪਰ ਅਜ ਤਾਂ ਕੋਈ ਕੰਮ ਨਹੀਂ ਹੋਸਕਦਾ ਮੈਂ ਕਲ ਨਾਲਜਾਨ ਬਰੀਹੇ। ਹਾਂ ਕਲ ਪਹਿਲੋਂ ਏਹੋ ਕੰਮਕਰਾਂਗੇ

CC-0. Kashmir Research Institute. Digitized by eGangotri

ਅਰ ਚਪਲਾ ਨੂੰ ਫੜਕੇ ਕਿਤੇ ਅਜਿਹੀ ਥਾਂ ਤੇ ਸੁਟਾਂ ਗੇ ਕਿ ਜਿਥੋਂ ਕਦੀ ਪਤਾ ਹੀ ਨਾ ਲਗੇ ਅਰ ਸਾਡੇ ਉਤੇ ਭੀ ਕਿਸੇ ਨੂੰ ਸ਼ੱਕ ਨਾ ਹੋਵੇ।

ਇਹ ਦੋਵੇਂ ਆਪਸ ਵਿਚ ਗਲਾਂ ਕਰਦੇ ੨ ਤੁਰੇ ਜਾਂਦੇ ਸਨ ਥੋੜੇ ਚਿਰ ਵਿਚ ਮਹਲ ਦੇ ਅਗਲੇ ਬੂਹੇ ਅਗੇ ਪਹੁੰਚੇ, ਦੇਖਿਆ ਕਿ ਕੇਤਕੀ ਜੋ ਖਾਸ ਚੰਦਰਕਾਂਤਾ ਦੀ ਦਾਸੀ ਲੌਂਡੀ ਹੈ ਤੁਰੀ ਆਉਂਦੀ ਹੈ॥

ਤੇਜ ਸਿੰਘ ਨੇ ਜੋ ਕੇਤਕੀ ਦੇ ਭੇਸ ਵਿਚ ਤੁਰੇ ਆਉਂਦੇ ਹਨ ਨ ਜ਼ਮ ਅਰ ਐਹਮਦ ਨੂੰ ਦੇਖਦਿਆਂ ਹੀ ਪਛਾਣ ਲਿਆ ਅਰ ਸੋਚਣ ਲਗੇ ਕਿ ਭਲੇ ਮੌਕੇ ਉਤੇ ਇਹ ਦੋਵੇਂ ਮਿਲ ਗਏ ਹਨ ਅਰ ਸਾਡੀ ਸੂਰਤ ਭੀ ਐਸ ਵੇਲੇ ਚੰਗੀ ਹੈ, ਐਸ ਵੇਲੇ ਏਨਾਂ ਦੋਹਾਂ ਨਾਲ ਕੁਝ ਹਥ ਕਰਨਾ ਚਾਹੀਦਾ ਹੈ, ਹੋ ਸਕੇ ਤਾਂ ਦੋਹਾਂ ਨੂੰ ਨਹੀਂ ਤਾਂ ਇਕ ਨੂੰ ਤਾਂ ਜਰੂਰ ਫੜਨਾ ਚਾਹੀਦਾ ਹੈ।

ਤੇਜ ਸਿੰਘ ਜਾਨ ਬੁਝਕੇ ਏਨਾਂ ਦੋਹਾਂ ਦੇ ਪਾਸੋਂ ਦੀ ਲੰਘੇ ਓਨਾਂ ਨੇ ਭੀ ਦੇਖਿਆ ਕਿ ਕੇਤਕੀ ਤੁਰੀ ਜਾਂਦੀ ਹੈ, ਦੋਵੇਂ ਜਣੇ ਇਹ ਸੋਚਕੇ ਓਸਦੇ ਪਿਛੇ ੨ ਹੋ ਤੁਰੇ, ਕਿ ਦੇਖੀਏ ਕਿਥੇ ਜਾਂਦੀ ਹੈ। ਨਕਲੀ ਕੇਤਕੀ ਨੇ ਪਿਛਾਹਾਂ ਫਿਰਕੇ ਦੇਖਿਆ ਅਰ ਕਿਹਾ, ਤੁਸੀਂ ਮੇਰੇ ਪਿਛੇ ਕਿਉਂ ਆਉਂਦੇ ਹੋ ? ਜਿਸ ਕੰਮ ਉਤੇ ਲਾਏ ਗਏ ਹੋ ਓਹ ਕੰਮ ਕਰੋ ਐਹਮਦ ਨੇ ਕਿਹਾ ਅਸੀਂ ਕਿਸ ਕੰਮ ਉਤੇ ਲਾਏ ਹੋਏ ਹਾਂ, ਕੀ ਕੰਮ ਕਰੀਏ ? ਤੂੰ ਕੀ ਜਾਣਦੀ ਹੈਂ ? ਕੇਤਕੀ ਨੇ ਕਿਹਾ ਮੈਂ ਸਭ ਜਾਣਦੀ ਹਾਂ, ਤੁਸੀ ਓਹ ਕੰਮ ਕਰੋ ਜਿਸ ਨਾਲ ਚਪਲਾ ਦੇ ਹਥ ਦੀਆਂ ਜੂਤੀਆਂ ਨਸੀਬ ਹੋਣ ਜਿਥੇ ਤੁਹਾਡੀ ਮਦਤਗਾਰ ਇਕ ਲੌਂਡੀ ਤਕ ਨਹੀਂ ਹੈ ਓਥੇ ਤੁਹਾਡੇ ਕੀਤਿਆਂ ਕੀ ਹੋ ਸਕਦਾ ਹੈ ?

CC-0. Kashmir Research Institute. Digitized by eGangotri

ਨਾਜਮ ਅਰ ਐਹਮਦ ਕੇਤਕੀ ਦੀ ਗੱਲ ਸੁਣਕੇ ਦੰਗ ਹੋ ਗਏ ਅਰ ਸੋਚਣ ਲਗੇ ਇਹ ਬੜੀ ਚਲਾਕ ਲੌਂਡੀ ਹੈ ਜੇਕਰ ਇਹ ਸਾਡੇ ਮੇਲ ਵਿਚ ਆ ਜਾਵੇ ਤਾਂ ਬੜਾ ਕੰਮ ਨਿਕਲੇ ਅਰ ਏਸਦੀਆਂ ਗਲਾਂ ਤੋਂ ਮਲੂਮ ਹੁੰਦਾ ਹੈ ਕਿ ਕੁਛ ਲਾਲਚ ਦੇਣ ਨਾਲ ਜਰੂਰ ਸਾਡੀ ਵਲ ਹੋ ਜਾਵੇਗੀ।

ਨਾਜਮ ਨੇ ਕਿਹਾ ਸੁਣ ਕੇਤਕੀ ਅਸਾਂ ਲੋਕਾਂ ਦਾ ਕੰਮ ਹੀ ਚਲਾਕੀ ਕਰਨ ਦਾ ਹੈ ਜੇ ਫੜੇ ਜਾਨ ਜਾਂ ਮਰਨ ਮਾਰਨ ਤੋਂ ਡਰੀਏ ਤਾਂ ਕਦੇ ਕੰਮ ਨਾ ਚਲੇ, ਅਰ ਏਸਦੀ ਕਮਾਈ ਖਾਂਦੇ ਹਾਂ। ਗਲ ੨ ਵਿਚ ਹਜ਼ਾਰਾਂ ਰੁਪੈ ਇਨਾਮ ਮਿਲਦਾ ਹੈ।

ਅਰ ਖੁਦਾ ਦੀ ਮੇਹਰ ਬਾਨੀ ਨਾਲ ਤੇਰੇ ਜੇਹੇ ਮਦਤਗਾਰ ਭੀ ਮਿਲ ਜਾਂਦੇ ਹਨ ਜਿਸ ਤਰਾਂ ਅੱਜ ਤੂੰ ਮਿਲ ਗਈ ਹੈਂ ਹੁਣ ਤੈਨੂੰ ਇਹੋ ਮੁਨਾਸਬ ਹੈ ਕਿ ਮੇਰੀ ਮਦਤ ਕਰੋਂ ਅਤ ਜੋ ਕੁਛ ਮੈਨੂੰ ਮਿਲੇਗਾ ਮੈਂ ਤੈਨੂੰ ਓਸਦਾ ਹਿਸਾ ਦੇਵਾਂਗਾ।

ਕੇਤਕੀ ਨੇ ਕਿਹਾ ਸੁਣੋ ਜੀ ਮੈਂ ਉਮੇਦ ਉਤੇ ਜਾਨ ਦੇਨ ਵਾਲੀ ਨਹੀਂ ਓਹ ਕੋਈ ਹੋਰ ਹੋਵੇਗਾ ਮੈਂ ਤਾਂ ਪਹਿਲਾਂ ਲੈਕੇ ਕੰਮ ਕਰਦੀ ਹਾਂ, ਹਾਂ ਜੇ ਏਸ ਵੇਲੇ ਮੈਨੂੰ ਕੁਛ ਦੇਵੋ ਤਾਂ ਮੈਂ ਤੇਜ ਸਿੰਘ ਨੂੰ ਤੁਹਾਡੇ ਹਥ ਫੜਾ ਦੇਂਦੀ ਹਾਂ ਨਹੀਂ ਤਾਂ ਜਾਓ ਆਪਣਾ ਕੰਮ ਕਰੋ।

ਤੇਜ ਸਿੰਘ ਦੇ ਫੜੇ ਜਾਣ ਦੀ ਗਲ ਸੁਣਕੇ ਦੋਹਾਂ ਦਾ ਦਿਲ ਖੁਸ਼ ਹੋਗਿਆ। ਨਾਜਮ ਨੇ ਕਿਹਾ ਕਿ ਜੇ ਤੇਜ ਸਿੰਘ ਨੂੰ ਫੜਾਦੇਵੇਂ ਤਾਂ ਜੋ ਕਹੇਂ ਮੈਂ ਦੇਵਾਂ॥

ਕੇਤਕੀ—ਇਕ ਹਜ਼ਾਰ ਰੁਪਏ ਤੋਂ ਘਟ ਮੈਂ ਕਦੇ ਨਹੀ ਲਵਾਂਗੀ ਜੇ ਹੈ ਮਨਜੂਰ ਤਾਂ ਲਿਆਓ ਰੁਪਏ ਮੇਰੇ ਅਗੇ ਰਖੋ।

ਨਾਜਮ—ਹੁਣ ਅਧੀ ਰਾਤ ਵੇਲੇ ਮੈਂ ਰੁਪਏ ਕਿਥੋਂ ਲਿਆਵਾਂ

CC-0. Kashmir Research Institute. Digitized by eGangotri

ਹਾਂ ਕਲ ਜਰੂਰ ਦੇ ਦੇਵਾਂਗਾ।

ਕੇਤਕੀ—ਏਹੋ ਜੇਹੀ ਗੱਲ ਮੇਰੇ ਨਾਲ ਨਾ ਕਰੋ ਮੈਂ ਪਹਿਲੇ ਹੀ ਕਹਿ ਚੁਕੀ ਹਾਂ ਕਿ ਮੈਂ ਹੁਣ ਰ ਸੌਦਾ ਨਹੀਂ ਕਰਦੀ, ਦੇਖ ਮੈਂ ਜਾਂਦੀ ਹਾਂ।

ਨਜਮ—(ਅਗੋਂ ਰੋਕਕੇ) ਸੁਣ ਤਾਂ ਸਹੀ! ਤੂੰ ਗੁਸੇ ਕਿਉਂ ਹੋ ਗਈਓ? ਜੇ ਤੈਨੂੰ ਸਾਡੇ ਉਤੇ ਇਤਬਾਰ ਨਹੀਂ ਤਾਂ ਤੂੰ ਏਥੇਹੀ ਠਹਿਰ ਅਸੀਂ ਰੁਪੈ ਲੈ ਆਂਦੇ ਹਾਂ।

ਕੇਤਕੀ—ਹਛਾ ਇਕ ਆਦਮੀ ਮੇਰੇ ਪਾਸ ਬੈਠੋ ਅਰ ਇਕ ਜਾਕੇ ਰੁਪੈ ਲੈ ਆਓ।

ਨਾਜਮ—ਹਛਾ ਐਹਮਦ ਤੇਰੇ ਪਾਸ ਬੈਠਦਾ ਹੈ ਅਰ ਮੈਂ ਰੁਪੈ ਲੈ ਆਉਂਦਾ ਹਾਂ।

ਇਹ ਕਹਿਕੇ ਨਜਮ ਨੇ ਤਾਂ ਐਹਮਦ ਨੂੰ ਤਾਂ ਓਥੇ ਹੀ ਛਡਿਆ ਅਰ ਆਪ ਖੁਸ਼ੀ ੨ ਕੂਰਸਿੰਘਦੇ ਵਲਰੁਪੈਲੈਣਚਲਾਗਯਾ

ਨਾਜਮ ਦੇ ਜਾਨ ਪਿਛੋਂ ਥੋੜਾ ਚਿਰ ਐਹਮਦ ਤੇ ਕੇਤਕੀ ਐਧਰ ਓਧਰ ਦੀਆਂ ਗਲਾਂ ਕਰਦੇ ਰਹੇ, ਗਲਾਂ ਕਰਦੇ ਕਰਦੇ ਕੇਤਕੀ ਨੇ ਦੋ ਚਾਰ ਲਾਚੀਆਂ ਬਟੂਏ ਵਿਚੋਂ ਕਢਕੇ ਐਹਮਦ ਨੂੰ ਦਿਤੀਆਂ ਅਰ ਆਪ ਭੀ ਖਾਧੀਆਂ ਐਹਮਦ ਨੂੰ ਤੇਜ ਸਿੰਘ ਦੇ ਫੜੇ ਜਾਣ ਦੀ ਐਤਨੀ ਖੁਸ਼ੀ ਚੜੀ ਹੋਈ ਸੀ ਕਿ ਉਹ ਕੁਛ ਸੋਚ ਨਾ ਸਕਿਆ, ਅਰ ਲਾਚੀਆਂ ਖਾ ਗਿਆ, ਥੋੜੇ ਹੀ ਚਿਰ ਪਿਛੋਂ ਓਸਦਾ ਸਿਰ ਤੋਣ ਲਗ ਪਿਆ ਫੇਰ ਤਾਂ ਐਹਮਦ ਸਮਝ ਗਿਆ ਕਿ ਇਹ ਕੋਈ ਏਯਾਰ ਹੈ, ਏਸਨੇ ਧੋਖਾ ਦਿਤਾ ਹੈ। ਝਟ ਲਕ ਨਾਲੋਂ ਖੰਜਰ ਖਿਚ ਲਿਆ ਅਰ ਬਿਨਾਂ ਕੁਛ ਕਹੇ ਸੁਣੇ ਦੇ ਕੇਤਕੀ ਨੂੰ ਕਢ ਮਾਰਿਆ, ਕੇਤਕੀ ਤਾਂ ਪਹਿਲਾਂ ਹੀ ਹੁਸ਼ਿਆਰ ਸੀ, ਵਾਬਚਾਕੇ

CC-0. Kashmir Research Institute. Digitized by eGangotri

ਐਹਮਦ ਦੀ ਵੰਞੀ ਫੜ ਲਈ ਐਹਮਦ ਕੁਝ ਨਾ ਕਰ ਸਕਿਆ ਅਰ ਬੇਹੋਸ਼ ਹੋਕੇ ਡਿਗ ਪਿਆ, ਤੇਜ ਸਿੰਘ ਨੇ ਓਸ ਦੀਆਂ ਮੁਸ਼ਕਾਂ ਕਸਕੇ ਇਕ ਚੱਦਰ ਵਿਚ ਗੰਢ ਬੰਨ ਲਈ ਪਿਠ ਉਤੇ ਲਦਕੇ ਨੌ ਗੜ ਨੂੰ ਛੇਤੀ ਛੇਤੀ ਤੁਰ ਪਿਆ, ਦਿਲ ਵਿਚ ਇਹ ਵੀ ਡਰ ਸੀ ਕਿ ਮਤਾਂ ਪਿਛੋਂ ਨਾਜ਼ਮ ਆ ਜਾਵੇ ਅਰ ਪਿਛਾ ਕਰੇ।

ਏਧਰ ਨਾਜ਼ਮ ਜਦ ਰੁਪੈ ਲੈਣ ਗਿਆ ਤਾਂ ਸਿਧਾ ਕੂਰਸਿੰਘ ਦੇ ਘਰ ਪਹੁੰਚਾ, ਓਸ ਵੇਲੇ ਕੂਰ ਸਿੰਘ ਆਪ ਮਜੇ ਦੀ ਨੀਂਦ ਵਿਚ ਸੁਤਾ ਹੋਇਆ ਸੀ, ਜਾਂਦਿਆਂ ਹੀ ਨਾਜ਼ਮ ਨੇ ਓਸ ਨੂੰ ਜਗਾਯਾ ਕੂਰ ਸਿੰਘ ਨੇ ਪੁਛਿਆ ਕਿਉਂ ਕੀ ਹੈ ਜੋ ਤੂੰ ਐਸ ਵੇਲੇ ਮੈਨੂੰ ਜਗਾਯਾ ਹੈ ?

ਨਾਜ਼ਮ ਨੇ ਕੂਰ ਸਿੰਘ ਨੂੰ ਆਪਣਾ ਪੂਰਾ ਹਾਲ ਅਰਥਾਤ ਚੰਦ੍ਰਕਾਂਤਾ ਦੇ ਬਾਗ ਵਿਚ ਜਾਣਾਂ ਅਰ ਫੜੇ ਜਾਕੇ ਕੋਰੜੇ ਖਾਣੇ ਐਹਮਦ ਦਾ ਛੁਡਾਉਣਾ ਫੇਰ ਓਥੋਂ ਤੁਰਨਾ ਰਸਤੇ ਵਿਚ ਕੇਤਕੀ ਦਾ ਮਿਲਣਾ ਅਰ ਹਜਾਰ ਰੁਪੈ ਮਿਲਨ ਤੇ ਤੇਜ ਸਿੰਘ ਨੂੰ ਫੜਾਉਨ ਦੀ ਗਲ ਬਾਤ ਕਰਨੀ ਸਭ ਹਾਲ ਕਹਿ ਸੁਨਾਯਾ। ਕੂਰ ਸਿੰਘ ਨੇ ਨਾਜ਼ਮ ਦੇ ਫੜੇ ਜਾਣ ਦਾ ਹਾਲ ਸੁਣਕੇ ਤਾਂ ਬੜਾ ਅਫਸੋਸ ਕੀਤਾ ਪਰ ਪਿਛੋਂ ਤੇਜ ਸਿੰਘ ਦੇ ਫੜਨ ਦੀ ਉਮੈਦ ਸੁਣਕੇ ਉਛਲ ਪਿਆ, ਅਰ ਬੋਲ ਉਠਿਆ ਲਓ ਹਜ਼ਾਰ ਰੁਪਯਾ ਦੇਂਦੇਹਾਂ ਸਗੋਂ ਮੈਂ ਆਪ ਤੇਰੇ ਨਾਲ ਚਲਦਾ ਹਾਂ ਇਹ ਕਹਿਕੇ ਹਜ਼ਾਰ ਰੁਪਯਾ ਸੰਦੂਕ ਵਿਚੋਂ ਕਢਕੇ ਨਾਜ਼ਮ ਦੇ ਨਾਲ ਤੁਰ ਪਿਆ।

ਜਦ ਨਾਜ਼ਮ ਕੂਰਸਿੰਘ ਨੂੰ ਲੈਕੇ ਉਥੇ ਪਹੁੰਚਾ ਜਿਥੇ ਐਹਮਦ ਤੇ ਕੇਤਕੀ ਨੂੰ ਛਡ ਗਿਆ ਸੀ ਤਾਂ ਦੋਹਾਂ ਵਿਚੋਂ ਉਥੇ ਕੋਈ ਨਾ ਮਿਲਿਆ ਬੱਸ ਨਾਜ਼ਮ ਤਾਂ ਦੰਗ ਹੋਗਿਆ ਅਰ ਉਸਦੇ ਮੂਹੋਂ

CC-0. Kashmir Research Institute. Digitized by eGangotri

ਇਹ ਨਿਕਲ ਪਿਆ ਕਿ ਏਹ ਤਾਂ ਧੋਖਾ ਹੋਇਆ।

ਕੂਰ ਸਿੰਘ—ਕਿਉ ਨਾਜ਼ਮ ਕੀ ਹੋਇਆ।?

ਨਾਜ਼ਮ—ਕੀ ਦਸਾਂ ? ਕੇਤਕੀ ਨਹੀਂ ਓਹਤਾਂ ਕੋਈ ਏਜਾਰ ਸੀ ਜੋ ਪੂਰਾ ਧੋਖਾ ਦੇਕੇ ਐਹਮਦ ਨੂੰ ਉਡਾ ਲੈਗਿਆ।

ਕੂਰ ਸਿੰਘ—ਖੂਬ! ਤੂੰ ਤਾਂ ਬਾਗ ਵਿਚ ਚਪਲਾ ਦੇ ਹਥੋਂ ਜੁਤੀਆਂ ਖਾ ਹੀ ਚੁਕਾ ਸੀ ਪਰ ਐਹਮਦ ਬਾਕੀ ਸੀ ਸੋ ਉਹ ਭੀ ਏਸ ਵੇਲੇ ਕਿਤੇ ਜੁਤੀਆਂ ਖਾਂਦਾ ਹੋਊ, ਚਲੋ ਛੁਟੀ ਹੋਈ।

ਨਾਜ਼ਮ ਨੇ ਸ਼ਕ ਮਿਟਾਉਣ ਨੂੰ ਐਧਰ ਓਧਰ ਖੋਜ ਕੀਤੀ ਪਰ ਵਿਅਰਥ! ਛੇਤੜ ਦੋਵੇਂ ਰੋਂਦੇ ਪਿਟਦੇ ਘਰ ਨੂੰ ਤੁਰਦੇ ਹੋਏ।

ਛੇਵਾਂ ਕਾਂਡ

ਤੇਜ ਸਿੰਘ ਨੂੰ ਬਿਜੈ ਗੜ੍ਹ ਭਲ ਵਿਦਾ ਕਰਕੇ ਬੀਰੇਂਦ੍ਰ ਸਿੰਘ ਆਪਣੇ ਮਹਲ ਵਿਚ ਆਏ ਪਰ ਕਿਸੇ ਕੰਮ ਵਿਚ ਉਨਾ ਦਾ ਜੀ ਨਹੀਂ ਸੀ ਲਗਦਾ ਹਰ ਵੇਲੇ ਚੰਦਰਕਾਂਤਾ ਦੀ ਯਾਦ ਵਿਚ ਤੁਬੇ ਰੈਹਨਾ, ਜਦ ਕਦੀ ਵੇਹਲ ਵੇਖਣੀ ਤਾਂ ਚੰਦਰ ਕਾਂਤਾ ਦੀ ਮੂਰਤ ਅਗੇ ਰਖਕੇ ਗਲਾਂ ਕਰਨੀਆਂ ਜਾਂ ਪਲੰਘ ਉਤੇ ਲੇਟਕੇ ਮੂਹ ਕਰਕੇ ਰੋਂਦੇ ਰੈਹਣਾ ਏਹੋ ਉਨਾਂ ਦਾ ਕੰਮ ਸੀ। ਜੇ ਕੋਈ ਕੁਝ ਪੁਛਦਾ ਤਾਂ ਬਹਾਨਾ ਬਨਾ ਦੇਂਦੇ ਬੀਰੇਂਦਰ ਸਿੰਘ ਦੇ ਪਿਤਾ ਸੁਰੇਂਦਰ ਸਿੰਘ ਨੂੰ ਬੀਰੇਂਦਰ ਸਿੰਘ ਦੇ ਹਾਲ ਦੀ ਸਭ ਖਬਰ ਸੀ ਪਰ ਕਛ ਪੇਸ਼ ਨਹੀਂ ਸੀ ਜਾਂਦੀ ਕਿਉਂਕਿ ਬਿਜੈ ਗੜ੍ਹ ਦਾ ਰਾਜ ਏਨਾਂ ਕੋਲੋਂ ਜਬਰਦਸਤ ਅਰ ਹਮੇਸ਼ਾਂ ਏਨਾਂ ਉਤੇ ਹਕੂਮਤ ਰਖਦਾ ਸੀ।

ਬੀਰੇਂਦਰ ਸਿੰਘ ਨੇ ਤੇਜ ਸਿੰਘ ਨੂੰ ਬਿਜੈ ਗੜ੍ਹ ਜਾਂਦੀ ਵਾਰ

CC-0. Kashmir Research Institute. Digitized by eGangotri

ਕੋਹ ਦਿਤਾ ਸੀ ਕਿ ਅਜੇ ਹੀ ਮੁੜ ਆਵੀਂ, ਰਾਤ ਬਾਕੀ ਬ
ਤੁਕ ਬੀਰੇਂਦਰ ਸਿੰਘ ਨੇ ਤੇਜ ਸਿੰਘ ਨੂੰ ਉਡੀਕਿਆ, ਜਦ ਓਹ
ਨਾ ਆਇਆ ਤਾਂ ਏਨਾਂ ਦੀ ਘਬਰਾਹਟ ਹੋਰ ਕੀ ਵਧ ਗਈ,
ਛੇਕੜ ਕਿਸੇਤਰਾਂ ਆਪਨੇ ਆਪਨੂੰ ਸਮਝਾਕੇ ਪਲੰਘ ਉ
ਜਾ ਲੇਟੇ ਪਰ ਮੂੰਹ ਦਰਵਾਜੇ ਵਲ ਹੀ ਸੀ, ਸਵੇਰਾ ਹੋਇਆ ਹੋ
ਚਾਹੇਦਾ ਸੀ ਕਿ ਤੇਜ ਸਿੰਘ ਪਿਠ ਉਤੇ ਪੰਡ ਲਦੀ ਅ
ਪਹੁੰਚੇ, ਪੈਹਰੇ ਵਾਲੇ ਤੇਜ ਸਿੰਘ ਨੂੰ ਏਸ ਹਾਲ ਵਿਚ ਦੇਖ
ਹੈਰਾਨ ਸਨ ਪਰ ਡਰਦੇ ਕੁਝ ਕੋਹ ਨਹੀ ਸੀ ਸਕਦੇ। ਤੇ
ਸਿੰਘ ਨੇ ਬੀਰੇਂਦਰ ਸਿੰਘ ਦੇ ਕਮਰੇ ਵਿਚ ਪਹੁੰਚਕੇ ਦੇਖਿਆ
ਕਿ ਓਹ ਅਜ ਤਕ ਜਾਗ ਰਹੇ ਹਨ, ਬੀਰੇਂਦਰ ਸਿੰਘ ਤੇਜ ਸਿੰ
ਨੂੰ ਦੇਖਦਿਆਂ ਹੀ ਉਠ ਖਲੋਤੇ ਅਤ ਬੋਲੇ ਵਾਂਹ ਜੀ ਵਾ
ਏਨਾਂ ਚਿਰ ਲਾਈਦਾ ਹੈ! ਸੁਨਾਓ ਕੀ ਹਾਲ ਹੈ ?

ਤੇਜ ਸਿੰਘ ਨੇ ਓਥੋਂ ਦਾ ਸਾਰਾ ਹਾਲ ਦਸਿਆ ਚੰਦ੍ਰਕਾਂਤ
ਦੀ ਚਿਠੀ ਕਢਕੇ ਦਿਤੀ ਅਤ ਐਹਮਦ ਦੀ ਰੰਢ ਖੋਹਲ
ਦਿਖਾਈ ਤੇ ਕਿਹਾ "ਏਹ ਚਿਠੀ ਹੈ ਤੇ ਏਹ ਸੌਗਾਤ"।

ਬੀਰੇਂਦ੍ਰ ਸਿੰਘ ਬਹੁਤ ਖੁਸ਼ ਹੋਏ ਅਤ ਚਿਠੀ ਨੂੰ ਕਈਵਾਰ
ਪੜਕੇ ਅਖਾਂ ਨਾਲ ਲਾਕੇ ਤੇਜ ਸਿੰਘ ਨੂੰ ਕਿਹਾ "ਸੁਨੋ ਤੇ
ਸਿੰਘ ਏਸ ਐਹਮਦ ਨੂੰ ਕਿਤ ਐਸੀ ਜਗਾ ਰਖੋਂ ਜਿਥਕਿਸੇ
ਮਲੂਮ ਨਾ ਹੋਵੇ ਜੇ ਸਿੰਘ ਨੂੰ ਖਬਰ ਲਗੇਗੀ ਤਾਂ ਫਸ
ਵਧ ਜਾਏਗਾ।"

ਤੇਜ ਸਿੰਘ—ਏਹ ਗਲ ਮੈਂ ਪੈਹਲੇ ਹੀ ਸੋਚ ਚੁਕਾ ਹਾ
ਏਸਨੂ ਇਕ ਪਹਾੜ ਦੀ ਖੋਹ ਵਿਚ ਰਖ ਆਉਂਦਾ ਹਾਂ ਜਿਸ
ਕੇਵਲ ਮੈਂ ਹੀ ਜਾਣਦਾ ਹਾਂ।

ਏਹ ਕੈਹਕੇ ਤੇਜ ਸਿੰਘ ਨੇ ਫੇਰ ਐਹਮਦ ਦੀ ਰੰਢ ਬੰ

CC-0. Kashmir Research Institute. Digitized by eGangotri

ਅਰ ਇਕ ਪਿਆਦੇ ਨੂੰ ਭੇਜਕੇ ਦੇਵੀ ਸਿੰਘ ਨਾਮੇ ਇਕ ਏਯਾਰ ਨੂੰ ਸਦਵਾਯਾ, ਜੋ ਤੇਜ ਸਿੰਘ ਦਾ ਸ਼ਾਗਿਰਦ, ਗੂੜਾ ਯਾਰ, ਅਰ ਸਾਕਾਂ ਵਿਚ ਸਾਲਾ ਭੀ ਸੀ ਅਰ ਏਯਾਰੀ ਦੇ ਢਠ ਵਿਚ ਤੇਜ ਸਿੰਘ ਪਾਸੋਂ ਕੁਝ ਘਟ ਨਹੀਂ ਸੀ, ਜਦ ਦੇਵੀ ਸਿੰਘ ਆਗਿਆ ਤਾਂ ਤੇਜ ਸਿੰਘ ਨੇ ਐਹਮਦ ਦੀ ਗਠੜੀ ਆਪਣੀ ਪਿਠ ਉਤੇ ਲਦੀ ਅਰ ਦੇਵੀ ਸਿੰਘ ਨੂੰ ਕਿਹਾ ਕਿ ਮੇਰੇ ਨਾਲ ਆ ਇਕ ਕੰਮ ਹੈ। ਦੇਵੀ ਸਿੰਘ ਨੇ ਕਿਹਾ ਉਸ-ਤਾਦ ਜੀ! ਏਹ ਗਠਤੀ ਮੈਨੂੰ ਦੇਵੋ ਮੈ ਲੈ ਚਲਾਂ ਮੇਰੇ ਹੁੰਦਿਆਂ ਏਹ ਕੰਮ ਤੁਹਾਨੂੰ ਚੰਗਾ ਨਹੀ ਲਗਦਾ। ਦੇਵੀ ਸਿੰਘ ਨੇ ਓਹ ਗਠੜੀ ਲੈਕੇ ਆਪ ਚੁਕ ਲਈ ਅਰ ਤੇਜ ਸਿੰਘ ਦੇ ਪਿਛੇ ਤੁਰ ਪਿਆ॥

ਏਹ ਦੋਵੇ ਸ਼ੇਹਰੋ ਬਾਹਰ ਹੋਕੇ ਜੰਗਲ ਪਹਾੜੀਆਂ ਵਿਚ ਮੋੜ ਘੇੜ ਖਾਂਦੇ ਹੋਏ ਦੋਕੁ ਕੋਹ ਜਾਕੇ ਇਕ ਹਨੇਰੀ ਗੁਫਾ ਵਿਚ ਵੜ ਗਏ, ਥੋੜੀ ਦੂਰ ਜਾਕੇ ਫੇਰ ਚਾਨਣਾ ਆਇਆ ਓਥੇ ਜਾਕੇ ਤੇਜ ਸਿੰਘ ਠੈਹਰ ਗਿਆ ਅਰ ਦੇਵੀ ਸਿੰਘ ਨੂੰ ਕਿਹਾ "ਗੰਢ ਰਖ ਦੇਵੋ"॥

ਦੇਵੀ ਸਿੰਘ-(ਗੰਢ ਰਖਕੇ) ਉਸਤਾਦ ਜੀ ਏਹ ਤਾਂ ਬੜੀ ਅਜੀਬ ਥਾਂ ਹੈ। ਅਜ ਤਕ ਮੈ ਕਦੇ ਏਸ ਪਾਸੇ ਨਹੀਂ ਆਇਆ ਅਰ ਹੋਰ ਭੀ ਕੋਈ ਨਹੀ ਆ ਸਕਦਾ, ਜੇ ਕੋਈ ਭੁਲਾ ਭਟਕਿਆ ਆ ਭੀ ਜਾਵੇ ਤਾਂ ਜਾਣਾ ਮੁਸ਼ਕਲਿ ਹੋ ਜਾਵੇ।

ਤੇਜ ਸਿੰਘ-ਸੁਨ ਦੇਵੀ ਸਿੰਘ ਏਸ ਥਾਂ ਨੂ ਸਿਵਾਏ ਮੇਰੇ ਕੋਈ ਨਹੀ ਜਾਣਦਾ ਤੈਨੂ ਆਪਣਾ ਲੰਗੋਟੀਆਂ ਯਾਰ ਸਮਝਕੇ ਲੈ ਆਇਆ ਹਾਂ, ਤੈਨੂੰ ਅਜੇ ਬਹੁਤ ਕੰਮ ਕਰਨਾ ਪਵੇਗਾ।

ਦੇਵੀ ਸਿੰਘ-ਮੈ ਤੁਹਾਡਾ ਤ ਬੇਦਾਰ ਹਾਂ ਤੁਸੀਂ ਉਸਤਾਦ

CC-0. Kashmir Research Institute. Digitized by eGangotri

ਹੋ ਏਯਾਰੀ ਮੈਨੂੰ ਤੁਸਾਂ ਹੀ ਸਿਖਾਈ ਹੈ, ਜੇ ਮੇਰੀ ਜਾਨ ਦੀ ਭੀ ਲੋੜ ਹੋਵੇ ਤਾਂ ਮੈ ਤਿਆਰ ਹਾਂ।

ਤੇਜ ਸਿੰਘ ਨੇ ਕਿਹਾ, ਸੁਨੋ ਜੋ ਕੁਝ ਮੈ ਕੈਹਦਾ ਹਾਂ ਉਸਨੂ ਹਛੀ ਤਰਾਂ ਯਾਦ ਰਖੋ, ਏਹ ਜੋ ਪਥਰ ਦਾ ਦਰਵਾਜਾ ਸਾਹਮਣੇ ਦਿਸਦਾ ਹੈ ਏਸਨੂੰ ਸਿਵਾਏ ਮੇਰੇ ਕੋਈ ਨਹੀ ਖੋਲਨ ਜਾਣਦਾ ਜਾਂ ਮੇਰੇ ਉਸਤਾਦ ਜਿਨਾਂ ਨੇ ਮੈਨੂ ਏਯਾਰੀ ਸਿਖਾਈ ਸੀ ਜਾਨਦੇ ਸਨ ਹੁਣ ਤਾਂ ਹੈਨ ਨਹੀ ਮਰ ਗਏ ਹਨ ਐਸ ਵੇਲੇ ਮੇ ਬਿਨਾ ਹੋਰ ਕੋਈ ਨਹੀ ਜਾਨਦਾ ਮੈ ਹੁਣ ਏਸਦਾ ਖੋਲਣਾ ਤੈਨੂ ਦਸਦਾ ਹਾਂ, ਜਿਸ ਜਿਸਨੂ ਮੈ ਫੜਿਆ ਕਰਾਂਗਾ ਏਸੇ ਵਿਚ ਲਿਆਂਕੇ ਕੈਦ ਕਰਿਆ ਕਰੀ ਤਾਂ ਕਿ ਕਿਸੇ ਨੂ ਮਾਲੂਮ ਭੀ ਨਾ ਹੋ ਸਕੇ ਅਰ ਨਾ ਕੋਈ ਛੁਡਾ ਸਕੇ ਲੈ ਜਾ ਸਕੇ ਏਨ ਵਿਚ ਕੈਦ ਕਰਨ ਨਾਲ ਕੈਦੀਆਂ ਦੇ ਹਥ ਪੈਰ ਬੰਨਣ ਦੀ ਭੀ ਕੋਈ ਲੋੜ ਨਹੀ ਰਹੇਗੀ ਕੇਵਲ ਹਿਫ਼ਾਜ਼ਤ ਵਾਸਤੇ ਇਕ ਖੁਲੀ ਜੇਹੀ ਬੇੜੀ ਉਨਾਂ ਦੇ ਪੈਰਾਂ ਵਿਚ ਪਾ ਦੇਣੀ ਪਵੇਗੀ ਜਿਸ ਨਾਲ ਹੌਲੀ ਹੌਲੀ ਤੁਰ ਫਿਰ ਭੀ ਸਕਨ। ਕੈਦੀਆਂ ਦੇ ਖਾਨ ਪੀਨ ਦਾ ਫਿਕਰ ਭੀ ਤੈਨੂ ਨਹੀ ਕਰਨਾ ਪਵੇਗਾ ਕਉਂਕਿ ਏਸਦੇ ਨੀਚੇ ਇਕ ਛੋਟੀ ਜੇਹੀ ਕੁਦਰਤੀ ਨੈਹਰ ਹੈ ਜਿਸ ਵਿਚ ਬਾਰਾਂ ਮਹੀਨੇ ਪਾਣੀ ਵਗਦਾ ਰੈਹਦਾ ਹੈ ਅਰ ਮੇਵਿਆਂ ਦੇ ਦਰਖਤ ਭੀ ਬਹੁਤ ਹਨ, ਹੁਣ ਏਸ ਕੈਦੀ ਨੂ ਏਥ ਹੀ ਕੈਦ ਕਰਦੇ ਹਾਂ ਏਸਦੇ ਪਿਛੋ ਤੂ ਮਹਾਰਾਜ ਨੂ ਕਹੀ ਕਿ ਅਜ ਕਲ ਮੈ ਬੀਮਾਰ ਰਹਿਦਾ ਹਾਂ ਜੇ ਇਕ ਮਹੀਨੇ ਦੀ ਛੁਟੀ ਮਿਲੇ ਤਾਂ ਆਬੋਹਵਾ ਬਦਲ ਆਵਾਂ ਬਿਸ ਇਕ ਮਹੀਨੇ ਦੀ ਛੁਟੀ ਲੈ ਲਵੋ ਅਰ ਮੈ ਕੋਸ਼ਸ਼ ਕਰ ਕੇ ਤੈਨੂ ਛੁਟੀ ਦੁਵਾ ਭੀ ਦੇਵਾਂਗਾ ਛੁਟੀ ਲੈਕੇ ਭੇਸ ਬਦਲਕੇ ਬਸ ਗੜ ਜਾਓ ਅਰ ਓਥੇ ਰੈਹਕੇ ਬਰਾਬਰ ਏਧਰ ਦੀ ਓਧਰ

CC-0. Kashmir Research Institute. Digitized by eGangotri

ਖਬਰ ਲੈਂਦੇ ਰਿਹਾ ਕਰੋ ਜੋ ਕੁਝ ਹਾਲ ਹੋਵੇ ਮੈਨੂੰ ਕਹਿੰਦੇ ਰਹੋ ਅਰ ਜਦ ਮੌਜਾ ਮਿਲੇ ਬਦਮਾਸ਼ਾਂ ਨੂੰ ਫੜਕੇ ਏਸੇ ਥਾਂ ਲਿਆਕੇ ਕੈਦ ਕਰ ਦਿਆ ਕਰੋ। ਹੋਰ ਭੀ ਬਹੁਤ ਸਾਰੀਆਂ ਗਲਾਂ ਸਮਝਾਉਣ ਦੇ ਪਿਛੋਂ ਤੇਜ ਸਿੰਘ ਦਰਵਾਜਾ ਖੋਹਲਣ ਚਲੇ।

ਦਰਵਾਜੇ ਦੇ ਉਪਰ ਇਕ ਵਡਾ ਸਾਰਾ ਚੇਹਰਾ (ਮੂੰਹ) ਸ਼ੇਰ ਦਾ ਬਣਿਆ ਹੋਇਆ ਸੀ ਜਿਸਦੇ ਮੂਹ ਵਿਚ ਹਥ ਖੁਲਾ ਜਾ ਸਕਦਾ ਸੀ, ਤੇਜ ਸਿੰਘ ਨੇ ਦੇਵੀ ਸਿੰਘ ਨੂੰ ਕਿਹਾ ਕੇ ਸ਼ੇਰ ਦੇ ਮੂਹ ਵਿਚ ਹਥ ਪਾਕੇ ਏਸਦੀ ਜ਼ਬਾਨ ਬਾਹਰ ਖਿਚੋ, ਦੇਵੀ ਸਿੰਘ ਨੇ ਓਸੇ ਤਰਾਂ ਕੀਤਾ ਅਰ ਹਥ ਭਰ ਜ਼ਬਾਨ ਬਾਹਰ ਖਿਚ ਲਈ ਉਸਦੇ ਖਿਚਦਿਆਂ ਹੀ ਇਕ ਅਵਾਜ਼ ਆਈ ਅਰ ਦਰਵਾਜਾ ਖਲ ਗਿਆ, ਮੌਹਮਦ ਦੀ ਗਠੜੀ ਲੈਕੇ ਦੋਵੇਂ ਅੰਦਰ ਗਏ, ਦੇਵੀ ਸਿੰਘ ਨੇ ਦੇਖਿਆ ਕਿ ਖੂਬ ਖੁਲੀ ਜਗਾ ਕੌਹਕ ਦਾ ਮੈਦਾਨ ਹੈ ਚੌਂਹੀਂ ਪਾਸੀਂ ਉਚੀਆਂ ਉਚੀਆਂ ਪਹਾੜੀਆਂ ਹਨ ਜਿਨਾਂ ਤੇ ਆਦਮੀ ਕਦੇ ਚੜ ਹੀ ਨਹੀਂ ਸਕਦਾ, ਵਿਚਕਾਰ ਇਕ ਛੋਟਾ ਜਿਹਾ ਸੋਤਾ ਪਾਣੀ ਦਾ ਵਗਦਾ ਹੈ ਅਰ ਬਹੁਤ ਸਾਰੇ ਜੌਂਗਲੀ ਮੇਵਿਆਂ ਦੇ ਦਰਖਤਾਂ ਨਾਲ ਏਹ ਜਗਾ ਖੂਬ ਸੁਹਾਵਣ ਹੋ ਰਹੀ ਹੈ, ਚੌਂਹਾਂ ਪਾਸਿਆਂ ਦੀਆਂ ਪਹਾੜੀਆਂ ਹੇਠ ਤੋਂ ਉਪਰ ਤਿਕ ਬੇਰ, ਮਕੋ, ਪੁੰਘਚੀ ਆਦਿਕਾਂ ਦੇ ਬੂਟਿਆਂ ਨਾਲ ਢਕਿਆਂ ਹੋਇਆਂ ਹਨ, ਪਹਾੜੀ ਦੇ ਉਪਰੋਂ ਪਾਣੀ ਤਿਰ ਰਿਹਾ ਹੈ ਇਸਦੀ ਅਵਾਜ ਬਹੁਤ ਹੀ ਭਲੀ ਮਲੂਮ ਹੁੰਦੀ ਹੈ ਹਵਾ ਚਲਣ ਨਾਲ ਦਰਖਤਾਂ ਦੀ ਸ਼ਾਂ ਸ਼ਾਂ ਅਰ ਪਾਣੀ ਦੀ ਆਵਾਜ ਅਰ ਵਿਚ ਵਿਚ ਮੋਰਾਂ ਦਾ ਸ਼ੋਰ ਹੋਰ ਭੀ ਦਿਲ ਨੂੰ ਖਿਚ ਲੈਂਦਾ ਹੈ, ਹੇਠਾਂ ਜੋ ਸੋਤਾ ਪਾਣੀ ਦਾ ਪੂਰਬ ਤੋਂ ਪੱਛਮ ਵਲ ਵਗਦਾ ਹੈ

CC-0. Kashmir Research Institute. Digitized by eGangotri

ਓਸਦੇ ਦੋਹੀਂ ਪਾਸੀਂ ਜਾਮਨੂ ਦੇ ਦਰਖਤ ਲਗੇ ਹੋਏ ਹਨ ਅਰ ਪਕੇ ਪਕੇ ਜਾਮਨੂੰ ਓਸ ਪਾਣੀ ਦੇ ਸੋਤੇ ਵਿਚ ਡਿਗਦੇ ਪਏ ਹਨ, ਸੋਤੇ ਦਾ ਪਾਣੀ ਭੀ ਐਤਨਾ ਸਾਫ ਹੈ ਕਿ ਦੇਠੋਂ ਜਮੀਨ ਦਿਖਾਈ ਦੇਂਦੀ ਹੈ। ਕਿਤੇ ਹਥ ਭਰ, ਕਿਤੇ ਲਕ ਲਕ ਅਰ ਕਿਤੇ ਏਸਤੋਂ ਭੀ ਜਿਆਦਾ ਹੈ, ਕਿਤੇ ਕਿਤੇ ਪਹਾੜਾਂ ਵਿਚ ਕੁਦਰਤੀ ਖੋਹ ਬਨੇ ਹੋਏ ਹਨ, ਜਿਸਤੋਂ ਮਲੂਮ ਹੁੰਦਾ ਹੈ ਕਿ ਈਸ਼ਵਰ ਨੇ ਏਥੋਂ ਦੀ ਸੈਲ ਕਰਨ ਵਾਲਿਆਂ ਵਾਸਤੇ ਕੋਠੜੀਆਂ ਬਨਾ ਦਿਤੀਆਂ ਹਨ ਚੌਤਰਫ ਪਹਾੜੀਆਂ ਅਰ ਉਨਾਂ ਦੇ ਉਪਰ ਹਲਕੇ ਹਲਕੇ ਬਦਲ ਦੇ ਟੁਕੜੇ ਆਏ ਹੋਏ ਸ਼ਾਮਯਾਨੇ ਦਾ ਨਮੂਨਾ ਮਲੂਮ ਹੁੰਦੇ ਹਨ ਇਹ ਜਗਾ ਅਜੇਹੀ ਸੁਹਾਵਣੀ ਹੈ ਕਿ ਵਰਿਆਂ ਭਰ ਰੈਹਨ ਨਾਲ ਭੀ ਕਿਸੇ ਦਾ ਜੀ ਨਾ ਘਬਰਾਵੇ ਸਗੋਂ ਦਿਲ ਲਗਾ ਰਹੇ।

ਸਵੇਰ ਹੋ ਗਈ ਸੂਰਜ ਨਿਕਲ ਆਯਾ, ਤੇਜ ਸਿੰਘ ਨੇ ਐਹਮਦ ਦੀ ਗਠੜੀ ਖੋਲੀ ਅਰ ਓਸਦਾ ਏਯਾਰੀ ਦਾ ਝਟੂਆ ਤੇ ਖੰਜਰ ਜੋ ਲਕ ਨਾਲ ਬਧਾ ਹੋਇਆ ਸੀ ਲੈ ਲਿਆ, ਅਰ ਇਕ ਬੜੀ ਉਸਦੇ ਪੈਰ ਵਿਚ ਪਾਕੇ ਹੁਸ਼ਿਆਰ ਕੀਤਾ, ਜਦ ਐਹਮਦ ਹੋਸ਼ ਵਿਚ ਆਯਾ ਤਾਂ ਓਸਨੇ ਆਪਣੇ ਆਪਨੂੰ ਇਕ ਸੁਹਾਵਣ ਰਮਣੀਕ ਥਾਂ ਵਿਚ ਦੇਖਿਆ ਤਾਂ ਓਸਨੂੰ ਯਕੀਨ ਹੋਗਿਆ ਕਿ ਮੈਂ ਮਰ ਗਿਆ ਹਾਂ ਅਰ ਫਰਿਸ਼ਤੇ (ਜਮਦੂਤ) ਮੈਨੂੰ ਏਥੇ ਲੈ ਆਏ ਹਨ, ਲਗਾ ਕਲਮਾ ਪੜ੍ਹਨ ਤੇਜ ਸਿੰਘ ਨੂੰ ਓਸਦੇ ਕਲਮਾ ਪੜ੍ਹਨ ਤੇ ਹਾਸਾ ਆਇਆ ਬੋਲੇ ਮੀਆਂ ਜੀ! ਤੁਸਾਂ ਸਾਡੇ ਕੈਦੀ ਹੋ ਏਧਰ ਦੇਖੋ! ਐਹਮਦ ਨੇ ਤੇਜ ਸਿੰਘ ਵਲ ਦੇਖਿਆ, ਪਛਾਣ ਦਿਆਂ ਹੀ ਜਾਨ ਨਿਕਲ ਗਈ ਸਮਝੇ ਕਿ ਜੇ ਓਦੋਂ ਨਹੀਂ ਸੀ ਮੋਏ ਤਾਂ ਹੁਣ ਮੋਏ, ਡਰ ਨੇ ਓਸਦਾ ਅਜੇਹਾ ਸੌਂਘ ਘੁਟਿਆ ਕਿ ਇਕ ਅਖਰ ਭੀ ਨਾ ਮੂਹੋਂ ਕਢ

CC-0. Kashmir Research Institute. Digitized by eGangotri

ਸਕਿਆ ॥

ਐਹਮਦ ਨੂ ਓਥੇ ਹੀ ਛਡਕੇ ਦੋਵੇਂ ਏਜਾਰ ਬਾਹਰ ਆਏ, ਤੇਜ ਸਿੰਘ ਨੇ ਦੇਵੀ ਸਿੰਘ ਨੂ ਕਿਹਾ ਕਿ ਏਸ ਸ਼ੇਰ ਦੀ ਜਬਾਨ ਜੋ ਤੁਸਾਂ ਖਿਚੀ ਸੀ ਓਸਦੇ ਮੂੰਹ ਵਿਚ ਪਾ ਦੇਵੋ । ਦੇਵੀ ਸਿੰਘ ਨੇ ਓਸੇ ਤਰੂੰ ਹੀ ਕੀਤਾ, ਜਬਾਨ ਓਸਦੇ ਮੂੰਹ ਵਿਚ ਪਾਉਂਦਿਆਂ ਹੀ ਬੜੇ ਜੋਰ ਨਾਲ ਦਰਵਾਜਾ ਬੰਦ ਹੋ ਗਿਆ ਅਤ ਦੋਵੇਂ ਆਦਮੀ ਓਸੇ ਰਾਹ ਰਾਣੀ ਆਪਣੇ ਘਰ ਨੂ ਮੁੜ ॥

ਪੈਹਰ ਦਿਨ ਚੜਿਆ ਹੋਵੇਗਾ ਜਦ ਏਹ ਦੋਵੇਂ ਮੁੜਕੇ ਬੀਰੇਂਦ੍ਰ ਸਿੰਘ ਦੇ ਪਾਸ ਪਹੁਚੇ, ਬੀਰੇਂਦਰ ਸਿੰਘ ਨੇ ਪੁੱਛਿਆ ਐਹਮਦ ਨੂ ਕਿਥ ਛਡ ਆਏ ਹੋ ਜੋ ਐਤਨਾ ਚਿਰ ਲਗਾ ? ਤੇਜ ਸਿੰਘ ਨੇ ਕਿਹਾ ਕਿ ਇਕ ਪਹਾੜੀ ਦੀ ਖੋਹ ਵਿਚ ਕੈਦ ਕਰ ਆਇਆ ਹਾਂ, ਅਜ ਓਹ ਜਗਾ ਤੁਹਨੂ ਭੀ ਵਿਖਾਵਾਂਗਾ, ਹੁਣ ਮੇਰੀ ਏਹ ਸਲਾਹ ਹੈ ਕਿ ਦੇਵੀ ਸਿੰਘ ਥੋੜ ਦਿਨ ਭੇਸ ਬਦਲਕੇ ਬਿਜੈਗੜ੍ਹ ਜਾ ਰਹੇ, ਏਹ ਕਰਨ ਨਾਲ ਮੈਨੂ ਬੜੀ ਮਦਦ ਮਿਲੇਗੀ, ਇਸਦੇ ਬਦ ਓਹ ਗਲਾਂ ਭੀ ਬੀਰੇਂਦਰ ਸਿੰਘ ਨੂ ਦਸ ਦਿਤੀ ਜੋ ਖੋਹ ਵਿਚ ਦੇਵੀ ਸਿੰਘ ਨੂ ਸਮਝ ਆਈਆਂ ਸਨ ।

ਬੀਰੇਂਦਰ ਸਿੰਘ ਨੇ ਏਸ ਗਲ ਨੂ ਬਹੁਤ ਪਸੰਦ ਕੀਤਾ ।

ਖਾਣਾ ਪੀਣਾ ਅਤ ਭੋਜਨ ਤੋਂ ਵੇਹਲੇ ਹੋਕੇ ਦੇਵੀ ਸਿੰਘ ਨੂੰ ਨਾਲ ਲੈਕੇ ਤੇਜ ਸਿੰਘ ਦਰਬਾਰ ਵਿਚ ਗਏ, ਦੇਵੀ ਸਿੰਘ ਨੇ ਛੁਟੀ ਲਈ ਅਰਜ ਕੀਤੀ ਤਾਂ ਦੇਵੀ ਸਿੰਘ ਨੂੰ ਬਹੁਤ ਚਾਹੁੰਦੇ ਸੀ ਛੁਟੀ ਦੇਣੀ ਨਾ ਚਾਹੀ ਅਤ ਕਿਹਾ ਤੂੰ ਇਥੇ ਹੀ ਰਹੁ ਅਤ ਏਥੇ ਹੀ ਤੇਰੀ ਦਵਾ ਕਰਾਵਾਂਗੇ । ਫਿਰ ਬੀਰੇਂਦਰ ਸਿੰਘ ਤੇ ਤੇਜ ਸਿੰਘ ਦੀ ਸਫਾਰਸ਼ ਨਾਲ ਛੁਟੀ ਮਿਲੀ, ਦਰਬਾਰ

CC-0. Kashmir Research Institute. Digitized by eGangotri

ਬਰਖਾਸਤ ਹੋਣ ਦੇ ਪਿਛੋਂ ਬੀਰੇਂਦਰ ਸਿੰਘ ਆਪਣੇ ਪਿਤਾ ਨਾਲ ਮਹਲਾਂ ਨੂੰ ਚਲੇ ਗਏ ਅਰ ਤੇਜ ਸਿੰਘ ਆਪਣੇ ਪਿਤਾ ਜੀਤ ਸਿੰਘ ਦੇ ਨਾਲ ਘਰ ਆਏ ਦੇਵੀ ਸਿੰਘ ਨੂੰ ਭੀ ਨਾਲ ਹੀ ਲਈ ਆਏ ਅਰ ਫਿਰ ਦੀ ਤਿਆਰੀ ਕਰਾਕੇ ਉਸਨੂੰ ਭੇਜ ਦਿਤਾ ਜਾਂਦੀ ਵਾਰੀ ਹੋਰ ਭੀ ਬਹੁਤ ਸਾਰੀਆਂ ਗਲਾਂ ਦੇਵੀ ਸਿੰਘ ਨੂੰ ਸਮਝਾਈਆਂ ॥

ਦੂਸਰੇ ਦਿਨ ਤੇਜ ਸਿੰਘ ਬੀਰੇਂਦਰ ਸਿੰਘ ਨੂੰ ਨਾਲ ਲੈਕੇ ਓਸ ਘਾਟੀ ਵਿਚ ਗਏ ਜਿਥੇ ਐਹਮਦ ਨੂੰ ਕੈਦ ਕੀਤਾ ਸੀ, ਕੁਮਾਰ ਓਸ ਜਗਾ ਨੂੰ ਦੇਖਕੇ ਬਹੁਤ ਹੀ ਖੁਸ਼ ਹੋਇ ਅਰ ਬੋਲੇ, ਭਈ ਇਸ ਥਾਂ ਨੂੰ ਦੇਖਕੇ ਮੇਰੇ ਦਿਲ ਵਿਚ ਬਹੁਤ ਹੀ ਸ਼ੌਕ ਉਪਜੀਆਂ ਹਨ, ਤੇਜ ਸਿੰਘ ਨੇ ਕਿਹਾ ਹਾਂ ਮੈਂ ਤੁਹਾਥੋਂ ਭੀ ਬਹੁਤ ਹੈਰਾਨ ਹਾਂ ਪਰ ਉਸਤਾਦ ਜੀ ਨੇ ਕੁਝ ਹਾਲ ਇਥੋਂ ਦਾ ਸਾਫ ਕੇ ਮੇਰੀ ਤਸਲੀ ਕਰ ਦਿਤੀ ਸੀ ਜੋ ਕਦੀ ਵੇਰ ਤੁਹਾਨੂੰ ਭੀ ਦਸ ਦੇਵਾਂਗੇ ॥

ਬੀਰੇਂਦਰ ਸਿੰਘ ਏਸ ਗਲ ਨੂੰ ਸੁਣਕੇ ਬਹੁਤੇ ਹੈਰਾਨ ਹੋਏ ਅਰ ਓਸ ਘਾਟੀ ਦਾ ਹਾਲ ਜਾਣਨ ਲਈ ਜਿਦ ਕੀਤੀ, ਛੇਕੜ ਤੇਜ ਸਿੰਘ ਨੇ ਥੋੜਾ ਜੇਹਾ ਹਾਲ ਓਥੋਂ ਦਾ ਜੋ ਆਪਣੇ ਉਸਤਾਦ ਪਾਸੋਂ ਸੁਣਿਆ ਹੋਇਆ ਸੀ ਦਸਿਆ, ਜਿਸਨੂੰ ਸੁਣਕੇ ਬੀਰੇਂਦਰ ਸਿੰਘ ਬਹੁਤ ਪ੍ਰਸੰਨ ਹੋਏ ॥

ਤੇਜ ਸਿੰਘ ਨੇ ਬੀਰੇਂਦਰ ਸਿੰਘ ਨੂੰ ਕੀ ਦਸਿਆ ? ਓਹ ਏਤਨੇ ਪ੍ਰਸੰਨ ਕਿਉਂ ਹੋਏ ? ਓਹ ਘਾਟੀ ਕੇਹੋ ਜੇਹੀ ਸੀ ? ਏਹ ਅਸੀ ਅਗੇ ਚਲਕੇ ਦਸਾਂਗੇ ॥

ਏਹ ਦੋਵੇਂ ਓਥੋਂ ਤੁਰਕੇ ਆਪਣੇ ਘਰ ਨੂੰ ਆਏ, ਕੁਮਾਰ ਨੇ ਕਿਹਾ, ਤੇਜ ਸਿੰਘ ਹੁਣ ਤਾਂ ਮੇਰਾ ਹੌਸਲਾ ਵਧ ਗਿਆ ਹੈ,

CC-0. Kashmir Research Institute. Digitized by eGangotri

ਅਰ ਏਹੋ ਦਿਲ ਵਿਚ ਆਉਂਦਾ ਹੈ ਕਿ ਜੈ ਸਿੰਘ ਨਾਲ ਲੜਾਈ ਕਰ ਦੇਈਏ। ਤੇਜ ਸਿੰਘ ਨੇ ਕਿਹਾ ਹਾਂ ਤੁਹਾਡਾ ਹੌਸਲਾ ਠੀਕ ਹੈ, ਪਰ ਛੇਤੀ ਕਰਨ ਨਾਲ ਚੰਦਰਕਾਂਤਾਂ ਦੀ ਜਾਨ ਦਾ ਡਰ ਹੈ, ਕਿਉਂ ਘਬਰਾਉਂਦੇ ਹੋ ਦੇਖੋ ਤਾਂ ਸਹੀ ਕੀ ਬਣਦਾ ਹੈ, ਕਲ ਮੈਂ ਫੇਰ ਜਾਵਾਂਗਾ ਅਰ ਪਤਾ ਲਵਾਂਗਾ ਕਿ ਐਹਮਦ ਦੇ ਫੜੇ ਜਾਣ ਨਾਲ ਦੁਸ਼ਮਨਾਂ ਦਾ ਕੀ ਹਾਲ ਹੈ ? ਫੇਰ ਦੂਸਰੀ ਵਾਰੀ ਤੁਹਾਨੂ ਲੈ ਚਲਾਂਗਾ। ਬੀਰੇਂਦਰ ਸਿੰਘ ਨੇ ਕਿਹਾ ਨਹੀਂ ਐਤਕੀ ਮੈਂ ਜਰੂਰ ਜਾਵਾਂਗਾ ਏਸਤਰਾਂ ਤਰਪੋਕ ਹੋਕੇ ਬੈਠੇ ਰਹਨਾਂ ਮਰਦਾਂ ਦਾ ਕੰਮ ਨਹੀ।

ਤੇਜ ਸਿੰਘ ਨੇ ਕਿਹਾ ਚਲੋ ਕੀ ਹਰਜ ਹੈ, ਪਰ ਇਕ ਕੰਮ ਜਰੂਰ ਕਰਨਾ ਪਵੇਗਾ ਕਿ ਮਹਾਰਾਜ ਪਾਸੋਂ ਪੰਜ ਚਾਰ ਦਿਨ ਦੀ ਸ਼ਿਕਾਰ ਖੇਡਨ ਦੀ ਛੁਟੀ ਲੈ ਲਵੋ। ਅਰ ਅਪਣੀ ਸਰਹਦ ਉਤੇ ਡੇਰਾ ਪਾ ਦੇਵੋ ਓਥੋ ਕੁਲ ਢਾਈ ਕੋਹ ਚੰਦਰ-ਕਾਂਤਾ ਦਾ ਮਹਲ ਹੈ, ਵੇਲਾ ਵੇਖਕੇ ਚਲੇ ਜਾਵਾਂਗੇ, ਏਸ ਗਲ ਨੂ, ਬੀਰੇਂਦਰ ਸਿੰਘ ਨੇ ਭੀ ਪਸੰਦ ਕੀਤਾ ਅਰ ਏਹੋ ਪਕਾ ਸਲਾਹ ਠੈਹਰੀ॥

ਕਈ ਦਿਨ ਪਿਛੋਂ ਬੀਰੇਂਦਰ ਸਿੰਘ ਨੇ ਅਪਣੇ ਪਿਤਾ ਸੁਦੰਦਰ ਸਿੰਘ ਤੋਂ ਸ਼ਿਕਾਰ ਖੇਡਨ ਲਈ ਅੱਠਾਂ ਦਿਨਾਂ ਦੀ ਛੁਟੀ ਮੰਗੀ ਓਨਾਂ ਨੇ ਮੰਨ ਲਿਆ ਬੀਰੇਂਦਰ ਸਿੰਘ ਥੋੜੇ ਜੇਹੇ ਆਪਣੇ ਦਿਲੀ ਆਦਮੀਆਂ ਨੂ ਬੀਰੇਂਦਰ ਸਿੰਘ ਦੇ ਖਾਸ ਨੌਕਰ ਸਨ ਅਤ ਏਨਾਂ ਨੂ ਜਾਨ ਤੋਂ ਪਿਆਰੇ ਸਮਝਦੇ ਸਨ ਨਾਲ ਲੈਕੇ ਤੁਰ ਪਏ ਥੋੜਾ ਦਿਨ ਬਾਕੀ ਸੀ ਜਦ ਨੌਰਤ ਤੇ ਬਿਜੈ ਗੜ ਦੀ ਹਦ ਉਤੇ ਏਨਾਂ ਦਾ ਡੇਰਾਂ ਪੈਗਿਆ ਰਾਤ ਭਰ ਓਥੇ ਮੁਕਾਮ ਰਿਹਾ ਅਰ ਏਹੋ ਸਲਾਹ ਠੈਹਰੀ ਕਿ ਪਹਿਲਾਂ ਤੇਜ ਸਿੰਘ

CC-0. Kashmir Research Institute. Digitized by eGangotri

ਜਾਕੇ ਓਥੋਂ ਦਾ ਹਾਲ ਚਾਲ ਲੈ ਅਵੇ।

ਸਤਵਾਂ ਕਾਂਡ

ਐਹਮਦ ਦੇ ਫੜੇ ਜਾਨ ਨਾਲ ਨਾਜ਼ਮ ਬਹੁਤ ਉਦਾਸ ਹੋ ਗਿਆ ਅਰ ਕੂਰ ਸਿੰਘ ਨੂ ਤਾਂ ਆਪਣਾ ਹੀ ਫਿਕਰ ਪੈਗਿਆ ਕਿ ਕਿਤੇ ਤੇਜ ਸਿੰਘ ਮੈਨੂੰ ਹੀ ਨ ਫੜਕੇ ਲੈ ਜਾਵੇ ਏਸ ਡਰ ਨਾਲ ਓਹ ਹਰ ਵੇਲੇ ਦੌੜਨਾ ਰੋਂਹਦਾ ਸਾ। ਮਹਾਰਾਜ ਜੈ ਸਿੰਘ ਦੇ ਦਰਬਾਰ ਵਿਚ ਰਹਿ ਜਾਂਦਾ ਓਹ ਬੀਰੇਂਦਰ ਸਿੰਘ ਵਲੋਂ ਓਹਨਾਂ ਨੂ ਭੁੜਕਾਉਂਦਾ ਰਹਿੰਦਾ ॥

ਇਕ ਦਿਨ ਨਾਜ਼ਮ ਨ ਕੂਰ ਸਿੰਘ ਨੂ ਏਹ ਸਲਾਹ ਦਿਤੀ ਕਿ ਜਿਸਤਰਾਂ ਹੋ ਸਕੇ ਤੂ ਆਪਣੇ ਪਿਤਾ ਕੁਪਥ ਸਿੰਘ ਨੂ ਮਾਰ ਸੁਟ, ਓਸਦੇ ਮਰਨ ਉਤੇ ਜੈ ਸਿੰਘ ਕੂਰ ਤੇਨੂ ਮੰਤ੍ਰੀ (ਵਜ਼ੀਰ) ਬਣਾਵੇਗਾ ਬਸ ਫੇਰੀ ਹਕੂਮਤ ਹੇ ਜ਼ਾਨ ਕਰਕੇ ਬਹੁਤ ਛੇਤੀ ਕੰਮ ਹੋ ਜਾਵਗਾ। ਛਕੜ ਇਕ ਦਿਨ ਜ਼ੈਹਰ ਦੇਕੇ ਕੂਰ ਸਿੰਘ ਨੇ ਆਪਣੇ ਪਿਤਾ ਨੂ ਮਾਰ ਹੀ ਸੁਟਿਆ। ਸ਼ੈਹਰ ਵਿਚ ਕੁਪਥ ਸਿੰਘ ਵਜ਼ੀਰ ਦੇ ਮਰਨ ਦਾ ਸੋਗ ਫੈਲ ਗਿਆ ਮਹਾਰਾਜ ਨੇ ਭੀ ਕੁਪਥ ਸਿੰਘ ਦੇ ਮਰਨ ਦਾ ਬਹੁਤ ਸੋਕ ਕੀਤਾ ਅਰ ਕਈ ਦਿਨ ਦਰਬਾਰ ਵਿਚ ਨਾ ਆਏ।

ਕੂਰ ਸਿੰਘ ਨੇ ਦਿਖਾਵੇ ਵਿਚ ਤਾਂ ਆਪਣੇ ਪਿਤਾ ਦੇ ਮਰਨ ਦਾ ਬੜਾ ਗਮ ਕੀਤਾ ਅਰ ਤੇਰਾਂ ਦਿਨ ਭੁਝ ਬਿਸਤਰਾਂ ਕੀਤਾ, ਦਿਨ ਭਰ ਤਾਂ ਆਪਣੇ ਬਾਪ ਨੂ ਰੋਂਦਾ ਪਰ ਰਾਤ ਨੂ ਨਾਜ਼ਮ ਦੇ ਨਾਲ ਬੈਠਕੇ ਚੰਦਰਕਾਂਤਾ ਨੂ ਮਿਲਨ ਤੇ ਤੇਜ ਸਿੰਘ ਅਰ ਬੀਰੇਂਦਰ ਸਿੰਘ ਨੂ ਫੜਨ ਦੀਆਂ ਤਜਵੀਜ਼ਾਂ ਸੋਚਦਾ, ਏਨਾਂ ਦਿਨਾਂ ਵਿਚ ਹੀ ਬੀਰੇਂਦਰਸਿੰਘ ਨੇ ਭੀ ਸ਼ਿਕਾਰ ਦੇ ਬਹਾਨੇ

CC-0. Kashmir Research Institute. Digitized by eGangotri

ਬਿਜੈ ਗੜ੍ਹ ਦੀ ਹਦ ਉਤੇ ਡੇਰਾ ਪਾਇਆ ਹੋਇਆ ਸੀ ਜਿਸਦੀ ਖਬਰ ਨਾਜ਼ਮ ਨੇ ਕੂਰ ਸਿੰਘ ਨੂੰ ਪੁਚਾਈ ਅਰ ਕਿਹਾ ਕਿ ਬੀਰੇਂਦਰ ਸਿੰਘ ਜਰੂਰ ਚੰਦਰਕਾਂਤਾ ਦੇ ਫਿਕਰ ਵਿਚ ਆਯਾ ਹੈ, ਅਫਸੋਸ ਕਿ ਐਸ ਵੇਲੇ ਐਹਮਦ ਹੈ ਨਹੀਂ, ਨਹੀਂ ਤਾਂ ਬੜਾ ਕੰਮ ਨਿਕਲਦਾ, ਹਛਾ ਦੇਖਿਆ ਜਾਊ। ਏਹ ਕਹਿਕੇ ਕੂਰ ਸਿੰਘ ਤੋਂ ਵਿਦਾ ਹੋਕੇ ਭੇਦ ਲੈਣ ਲਈ ਤੁਰ ਪਿਆ॥

ਤੇਜ ਸਿੰਘ ਬੀਰੇਂਦਰ ਸਿੰਘ ਤੋਂ ਵਿਦਾ ਹੋਕੇ ਬਿਜੈ ਗੜ੍ਹ ਪਹੁਚੇ ਵਜੀਰ ਦੇ ਮਰਨ ਅਰ ਸ਼ੈਹਰ ਭਰ ਦੇ ਗਮ ਕਰਨ ਦਾ ਹਾਲ ਲੈਕੇ ਬੀਰੇਂਦਰ ਸਿੰਘ ਪਾਸ ਪਹੁਚੇ ਅਰ ਏਹ ਭੀ ਖਬਰ ਲਿਆਏ ਕਿ ਤਿੰਨ ਚਾਰ ਦਿਨਾਂ ਤਕ ਸੂਤਕ ਨਿਕਲ ਜਾਨ ਦੇ ਪਿਛੋਂ ਮਹਾਰਾਜ ਜੈ ਸਿੰਘ ਕੂਰ ਨੂੰ ਆਪਨਾ ਵਜੀਰ ਬਨਾਉਣਗੇ

ਬੀਰੇਂਦਰ ਸਿੰਘ—ਦੇਖੋ ਕੂਰ ਨੇ ਚੰਦਰਕਾਂਤਾ ਪਿਛੇ ਆਪਨੇ ਪਿਉ ਨੂੰ ਭੀ ਮਾਰ ਦਿਤਾ ਹੈ ਜੇ ਏਹ ਰਾਜੇ ਨੂੰ ਭੀ ਮਾਰ ਦੇਵੇ ਤਾਂ ਅਜੇਹੇ ਬੇਈਮਾਨ ਆਦਮੀ ਦਾ ਕੀ ਇਤਬਾਰ ਹੈ?

ਤੇਜ ਸਿੰਘ—ਸਚ ਹੈ ਓਹ ਨਾਲਾਇਕ ਜਿਥੋਂ ਤਕ ਹੋਵੇਗਾ ਰਾਜੇ ਉਤੇ ਭੀ ਹਥ ਸਾਫ ਕਰੇਗਾ, ਹਨ ਅਸੀ ਭੀ ਜੋ ਤਿੰਨ ਦਿਨ ਚੰਦਰਕਾਂਤਾ ਦੇ ਮਹਲ ਵਿਚ ਨਹੀ ਜਾਂਦਾ ਦਰਬਾਰ ਵਿਚ ਹੀ ਰਹਿਕੇ ਤਮਾਸ਼ਾ ਦੇਖਾਂਗੇ, ਹਾਂ ਜੇ ਵਿਚ ਸਮਾ ਮਿਲ ਗਿਆ ਤਾਂ ਦੇਖੀ ਜਾਊ॥

ਬੀਰੇਂਦਰ ਸਿੰਘ—ਭਾਵੇਂ ਕੁ ਹੋਵੇਛ ਮੈਂ ਤਾਂ ਅਜ ਜਰੂਰ ਚੰਦਰਕਾਂਤਾ ਨੂੰ ਮਿਲਾਂਗਾ॥

ਤੇਜ ਸਿੰਘ—ਤੁਸੀ ਕਾਹਲੀ ਨਾ ਕਰੋ ਕਾਹਲੀ ਨਾਲ ਸਭ ਕੰਮ ਵਿਗੜ ਜਾਂਦੇ ਹਨ॥

ਬੀਰੇਂਦਰ ਸਿੰਘ—ਜੇ ਹੋਵੇ ਸੋ ਹੋਵੇ ਪਰ ਮੈ ਤਾਂ ਅਜ ਜਰੂਰ

CC-0. Kashmir Research Institute. Digitized by eGangotri

ਜਾਵਾਗ ॥

ਤੇਜ ਸਿੰਘ ਨੇ ਬਥੇਰਾ ਸਮਝਾਯਾ ਪਰ ਚੰਦਰਕਾਂਤਾ ਦੀ ਜੁਦਾਈ ਵਿਚ ਓਨਾਂ ਨੂ ਕਦ ਭਲਾ ਬੁਰਾ ਸੁਝਦਾ ਸੀ ਇਕ ਨਾ ਮੰਨੀ ਅਤ ਤੁਰਨ ਨੂ ਤਿਆਰ ਹੋ ਪਏ, ਤੇਜ ਸਿੰਘ ਨੇ ਕਿਹਾ ਚਲੋ ਵਲੋ ਜੋ ਤੁਹਾਡੀ ਹੀ ਮਰਜੀ ਹੈ ਤਾਂ ਅਸੀ ਕੀ ਕਰ ਸਕਦੇ ਹਾਂ ਜੋ ਹੋਊ ਦੇਖੀ ਜਾਊ ?

ਸੰਧਯਾਂ ਵੇਲੇ ਏਹ ਟਹਿਲਦੇ ਨ ਤੰਬੂਓ ਬਾਹਰ ਨਿਕਲੇ ਅਰ ਆਪਨੇ ਪਿਆਦਿਆਂ ਨੂ ਕੈਹ ਗਏ, ਕਿ "ਜੇ ਸਾਨੂ ਕੁਝ ਚਿਰ ਲਗ ਜਾਵੇ ਤਾਂ ਤੁਸਾਂ ਕੁਝ ਫ਼ਿਕਰ ਨਾ ਕਰਨਾ।" ਏਹ ਕਹਿਕੇ ਦੋਵੇਂ ਆਦਮੀ ਬਿਜੈ ਗੜ੍ਹ ਨੂ ਤੁਰ ਗਏ ਕੁਝ ਰਾਤ ਗਈ ਚੰਦਰਕਾਂਤਾ ਦੇ ਨਜਰ ਬਾਗ ਪਾਸ ਪਹੁਚੇ ਜਿਸਦਾ ਹਾਲ ਅਸੀ ਪਿਛੇ ਲਿਖ ਆਏ ਹਾਂ ॥

ਰਾਤ ਹਨੇਰੀ ਸੀ ਏਸ ਲਈ ਏਨਾਂ ਦੋਹਾਂ ਨੂ ਬਾਗ ਵਿਚ ਜਾਣ ਲਈ ਕੋਈ ਔਖਯਾਈ ਨਾ ਹੋਈ, ਪੈਹਰੇ ਵਾਲਿਆ ਦੀ ਅਖ ਬਚਾਕੇ ਕਮੰਦ ਸੁਟੀ ਅਤ ਓਸਦੇ ਸਹਾਰੇ ਦੋਵੇਂ ਬਾਗਦੇ ਅੰਦਰ ਗਏ ਅਰ ਇਕ ਦਰਖਤ ਦੇ ਪਿਛੇਂ ਖਲੋਕੇ ਏਧਰ ਓਧਰ ਦੇਖਨ ਲਗ ਪਏ ॥

ਬਾਗ ਦੇ ਵਿਚਕਾਰ ਇਕ ਸੰਗ ਮਰਮਰ ਦੇ ਚਿਕਨੇ ਚਬੂਤਰੇ ਉਤੇ ਮੋਮੀ ਸ਼ਮਾਦਾਨ ਜਗ ਰਿਹਾ ਹੈ, ਚੰਦਰਕਾਂਤਾ ਚਪਲਾ ਅਰ ਚੰਪਾ ਬੈਠੀਆਂ ਗਲਾਂ ਕਰਦੀਆਂ ਪਈਆਂ ਸਨ, ਚਪਲਾ ਗਲਾਂ ਭੀ ਕਰ ਦੀ ਜਾਂਦੀ ਸੀ ਬੜੀ ਫੁਰਤੀ ਨਾਲ ਏਧਰ ਓਧਰ ਦੇਖਦੀ ਪਈ ॥

ਚੰਦਰਕਾਂਤਾ ਨੂ ਦੇਖਕੇ ਬੀਰੇਂਦਰ ਸਿੰਘ ਦਾ ਅਜਬ ਹਾਲ ਹੋਗਿਆ, ਸਰੀਰ ਪਾਣੀ ਪਾਣੀ ਹੋਗਿਆ ਅਰ ਬੇਹੋਸ਼ ਹੋਕੇ

CC-0. Kashmir Research Institute. Digitized by eGangotri

ਗਿਰ ਪਏ, ਬੀਰੇਂਦਰ ਸਿੰਘ ਦੇ ਬਹੋਸ਼ ਹੋ ਜਾਨ ਤੇ ਤੇਜ ਸਿੰਘ ਨੂੰ ਕੋਈ ਔਖਿਆਈ ਨਾ ਪੇਸ਼ ਆਈ ਝਟ ਆਪਣੇ ਏਯਾਰੀ ਦੇ ਬਟੂਏ ਵਿਚੋਂ ਲਖਲਖਾ ਕੱਢਕੇ ਸੁੰਘਾਯਾ ਅਰ ਹੋਸ਼ ਵਿਚ ਲਿਆਕੇ ਕਿਹਾ ਦੇਖੋ ਦੂਸਰੇ ਦੇ ਘਰ ਵਿਚ ਆਕੇ ਐਸਤਰਾਂ ਬੇਹੋਸ਼ ਨਹੀਂ ਹੋਜਾਈ ਦਾ ਦੁਣ ਆਪਣਾ ਆਪ ਸੰਭਾਲੋ ਅਰ ਏਥੇ ਹੀ ਠਹਰੋ ਮੈਂ ਜਾਕੇ ਗਲ ਬਾਤ ਕਰਦਾ ਹਾਂ ਫੇਰ ਆਕੇ ਤੁਹਾਨੂੰ ਲੈ ਚਲਦਾ ਹਾਂ । ਏਹ ਕਹਕੇ ਓਨਾਂ ਨੂੰ ਓਥੇ ਹੀ ਦਰਖਤ ਹੇਠਾਂ ਛਡਕੇ ਓਥੇ ਪਹੁੰਚਾ ਜਿਥੇ ਚੰਦ੍ਰਕਾਂਤਾ, ਚਪਲਾ ਤੇ ਚੰਪਾ ਬੈਠੀਆਂ ਹੋਈਆਂ ਸਨ ਤੇਜ ਸਿੰਘ ਨੂੰ ਵੇਖਦਿਆਂ ਹੀ ਚੰਦ੍ਰਕਾਂਤਾ ਬੋਲੀ। ਕਿਉਂ ਜੀ! ਏਨੇ ਦਿਨ ਕਿਥੇ ਰਹੇ ? ਏਸਦਾ ਨਾਂ ਮੁਹੱਬਤ ਹੈ ? ਜੇ ਹੁਣ ਆਏ ਭੀ ਤਾਂ ਕੱਲੇ ਆਏ । ਜੇ ਏਹੋ ਹੀ ਗਲ ਸੀ ਤਾਂ ਵੰਡਾਂ ਕਿਉ ਨਹੀਂ ਪਾ ਲੈਂਦੇ ? ਹਾਏ ! ਜੇ ਓਹਨਾਂ ਦੀ ਮੁਹੱਬਤ ਦਾ ਏਹ ਹਾਲ ਹੈ ਤਾਂ ਫੇਰ ਮੈਂ ਜੀਉਕੇ ਕੀ ਲਵਾਂਗੀ ? ਏਹ ਕਹਕੇ ਚੰਦਰਕਾਂਤਾ ਰੋਣ ਲਗ ਪਈ ਘਿੱਗੀ ਬਝ ਗਈ, ਤੇਜ ਸਿੰਘ ਓਸਦਾ ਏਹ ਹਾਲ ਵੇਖਕੇ ਬਹੁਤ ਘਬਰਾਯਾ ਅਰ ਬੋਲਿਆ "ਬਸ ਨਾਦਾਨੀ ਏਸੇ ਨੂੰ ਹੀ ਕਹਿਦੇ ਹਨ ਅਜੇ ਹਾਲ ਚੰਗੀ ਤਰ੍ਹਾਂ ਪੁਛਿਆ ਨਹੀਂ ਤੇ ਰੋਣਾਂ ਅਗੋਂ ਹੀ ਸ਼ੁਰੂ ਕਰ ਦਿਤਾ ਜੇ ! ਏਹੋ ਹੀ ਗਲ ਹੈ ਤਾਂ ਮੈਂ ਹੁਣੇ ਓਨਾਂ ਨੂੰ ਲੈ ਆਉਂਦਾ ਹਾਂ ॥"

ਏਹ ਕਹਕੇ ਤੇਜ ਸਿੰਘ ਓਥੇ ਗਿਆ ਓਥੇ ਬੀਰੇਂਦਰ ਸਿੰਘ ਨੂੰ ਛੱਡਗਿਆਂ ਹੀ ਓਹਨਾਂ ਨੂੰ ਨਾਲ ਲੈਕੇ ਫੇਰ ਚੰਦ੍ਰਕਾਂਤਾ ਪਾਸ ਆਇਆ, ਚੰਦ੍ਰਕਾਂਤਾ ਨੂੰ ਬੀਰੇਂਦਰ ਸਿੰਘ ਦੇ ਮਿਲਨ ਦੀ ਬੜੀ ਖੁਸ਼ੀ ਹੋਈ ਦੋਵੇਂ ਮਿਲਕੇ ਖੂਬ ਰੋਏਂ ਏਥੋਂ ਤਕ ਕਿ ਬਹੋਸ਼ ਹੋਕੇ ਗਿਰ ਪਏ ਥੋੜੇ ਚਿਰ ਪਿਛੋਂ ਹੋਸ਼ ਵਿਚ ਆਏ ਅਰ ਆਪਸ

CC-0. Kashmir Research Institute. Digitized by eGangotri

ਵਿਚ ਪ੍ਰੇਮ ਦੀਆਂ ਗਲਾਂ ਕਰਨ ਲਗ ਪਈ।

ਹੁਣ ਸਮੇਂ ਦਾ ਉਲਟ ਫੇਰ ਵੇਖੋ, ਫਿਰਦਾ ਭੌਂਦਾ ਟੋ ਲੇਦਾ ੨ ਨਾਜ਼ਮ ਭੀ ਓਸੇ ਬਾਗ ਵਿਚ ਆ ਪਹੁਚਾ ਅਰ ਦੂਰੋਂ ਹੀ ਏਸ ਆਨੰਦ ਮਈ ਸਭਾ ਨੂੰ ਵੇਖਕੇ ਸੜ ਮੋਇਆ ਸ਼ਰ ਮੁੜਕੇ ਕੂਰ ਸਿੰਘ ਦੇ ਪਾਸ ਗਿਆ ਕੂਰ ਸਿਘ ਨੇ ਨਾਜ਼ਮ ਨੂੰ ਘਬਰਾਯਾ ਹੋਇਆ ਵੇਖਕੇ ਪੁਛਿਆ "ਕਿਉ ਕੀ ਗਲ ਹੈ ਜੋ ਤੂ ਐਸਤਰਾਂ ਘਬਰਾਯਾ ਹੋਇਆ ਆਇਆ ਹੈ ?"

ਨਾਜ਼ਮ—ਹੈ ਕੀ ? ਓਹ ਜੋ ਸੋਚਦਾ ਸਾਂ ਬਸ ਏਹੋ ਵੇਲ ਚਾਲਾਕੀ ਦਾ ਹੈ ਜੋ ਹੁਣ ਭੀ ਨਾ ਕੁਝ ਹੋ ਸਕਿਆ ਤਾਂ ਇਹੋ ਸਮਝਨਾ ਪਵੇਗਾ ਕਿ "ਤੇਰੀ ਕਿਸਮਤ ਸੜ ਗਈ।"

ਕੂਰ ਸਿਘ—ਤੇਰੀ ਗਲ ਕੋਈ ਸਮਝ ਵਿਚ ਨਹੀਂ ਪੈਂਦੀ ਸਾਫ ਗਲ ਕਹੋ; ਕੀ ਹੈ ?

ਨਾਜ਼ਮ—ਬਸ ਗਲ ਏਹੋ ਹੈ ਕਿ ਬੀਰੇਂਦਰ ਸਿਘ ਬਾਗਾਂ ਵਿਚ ਚੰਦਕਾਂਤਾ ਪਾਸ ਪਹੁਚ ਗਿਆ ਹੈ ਅਰ ਏਸ ਵੇਲੇ ਮੌਜ ਮੇਲ ਹੋ ਰਿਹਾ ਹੈ॥

ਬਸ ਸੁਣ ਦਿਆਂ ਹੀ ਕੂਰ ਸਿੰਘ ਦੀਆਂ ਅੱਖਾਂ ਅਗੇ ਹਨੇਰ ਆ ਗਿਆ ਦੁਨੀਆਂ ਉਦਾਸ ਮਲੂਮ ਹੋਣ ਲਗ ਪਈ, ਪਿਤਾ ਦੇ ਵਿਖਾਵੇ ਦੇ ਗਮ ਵਿਚ ਸਿਰ ਬਨਾਈ ਬਤਸਾਤੀ ਤੂੰਡ ਬਣਿਆ ਬੈਠਾ ਸੀ ਤੇਰਾ ਦਿਨ ਤਕ ਕਿਤੇ ਬਾਹਰ ਆ ਜਾ ਨਹੀਂ ਸੀ ਸਕਦਾ ਪਰ ਇਸ ਖਬਰ ਨੇ ਓਸਨੇ ਆਪਣੇ ਆਪ ਵਿਚ ਨਾ ਰਹਿਣ ਦਿਤ ਝਟ ਉਠ ਬੈਠਾ ਅਰ ਓਸੇ ਤਰਾਂ ਨੰਗਾ ਧੜੰਗਾ ਪੁਠ ਹਾਤੀ ਜਿਹਾ ਸਿਰ ਲੈਕੇ ਮਹਾਰਾਜ ਜੈ ਸਿਘ ਦੇ ਪਾਸ ਗਿਆ ਮਹਾਰਾਜ ਜੈ ਸਿੰਘ ਕੂਰ ਸਿਘ ਨੂ ਏਸਤਰਾਂ ਆਉਂਦਿਆਂ ਵੇਖਕੇ ਹੈਰਾਨ ਹੋ ਗਏ ਅਤ। ਕੂਰ! ਸੁਰਤ ਤੋ ਪਿਤਾ ਦ ਗਮ

CC-0. Kashmir Research Institute. Digitized by eGangotri

ਛਡਕੇ ਤੇਰਾ ਏਸਟਰਾਂ ਆਉਣਾ ਮੇਨੂੰ ਹੈਰਾਨ ਕਰ ਰਿਹਾ ਹੈ।

ਕੂਰ ਸਿੰਘ ਨੇ ਕਿਹਾ ਮਹਾਰਾਜ ਸਾਡੇ ਪਿਤਾ ਤਾਂ ਤੁਸੀ ਹੋ ਓਹਨਾਂ ਨੇ ਪੈਦਾ ਕੀਤਾ ਪਰ ਪਾਲਨਾ ਤੁਹਾਡੀ ਕ੍ਰਿਪਾ ਨਾਲ ਹੋਈ ਹੈ ਫੇਰ ਜੇ ਤੁਹਾਡੀ ਇਜ਼ਤ ਨੂੰ ਹੀ ਵਟਾ ਲਗੇ ਤਾਂ ਸਾਡਾ ਜੀਉਣਾ ਕਿਸ ਕੰਮ ਤੇ ਅਸੀ ਕਿਸ ਲਾਇਕ ਸਮਝੇ ਜਾਵਾਂਗੇ ?

ਜੈ ਸਿੰਘ—(ਗੁਸੇ ਵਿਚ ਆਕੇ) ਕੂਰ ! ਅਜੇਹਾ ਕੌਣ ਹੈ ਜੋ ਮਰੀ ਇਜ਼ਤ ਵਿਗਾੜੇ ?

ਕੂਰ— ਇਕ ਤੁਛ ਆਦਮੀ।

ਜੈ ਸਿੰਘ— (ਗੁਸੇ ਵਿਚ ਦੰਦ ਪੀਹਕੇ) ਛੇਤੀ ਦਸ ਕਿਸਦੇ ਸਿਰ ਤੇ ਮੌਤ ਸਵਾਰ ਹੈ ?

ਕੂਰ—ਬੀਰੇਂਦਰ ਸਿੰਘ।

ਜੈ ਸਿੰਘ—ਓਹੋ ! ਓਸਦੀ ਕੀ ਮਜਾਲ ਹੈ ਜੋ ਮੇਰਾ ਮੁਕ— ਬਲਾ ਕਰ ਸਕੇ, ਇਜ਼ਤ ਵਿਗਾੜਨਾ ਤਾਂ ਇਕ ਪਾਸੇ ਰਿਹਾ ਤੇਰੀ ਗਲ ਸਮਝ ਵਿਚ ਨਹੀਂ ਆਉਂਦੀ। ਛੇਤੀ ਸਾਫ ੨ ਦਸ ਕੀ ਹੈ ? ਬੀਰੇਂ ਸਿੰਘ ਕਿਥੇ ਹੈ ?

ਕੂਰ— ਹੁਣਾਂ ਚੋਰ ਮਹਲ ਦੇ ਬਾਗ ਵਿਚ ਹਨ।

ਇਹ ਸੁਣਕੇ ਮਹਾਰਾਜ ਦਾ ਸਰੀਰ ਗੁਸੇ ਵਿਚ ਨੰਬਰ ਲਗ ਪਿਆ ਹੁਕਮ ਦਿਤਾ ਕਿ ਛੇਤੀ ਜਾਕੇ ਬਾਗ ਨੂੰ ਘੇਰ ਲਵੋ। ਮੈਂ ਭੀ ਕੋਟ ਦੇ ਰਸਤੇ ਓਥੇ ਪਹੁੰਚਦਾ ਹਾਂ॥

ਅਠਵਾਂ ਕਾਂਡ

ਬੀਰੇਂਦਰ ਸਿੰਘ ਚੰਦ੍ਰਕਾਂਤਾ ਨਾਲ ਮਿਠੀਆਂ ੨ ਗਲਾਂ ਕਰ ਰਹੇ ਹਨ ਓਪਲ ਤੇਜ਼ ਸਿੰਘ ਤੇ ਚਤਲਾ ਰੁਝੇ ਹੋਏ ਹਨ, ਚੰਪਾ ਵਿਚਾਰੀ ਏਨਾਂ ਦੋਹਾਂਦਾ ਮਹ ਦੇਖਰਹੀਹੈ ਕਿਅਚਾਨਕ ਇਸ ਕਾਲਾ

CC-0. Kashmir Research Institute. Digitized by eGangotri

ਕਟਾ ਆਦਮੀ ਸਿਰ ਤੋਂ ਪੈਰਾਂ ਤਕ ਤਵੇ ਦਾ ਰੰਗ ਲਾਲ ਅੱਖਾਂ ਲੰਗੋਟਾ ਕਸੇ ਉਛਲਦਾ ਕੁਦਦਾ ਚਿਕਾਰ ਆ ਖਲੋ ਪੈਹਲਾਂ ਤਾਂ ਦੰਦੀਆਂ ਕਢਕੇ ਤੇਜ ਸਿੰਘ ਵਲ ਤਕਿਆ ਹੈ ਬੋਲਿਆ "ਖਬਰ ਭਈ ਰਾਜਾ ਕੋ ਤੁਮਰੀ ਸੁਨੋ ਗੁਰੂ ਜੀ ਮੇਰੇ ਏਹ ਕਹਿਕੇ ਉਲਛਦਾ ਭੂੜਕਦਾ ਤੁਰ ਪਿਆ ਪਰ ਜਾਂਦੀ ਵਾ ਚੰਪਾ ਦੀ ਲਤ ਫੜਕੇ ਦੂਰ ਤਕ ਘਸੀਟਦਾ ਲੈਗਿਆ, ਲ ਛਡਕੇ ਜਿਧਰੋ ਆਇਆ ਸੀ ਓਧਰ ਤੁਰ ਗਿਆ। ਏਹ ਹ ਦੇਖਕੇ ਸਭੇ ਹੈਰਾਨ ਹੋਗਏ ਅਰ ਡਰ ਗਏ ਕਿ ਏਹ ਭੂਤ ਕਿ ਆਗਿਆ ਚੰਪਾ ਵਿਚਾਰੀਤਾਂ ਚੀਕਾਂ ਮਾਰ ਉਠੀ, ਤੇਜ ਸਿੰ ਉਠ ਖਲੋਤਾ ਅਰ ਬੀਰੇਂਦਰ ਸਿੰਘ ਦਾ ਹਥ ਫੜਕੇ ਆਖਿ ਛੇਤੀ ਉਠੋ ਹੁਣ ਬੈਠਨ ਦਾ ਸਮਾ ਨਹੀਂ। ਚੰਦਰਕਾਂਤਾ ਵ ਤਕਕੇ ਬੋਲਿਆ ਸਾਡੇ ਏਸਤਰਾਂ ਛੇਤੀ ਚਲੇ ਜਾਨ ਦਾ ਤੁ ਗੁਸਾ ਨਾ ਕਰਨਾ ਅਰ ਜਦ ਤਕ ਤੁਹਾਡੇ ਪਿਤਾ ਏਥੇ ਨਾ ਆਉ ਏਥੇ ਹੀ ਬੈਠੇ ਰਹਿਨਾ॥

ਚੰਦਰਕਾਂਤਾ ਨੂੰ ਬੀਰੇਂਦਰ ਸਿੰਘ ਦਾ ਏਸਤਰਾਂ ਚਲੇ ਜਾਨ ਬਹੁਤ ਬੁਰਾ ਭਾਸਿਆ ਅਖਾਂ ਵਿਚ ਹੰਝੂ ਭਰਕੇ ਬੋਲੀ ਏਹ ਕ ਤਮਾਸ਼ਾ ਹੋਗਿਆ ? ਮੇਰੀ ਸਮਝ ਵਿਚ ਕੁਝ ਨਹੀਂ ਆਉਂਦ ਹਾਏ ! ਓਸ ਭੂਤ ਨੂ ਦੇਖਕੇ ਮੈ ਕੇਹੀ ਡਰ ਗਈ। ਮੇਰੇ ਕਲੇਜੇ ਉਤੇ ਹਥ ਰਖਕੇ ਦੇਖ ਅਜੇ ਅਜੇ ਤਰ ਧੜ ਧੜ ਪਿਆ ਕਰਦਾ ਹੈ ਕਿਉਂ ਚਪਲਾ ਤੂ ਏਹ ਕੀ ਸਮਝਿਆ ਹੈ ?

ਚਪਲਾ ਨੇ ਕਿਹਾ ਮੈਂ ਪੂਰੀ ਗਲ ਤਾਂ ਸਮਝ ਨਹੀਸਕੀ ਹ ਏਹ ਜਰੂਰ ਪਤਾ ਲਗ ਗਿਆ ਹੈ ਕਿ ਏਸ ਵੇਲੇ ਬੀਰੇਂਦਰ ਸਿੰ ਦੇ ਏਥੇ ਆਉਨ ਦੀ ਖਬਰ ਮਹਾਰਾਜ ਨੂੰ ਹੋਗਈ ਹੈ। ਉਹ ਹੁ ਜਰੂਰ ਏਥੇ ਆਉਂਦੇ ਹੋਣਗੇ ਚੰਪਾ ਬੋਲੀ "ਪੁਤਾ ਨਹੀ ਮੁਰ

CC-0. Kashmir Research Institute. Digitized by eGangotri

ਨੂੰ ਮੇਰੇ ਨਾਲ ਕੀ ਦੁਸ਼ਮਨੀ ਸੀ ?"

ਚੰਪਾ ਦੀ ਗਲ ਉਤੇ ਚਪਲਾ ਹੱਸ ਪਈ ਪਰ ਹੈਰਾਨ ਸੀ ਕਿ ਇਹ ਕੀ ਖੇਡ ਵਰਤ ਗਈ ਏਨਾ ਚਿਰ ਤਕ ਏਹੋ ਹੀ ਹੈਰਾਨ ਹੋਈਆਂ ਗੱਲਾਂ ਹੁੰਦੀਆਂ ਰਹੀਆਂ ਕਿ ਏਨੇ ਨੂੰ ਬਾਗ ਦੇ ਚੌਹੀਂ ਪਾਸੀਂ ਰੌਲੇ ਦੀ ਅਵਾਜ਼ ਆਉਣ ਲਗ ਪਈ, ਚਪਲਾਂ ਨੇ ਕਹਾ ਰੰਗ ਬੁਰੇ ਨਜ਼ਰ ਆਉਂਦੇ ਹਨ ਮਲੂਮ ਹੁੰਦਾ ਹੈ ਕਿ ਇਹ ਬਾਗ ਸਿਪਾਹੀਆਂ ਨੇ ਘੇਰ ਲਿਆ ਹੈ ਇਹ ਗਲ ਅਜੇ ਪੂਰੀ ਭੀ ਨਹੀਂ ਸੀ ਹੋਈ ਕਿ ਸਾਹਮਣਿਓਂ ਮਹਾਰਾਜ ਆਉਂਦੇ ਦਿਸੇ।

ਦੇਖਦਿਆਂ ਹੀ ਸਭ ਉਠ ਖਲੋਤੀਆਂ। ਚੰਦ੍ਰਕਾਂਤਾ ਨੇ ਅਗੇ ਵਧਕੇ ਪਿਤਾ ਅਗੇ ਸਿਰ ਝੁਕਾਯਾ ਅਤ ਕਿਹਾ ਕਿ "ਐਸ ਵੇਲੇ ਆਪਦੇ ਅਚਾਨਕ ਅਉਣ ਨ ਲ.....।" ਏਨਾਂ ਕਹਿਕੇ ਚੁਪ ਹੋ ਰਹੀ। ਜੈ ਸਿੰਘ ਨੇ ਕਿਹਾ ਨਹੀਂ ਐਵੇਂ ਹੀ ਤੈਨੂੰ ਦੇਖਣ ਨੂੰ ਦਿਲ ਕਰ ਆਇਆ, ਹੁਣ ਤਸੀਂ ਸਭੇ ਮਹਲ ਵਿਚ ਜਾਓ ਏਥੇ ਕਿਉਂ ਬੈਠ ਰਹੀਆਂ ਜੇ ਤ੍ਰੇਲ ਪੈਂਦੀ ਹੋਵੇਗੀ ਜਾਓ ਇਹ ਕਹਿਕੇ ਮਹਲ ਨੂੰ ਤੁਰ ਪਏ।

ਚੰਦ੍ਰਕਾਂਤਾ ਚਪਲਾ ਤੇ ਚੰਪਾ ਭੀ ਮਹਾਰਾਜ ਦੇ ਪਿਛੇ ਪਿਛੇ ਮਹਲ ਨੂੰ ਤੁਰ ਪਈਆਂ। ਜੈ ਸਿੰਘ ਆਪਣੇ ਕਮਰੇ ਵਿਚ ਆਏ ਅਰ ਜੀ ਵਿਚ ਬਹੁਤ ਸ਼ਰਮੰਦੇ ਹੋਏ, ਕਹਿਣ ਲਗੇ ਏਹੋ ਸਾਡੀ ਭੋਲੀ ਭਾਲੀ ਧੀ ਨੂੰ ਕੂਰ ਸਿੰਘ ਝੂਠ ਮੂਠ ਬਦਨਾਮ ਕਰਦਾ ਹੈ ਪਤਾ ਨਹੀਂ ਇਸ ਬੇਈਮਾਨ ਦੇ ਦਿਲ ਵਿਚ ਕੀ ਸਮਾਈ ਕਿ ਬੇਧੜਕ ਓਸ ਵਿਚਾਰੀ ਨੂੰ ਤੋਹਮਤ ਲਾ ਦਿਤੀ ਜੇ ਇਹ ਕੁੜੀ ਸੁਣੇਗੀ ਤਾਂ ਕੀ ਕਹੇਗੀ ? ਹਾਂ ! ਐਸੇ ਸ਼ੈਤਾਨ ਦਾ ਤਾਂ ਮੂੰਹ ਦੇਖਣਾ ਨਹੀਂ ਚਾਹੀਦਾ ਬਲਕੇ ਸਜਾ ਦੇਣੀ ਚਾਹੀਦੀ ਹੈ ਜਿਸ

CC-0. Kashmir Research Institute. Digitized by eGangotri

ਕਰਕੇ ਫੇਰ ਕਦੇ ਅਜੇਹੀ ਕਮ ਨੀ ਗਲ ਨਾ ਕਰ ਸਕੇ । ਏ
ਸੋਚ ਕਿਇਕ ਹਰੀ ਸਿੰਘ ਨਾਮੇ ਚੋਬਦਾਰ ਨੂੰ ਹੁਕਮ ਦਿੱਤਾ ।
ਬਹੁਤ ਛੇਤੀ ਕੂਰ ਸਿੰਘ ਨੂੰ ਹਾਜ਼ਰ ਕਰੋ ॥

ਹਰੀ ਸਿੰਘ ਕੂਰ ਸਿੰਘ ਨੂੰ ਲਭਦਾ ੨ ਬਾਗ ਦੇ ਪਾਸ ਪਹੁੰਚ
ਓਥੇ ਕੂਰ ਸਿੰਘ ਬਹੁਤ ਸਾਰੇ ਆਦਮੀਆਂ ਨਾਲ ਖੁਸ਼ੀ ੨ ਬਾ
ਨੂੰ ਘੇਰੀ ਬੈਠਾ ਸੀ ਹਰੀ ਸਿੰਘ ਨੇ ਜਾਕੇ ਕਿਹਾ ਚਲੋ ਤੁਹਾ
ਮਹਾਰਾਜ ਸਦਦੇ ਹਨ । ਕੂਰ ਸਿੰਘ ਘਬਰਾ ਉੱਠਿਆ, ਹੈਂ
ਮਹਾਰਾਜ ਨੇ ਕਿਉਂ ਸੱਦਿਆ ਹੈ ? ਕੀ ਚੋਰ ਲੱਭਾ
ਮਹਾਰਾਜ ਤਾਂ ਮੇਰੇ ਸਾਹਮਣੇ ਮਹਲ ਨੂੰ ਚਲੇ ਗਏ ਸਨ । ਹਰ
ਸਿੰਘ ਨੂੰ ਪੁਛਿਆ ਮਹਾਰਾਜ ਕੀ ਕਰਦੇ ਸਨ ? ਓਸਨੇ ਕਿਹਾ
ਹੁਣੇ ਮਹਲ ਵਿਚ ਆਏ ਹਨ ਗੁਸੇ ਵਿਚ ਭਰੇ ਬੈਠ ਹਨ ਤੁਹਾ
ਛੇਤੀ ਸਦਿਆ ਹੈ ਏਹ ਸੁਣਕੇ ਤਾਂ ਕੂਰ ਸਿੰਘ ਦੀ ਨਾਨੀ ਮ
ਗਈ, ਤਰਦਾ ਕੰਬਦਾ ਹਰੀ ਸਿੰਘ ਦੇ ਨਾਲ ੨ ਮਹਾਰਾਜ
ਪਾਸ ਆਇਆ ।

ਮਹਾਰਾ ਨੇ ਕੂਰ ਸਿੰਘ ਦੇਖਦਿਆਂ ਹੀ ਕਿਹਾ ਕਿਉ
ਓਏ ਕੂਰ ਸਿੰਘ ! ਵਿਚਾਰੀ ਚੰਦਰਕਾਂਤਾ ਨੂੰ ਝਠਮੂਠ ਬਦਨਾਮ ਕਰਨ
ਅਰ ਸਾਡੀ ਇੱਜ਼ਤ ਨੂੰ ਵਟਾ ਲਾਉਣਾ ਏਹੋ ਤੇਰਾ ਕੰਮ ਹੈ
ਏਹ ਏਤਨੇ ਆਦਮੀ ਜੋ ਬਾਗ ਨੂੰ ਘੇਰੀ ਬੈਠੇ ਹਨ ਦਿਨ ਦਿਚ ਕ
ਕਹਿੰਦੇ ਹੋਣਗੇ ? ਬੇਵਕੂਫ ਖੋਤ , ਪਾਜੀ ! ਤੂੰ ਏਹ ਸਿਕਤਰ
ਕਿਹਾ ਕਿ ਮਹਲ ਵਿਚ ਬੀਰੇਂਦਰ ਹੋਰੀ ਹੈਨ ?

ਮਹਾਰਾਜ ਦੇ ਜੋ ਸਿੰਘ ਦੇ ਹੋਠ ਕੰਬ ਰਹੇ ਸਨ ਅਖਾਂ ਲਾਲ
ਹੋਈਆਂ ੨ ਸਨ ਏਹ ਦੇਖਕੇ ਕੂਰ ਸਿੰਘ ਦੀ ਜਾਨ ਸੁਕ ਗਈ
ਘਬਰਾ ਕੇ ਬੋਲਿਆ ਮੈਨੂੰ ਤਾਂ ਨਾਸਮ ਨੇ ਖਬਰ ਪੁਚਾਈ ਸੀ ਜੋ
ਅਜ ਕਲ ਮਹਲ ਦੇ ਪਹਰੇ ਉਤੇ ਹੈ ਏਹ ਸੁਣਕੇ ਮਹਾਰਾਜ ਨੇ

CC-0. Kashmir Research Institute. Digitized by eGangotri

ਹੁਕਮ ਦਿਤਾ ਕਿ ਹਛਾ ਨਾਜਮ ਨੂੰ ਹਾਜਰ ਕਰੋ ਥੋੜੇ ਚਿਰ ਵਿਚ ਨਾਜਮ ਨੂੰ ਭੀ ਹਾਜਰ ਕੀਤਾ ਗਿਆ ਗੁਸੇ ਦੇ ਮਾਰੇ ਮਹਾਰਾਜ ਦੇ ਮੂੰਹ ਸਾਫ ਗਲ ਨਹੀਂ ਸੀ ਨਿਕਲਦੀ। ਨਾਜਮ ਨੂੰ ਪੁਛਿਆ ਤੂੰ ਕਿਸਤਰਾਂ ਏਹ ਖਬਰ ਲਿਆਈ ਸੀ ? ਇਸ ਵੇਲੇ ਡਰਦੇ ਮਾਰੇ ਸੇ ਹਾਲਤ ਨਾਜਮ ਦੀ ਸੀ ਮੋ ਨਾਜਮ ਹੀ ਜਾਨਦਾ ਸੀ, ਜਾਨ ਉਹੋਂ ਨਾ ਉਮੈਦ ਹੋ ਚੁਕਾ ਸੀ ਡਰਦ ੨ ਬੋਲਿਆ ਮੈਂ ਤਾਂ ਆਪਣੀ ਅਖੀਂ ਵੇਖਿਆਂ ਸੀ ਕਿ ਇਦ ਕਿਤਰਾਂ ਨਸਗਿਆ ਹੋਵੇ।

ਹੁਣ ਤਾਂ ਜੇ ਸਿੰਘ ਤੋਂ ਗੁਸਾ ਪਵਾਇਆ ਨਾ ਗਿਆ ਹੁਕਮ ਦਿਤਾ ਕਿ ਪੰਜਾਹ ਬੈਂਤ ਕੂਰ ਨੂੰ ਅਰ ਦੋ ਸੌ ਨਾਜਮ ਨੂੰ ਲਾਏ ਜਾਨ, ਬਸ ਏਨੇ ਤੇ ਹੀ ਛਡ ਦੇਂਦਾ ਹਾਂ ਅਗਾਹਾਂ ਨੂੰ ਫਰ ਕਦੇ ਅਜਿਹਾ ਹੋਵੇਗਾ ਤਾਂ ਸਿਰ ਉਤਾਰ ਲਿਆ ਜਾਵੇਗਾ ! ਕੂਰ ! ਤੂੰ ਵਜੀਰ ਹੋਣ ਦੇ ਯੋਗ ਨਹੀਂ।

ਹੁਣ ਕੀ ਸੀ ਲਗੇ ਦੁਤਰਫੀ ਬੈਂਤ ਵਜਨ ਉਨਾਂ ਦੋਹਾਂਦੀਆਂ ਚੀਗਰਾਂ ਨਾਲ ਮਹਲ ਗੂੰਜ ਉਠਿਆ ਪਰ ਰਾਜੇ ਦਾ ਗੁਸਾ ਨਾ ਉਤਰਿਆ ਜਦ ਦੋਹਾਂ ਨੂੰ ਬੈਂਤ ਵਜ ਚੁਕੇ ਤਾਂ ਧਕੇ ਮਾਰਕੇ ਮਹਲੋਂ ਬਾਹਿਰ ਕਢ ਦਿਤਾ, ਅਰ ਮਹਾਰਾਜ ਅਰਾਮ ਕਰਨ ਚਲੇ ਗਏ ਪਰ ਮਾਰੇ ਗੁਸੇ ਦੇ ਰਾਤ ਭਰ ਨੀਂਦ ਨਾ ਆਈ ਕੂਰ ਸਿੰਘ ਅਰ ਨਾਜਮ ਘਰ ਆਏ, ਦੋਵੇਂ ਇਕ ਥਾਂ ਬੈਠ ਕੇ ਲਗੇ ਝਗੜਨ ਕੂਰ ਨਾਜਮ ਨੂੰ ਕਹਨ ਲਗਾ ਕਿ ਤਰੀ ਬਦੌਲਤ ਅਜ ਮੇਰੀ ਇਜਤ ਮਿਟੀ ਵਿਚ ਰੁਲ ਗਈ। ਕਲ ਮੈਂ ਵਜੀਰ ਹੋਣ ਵਾਲਾ ਸਾਂ ਹੁਣ ਓਹਦੀ ਵੀ ਉਮੈਦ ਨਹੀਂ, ਮਾਰ ਖਾਧੀ ਵਖਰੀ ਓਸਦੀ ਪੀੜ ਤਾਂ ਮੈਂ ਹੀ ਜਾਨਦਾ ਹਾਂ ਏਹ ਸਭ ਤੇਰੀ ਹੀ ਕ੍ਰਿਪਾ ਹੈ। ਨਾਜਮ ਕਹਿੰਦਾ ; ਸੀ ਮੈਂ ਤੇਰੇ ਪਿਛੇ ਮਾਰਿਆ ਗਿਆ ਹਾਂ ਨਹੀਂ ਤਾਂ ਮੇਰਾ ਕੀ ਕੰਮ ਸੀ, ਖਸਮਾਂ ਨੂੰ ਖਾਏ

CC-0. Kashmir Research Institute. Digitized by eGangotri

ਚੰਦ੍ਰਕਾਂਤਾ ਤੇ ਬੀਰੇਂਦਰ ਸਿੰਘ। ਮੈਨੂੰ ਕੀ ਲੋੜ ਸੀ ਜੋ ਫਿਤਰ ਖਾਂਦਾ ? ਏਸੇ ਤਰਾਂ ਏਹ ਦੋਵੇਂ ਪਹਰ ਭਰ ਝਗੜਦੇ ਰਹੇ।

ਏਸੇ ਤਰਾਂ ਕੂਰ ਸਿੰਘ ਨੇ ਕਿਹਾ ਕਿ ਤੇਰਾ ਮੇਰਾ ਦੋਹਾਂ ਦਾ ਫਿਟੇ ਮੂਹ ਹੈ ਜੇ ਏਨੀ ਸਜ਼ਾ ਪਾਉਨ ਉਤੇ ਭੀ ਬੀਰੇਂਦਰ ਸਿੰਘ ਨੂ ਨਾਂ ਫੜੀਏ।

ਨਾਜ਼ਮਨੇ ਕਿਹਾ ਏਸਵਿਚ ਕੋਈ ਸਕਨਹੀ ਕਿ ਬੀਰੇਂਦਰ ਹੁਣ ਰੋਜ ਮਹਲ ਵਿਚ ਆਯਾ ਕਰੇਗਾ ਕਿਉਂਕਿ ਏਸੇ ਵਾਸਤੇ ਓਹ ਆਪਣਾ ਡੇਰਾ ਸਰਹਦ ਉਤੇ ਲਿਆਇਆ ਹੈ, ਪਰ ਹੁਣ ਕੋਈ ਕੰਮ ਕਰਨ ਦਾ ਹੌਸਲਾ ਨਹੀਂ ਪੈਂਦਾ ਕਿਤੇ ਦੇਖਾਂ ਅਰ ਖਬਰ ਕਰਨ ਉਤੇ ਓਹ ਨਿਕਲ ਜਾਵੇ ਤਦ ਤਾਂ ਜ਼ਰੂਰ ਹੀ ਜਾਨੋਂ ਮਾਰਿਆ ਜਾਵਾਂਗਾ।

ਕੂਰਸਿੰਘ ਨੇ ਕਿਹਾ ਹੋਰ ਕੋਈ ਅਜੇਹੀ ਤਰਕੀਬਕਰਨੀ ਚਾਹੀਦੀ ਹੈ ਜਿਸ ਨਾਲ ਆਪਣੀ ਜਾਨ ਵੀ ਬਚੇ ਅਰ ਬੀਰੇਂਦਰ ਸਿੰਘ ਨੂ ਭੀ ਮਹਾਰਾਜ ਆਪਣੀ ਅਖੀ ਮਹਲ ਵਿਚ ਵੇਖ ਲੈਣ।

ਬਹੁਤ ਚਿਰ ਸੋਚਨ ਦੇ ਪਿਛੋਂ ਨਾਜ਼ਮਨੇ ਕਿਹਾ ਕਿ ਚੁਨਾਰ ਗੜ੍ਹ ਦੇ ਮਹਾਰਾਜ ਸ਼ਿਵਦਤ ਦੇ ਦਰਬਾਰ ਵਿਚ ਇਕ ਪੰਡਤ ਜਗਨ ਨਾਥ ਨਾਮੇ ਜੋਤਸੀ ਹੈ ਓਹ ਰਮਲ ਬਹੁਤ ਹਢਾ ਜਾਣਦਾ ਹੈ; ਉਸਦੇ ਰਮਲ ਸੁਟਨ ਦੀ ਏਨੀ ਤੇਜੀ ਹੈ ਕਿ ਜਦ ਚਾਹੋ ਪੁਛ ਲਵੋ ਕਿ ਫਲਾਨਾ ਆਦਮੀ ਐਸ ਵੇਲੇ ਕਿਥੇ ਹੈ, ਕੀ ਕਰਦਾ ਹੈ, ਤੇ ਕਿਸਤਰਾਂ ਫੜਿਆ ਜਾਵੇਗਾ ? ਓਹ ਸਭ ਕੁਝ ਦਸ ਦੇਂਦਾ ਹੈ, ਜੇਕਰ ਓਨੂ ਮਿਲਿਆ ਜਾਵੇ ਅਰ ਓਹ ਕੁਛ ਦਿਨ ਏਥੇ ਰੈਹਕੇ ਤੁਹਾਡੀ ਸਹੈਤਾ ਕਰੇ ਤਾਂ ਸਭ ਕੰਮ ਠੀਕ ਹੋ ਜਾਵੇ ਅਰ ਚੁਨਾਰ ਗੜ੍ਹ ਏਥੋਂ ਕੁਛ ਦੂਰ ਵੀ ਨਹੀ ਕੁਲ ਤੇਈਕੁ ਕੋਹ ਹੈ ਚਲੋ ਅਸੀ ਤੁਸੀ ਦੋਵੇਂ ਚਲੀਏ ਅਰ

CC-0. Kashmir Research Institute. Digitized by eGangotri

ਜਿਸਤਰਾਂ ਹੋਸਕੇ ਓਨਾਂ ਨੂੰ ਨਾਲ ਲੈ ਆਵੀਏ॥

ਛੇਕੜ ਕੂਰ ਸਿੰਘ ਨੇ ਬਹੁਤ ਸਾਰੇ ਹੀਰੇ ਜਵਾਹਰਾਤ ਲੈਕੇ ਲੱਕ ਨਾਲ ਬਧੇ ਅਰ ਦੋ ਚਲਾਕ ਘੋੜੇ ਮੰਗਵਾਕੇ ਓਸੇ ਵੇਲੇ ਨਾਜਮ ਸਨੇ ਚੁਨਾਰ ਨੂੰ ਤੁਰ ਪਿਆ, ਅਰ ਘਰ ਵਿਚ ਸਭਨਾਂ ਨੂੰ ਕਹਿ ਗਿਆ ਕਿ ਜੇਕਰ ਕੋਈ ਮਹਾਰਾਜ ਵਲੋਂ ਸਦਨ ਆਵੇ ਤਾਂ ਕਹਿ ਦੇਨਾ ਕਿ ਬਹੁਤ ਬੀਮਾਰ ਹੈ॥

ਨੌਵਾਂ ਕਾਂਡ

ਬੀਰੇਂਦਰ ਸਿੰਘ ਅਰ ਤੇਜ ਸਿੰਘ ਬਾਗ ਤੋਂ ਬਾਹਰ ਹੋਕੇ ਆਪਣੇ ਡੇਰੇ ਵਲ ਤੁਰੇ ਜਦ ਡੇਰੇ ਪਹੁੰਚੇ ਤਾਂ ਪਤਾ ਲਗਾ ਕਿ ਅਧੀ ਰਾਤ ਬੀਤ ਗਈ ਹੈ, ਤੇਜ ਸਿੰਘ ਨੂ ਕਦ ਅਰਾਮ ਪੈਂਦਾ ਸੀ, ਬੀਰੇਂਦਰ ਸਿੰਘ ਨੂੰ ਡੇਰੇ ਪੁਚਾਕੇ ਮੁੜ ਆਯਾ ਅਰ ਐਹਮਦ ਦੀ ਸੂਰਤ ਬਨਕੇ ਕੂਰ ਸਿੰਘ ਦੇ ਘਰ ਗਿਆ, ਕੂਰ ਸਿੰਘ ਚੁਨਾਰ ਗੜ੍ਹ ਵਲ ਤੁਰ ਹੀ ਚੁਕਾ ਸੀ ਜਿਨਾਂ ਆਦਮੀਆਂ ਨੂੰ ਘਰ ਦੀ ਰਾਖੀ ਵਾਸਤੇ ਛਡ ਗਿਆ ਸੀ ਅਰ ਕਹਿ ਗਿਆ ਸੀ ਕਿ ਜੇਕਰ ਕੋਈ ਸਦਾ ਮਹਾਰਾਜ ਵਲੋਂ ਆਵੇ ਤਾਂ ਆਖ ਦੇਣਾ ਕਿ ਕੂਰ ਸਿੰਘ ਬੀਮਾਰ ਹੈ। ਓਨਾਂ ਲੋਕਾਂ ਨੇ ਅਚਾਨਕ ਐਹਮਦ ਨੂੰ ਦੇਖਕੇ ਕਿਹਾ:—"ਸੁਨਾਐਹਮਦਾ ਤੂੰ ਕਿਥੇ ਗਿਆ ਸੀ ? ਨਕਲੀ ਐਹਮਦ ਨੇ ਕਿਹਾ ਮੈ ਜਹੰਨਮ* ਦੀ ਸੈਲ ਕਰਨ ਗਿਆ ਸਾਂ ਹੁਣ ਮੁੜ ਆਇਆ ਹਾਂ ਦਸੋ ਕੂਰ ਸਿੰਘ ਕਿਥੇ ਹੈ ? ਸਭਨਾਂਨੇ ਓਹਦਾ ਪੂਰਾ ੨ ਹਾਲ ਦਸਿਆ ਅਰ ਏਹ ਵੀ ਕਿਹਾ ਕਿ ਹੁਣ ਚੁਨਾਰ ਨੂ ਗਏ ਹਨ ਜੇ ਤੂ ਭੀ ਚੁਨਾਰ ਜਾਂਦਾ ਤਾਂ ਚੰਗਾ ਕੰਮ ਸੀ॥

ਐਹਮਦ ਨੇ ਕਿਹਾ ਹਾਂ ਮੈਂ ਭੀ ਜਾਂਦਾ ਹਾਂ ਹੁਣ ਘਰ ਭੀ

---

*ਡਰਕ।

CC-0. Kashmir Research Institute. Digitized by eGangotri

ਨਹੀਂ ਜਾਂਦਾ ਸਿਧਾ ਓਥੇ ਹੀ ਜਾਂਦਾ ਹਾਂ ਏਹ ਕਹਿਕੇ ਓਥੋਂ ਤੁਰ ਕੇ ਆਪਣੇ ਡੇਰੇ ਨੂ ਆਏ ਅਰ ਬੀਰੈਂਦਰ ਸਿੰਘ ਨੂ ਸਾਰਾ ਹਾਲ ਦਸਿਆ, ਬਾਕੀ ਰਾਤ ਅਰਾਮ ਕੀਤਾ, ਸਵੇਰਾ ਹੁਦਿਆਂ ਹੀ ਨਹਾ ਧੋ, ਕੁਝ ਭੋਜਨ ਕਰਕੇ ਸੂਰਤ ਬਦਲ ਬਿਜੈਗੜ੍ਹ ਵਲ ਤੁਰ ਪਏ, ਨੰਗੇ ਸਿਰ ਹਥ ਪੈਰ ਮੂੰਹ ਉਤੇ ਧੂੜ ਪਈ ਰੋਂਦੇ ਪਿਟਦੇ ਮਹਾਰਾਜ ਜੈ ਸਿੰਘ ਦੇ ਦਰਬਾਰ ਵਿਚ ਪ ੍ਹੁਚੇ ਜਿਸਨੂ ਵੇਖਕੇ ਸਭ ਹੈਰਾਨ ਹੋ ਗਏ ਮਹਾਰਾਜ ਨੇ ਮੀਰ ਮੁਨਸ਼ੀ ਨੂ ਕਿਹਾ ਕਿ ਏਸਨੂ ਪੁਛੋ ਏਹ ਕੌਣ ਹੈ ਤੇ ਕੀ ਕਹਿੰਦਾ ਹੈ ?

ਤੇਜ ਸਿੰਘ ਨੇ ਕਿਹਾ—ਮੈਂ ਕੂਰ ਸਿੰਘ ਦਾ ਨੌਕਰ ਹਾਂ ਮੇਰਾ ਨਾਂ ਰਾਮ ਲਾਲ ਹੈ ਮਹਾਰਾਜ ਤੋਂ ਬਾਗੀ ਹੋਕੇ ਕੂਰ ਸਿੰਘ ਚੁਨਾਰ ਗੜ੍ਹ ਦੇ ਰਾਜੇ ਪਾਸ ਚਲਾ ਗਿਆ ਹੈ ਮੈਂ ਬੰਦ ਕੀਤਾ ਸੀ ਕਿ ਮਹਾਰਾਜ ਦਾ ਲੂਣ ਖਾਕੇ ਅਜੇਹਾ ਨਹੀਂ ਕਰਨਾ ਚਾਹੀਦਾ ਏਹ ਸੁਣਕੇ ਮੈਨੂੰ ਖੂਬ ਮਾਰਿਆ ਅਰ ਜੋ ਕੁਝ ਮੇ ਪਾਸ ਸੀ ਸਭ ਖੋਹ ਲਿਆ। ਹਾਏ ! ਮੈਂ ਬਿਲਕੁਲ ਲੁਟਿਆ ਗਿਆ ਮੇਰੇ ਪਾਸ ਇਕ ਕੌਡੀ ਨਹੀ ਰਹੀ ਮੈਂ ਕੀ ਖਾਵਾਂਗਾ ? ਘਰ ਕਿਸਤਰਾਂ ਪਹੁੰਚਾਂਗਾ ? ਮੇਰੇ ਘਰ ਦੇ ਤਿੰਨਾਂ ਵਰਿਹਾਂ ਦੀ ਕਮਾਈ ਪੁਛਣਗੇ ਕਿ ਰਜਵਾੜੇ ਵਿਚੋਂ ਕੀ ਖਟਕੇ ਲਿਆਇਆ ਹੈਂ ? ਮੈ ਓਨਾਂ ਨੂੰ ਕੀ ਦੇਵਾਂਗਾ ? ਦੋਹਾਈ ! ਮਹਾਰਾਜ ਦੀ ਦੋਹਾਈ ! ਦੋਹਾਈ !! ਦੋਹਾਈ !!!

ਬੜੀ ਮੁਸ਼ਕਲ ਨਾਲ ਸਭਨਾਂ ਨੇ ਰਾਮਲਾਲ ਨੂੰ ਚੁਪ ਕਰਾਯਾ; ਮਹਾਰਾਜ ਨੂੰ ਬੜਾ ਗੁਸਾ ਆਇਆ, ਹੁਕਮ ਦਿਤਾ ਕਿ ਦੇਖੋ ਕੂਰ ਸਿੰਘ ਕਿਥੇ ਹੈ ? ਚੋਬਦਾਰ ਖਬਰ ਲਿਆਇਆ ਕਿ ਬਹੁਤ ਬੀਮਾਰ ਹੈ ਉਠ ਨਹੀਂ ਸਕਦਾ। ਰਾਮਲਾਲ (ਤੇਜ ਸਿੰਘ) ਨੇ ਕਹਾ ਦੋਹਾਈ ਮਹਾਰਾਜ ਦੀ ਏਹ ਵੀ ਓਨਾਂ ਵਲ ਹੋਗਿਆ

CC-0. Kashmir Research Institute. Digitized by eGangotri

ਹੈ ਝੂਠ ਬੋਲਦਾ ਹੈ ਮੁਸਲਮਾਨ ਸਭ ਓਨਾਂ ਵਲ ਹੈਨ ਦੋਹਾਈ ਮਹਾਰਾਜ ਦੀ ਖੂਬ ਤਕੀਕਾਤ ਕੀਤੀ ਜਾਵੇ। ਮਹਾਰਾਜ ਨੇ ਮੁਨਸ਼ੀ ਨੂੰ ਕਿਹਾ ਤੁਸੀ ਆਪ ਪਤਾ ਲਿਆਓ ਏਹ ਕੀ ਗਲ ਹੈ? ਥੋੜੇ ਚਿਰ ਪਿਛੋਂ ਮੁਨਸ਼ੀ ਜੀ ਮੁੜ ਆਏ ਅਰ ਮਹਾਰਾਜ ਨੂ ਕਿਹਾ ਕਿ ਕੂਰ ਸਿੰਘ ਘਰ ਤਾਂ ਨਹੀਂ ਹੈ, ਘਰ ਵਾਲੇ ਪਤਾ ਨਹੀਂ ਦਸਕੇ ਕਿ ਕਿਥ ਗਿਆ ਹੈ? ਮਹਾਰਾਜ ਨੇ ਕਿਹਾ ਕਿ ਓਹ ਜਰੂਰ ਚੁਨਾਰ ਗਿਆ ਹੈ ਹਛਾ ਓਸਦੇ ਘਰੋਂ ਕਿਸੇ ਪਿਆਦੇ ਨੂੰ ਬੁਲਾਓ। ਹੁਕਮ ਹੁੰਦਿਆਂ ਹੀ ਚੋਬਦਾਰ ਗਿਆ ਅਰ ਇਕ ਅਭਾਗੇ ਪਿਆਦੇ ਨੂੰ ਫੜ ਲਿਆਯਾ। ਮਹਾਰਾਜ ਨੇ ਪੁਛਿਆ ਕੂਰ ਸਿੰਘ ਕਿਥ ਗਿਆ ਹੈ? ਪਿਆਦੇ ਨੇ ਠੀਕ ਪਤਾ ਨਾ ਦਿਤਾ, ਰਾਮਲਾਲ ਨੇ ਕਿਹਾ ਦੋਹਾਈ ਮਹਾਰਾਜ ਦੀ ਇਨਾ ਮਾਰ ਖਾਦੇ ਦੇ ਏਹ ਕਦੇ ਨਾ ਦਸੇਗਾ, ਮਹਾਰਾਜ ਨੇ ਮਾਰਨ ਦਾ ਹੁਕਮ ਦਿਤਾ। ਓਸ ਬਦ ਕਿਸਮਤ ਨੇ ਮਾਰ ਪੈਣ ਤੋਂ ਪਹਿਲਾਂ ਹੀ ਦਸ ਦਿਤਾ ਕਿ ਕੂਰ ਸਿੰਘ ਚੁਨਾਰ ਗਿਆ ਹੈ॥

ਮਹਾਰਾਜ ਨੂੰ ਕੂਰ ਸਿੰਘ ਦਾ ਹਾਲ ਸੁਣਕੇ ਜਿੰਨਾਂ ਗੁਸਾ ਆਇਆ ਓਹ ਲਿਖਨ ਤੋਂ ਬਾਹਰ ਹੈ ਹੁਕਮ ਦਿਤਾ ਕਿ:—

(੧) ਕੂਰ ਸਿੰਘਦ ਘਰਦੇ ਸਭ ਮਰਦਤੀਵੀਆਂ ਪੈਦਾ ਹਰਦੇ ਅੰਦਰ ਅੰਦਰ ਜਾਨ ਬਚਾਕੇ ਸਾਡੀ ਸਰਹਦੋ ਬਾਹਰ ਹੋ ਜਾਣ।

(੨) ਓਸਦਾ ਘਰ ਲੁਟ ਲਿਆ ਜਾਵੇ।

(੩) ਓਸਦੇ ਧਨ ਵਿਚੋਂ ਜਿੰਨਾਂ ਦੁਪਯਾ ਕੱਲਾ ਰਾਮਲਾਲ ਚੁਕ ਸਕੇ ਲੈਜਾਵੇ ਬਾਕੀ ਸਰਕਾਰੀ ਖਜਾਨੇ ਵਿਚ ਦਾਖਲ ਕੀਤਾ ਜਾਵੇ।

(੪) ਰਾਮ ਲਾਲ ਜੇ ਨੌਕਰੀ ਚਾਹੇ ਤਾਂ ਦਿਤੀ ਜਾਵੇ

ਹੁਕਮ ਹੁੰਦਿਆਂ ਹੀ ਫਰਤਾਂ ਪਹਿਲਾਂ ਰਾਮਲਾਲ ਤਥਾ ਸਿੰਘ

CC-0. Kashmir Research Institute. Digitized by eGangotri

ਦੇ ਘਰ ਪਹੁੰਚ, ਮਹਾਰਾਜ ਦੇ ਮੁਨਸ਼ੀ ਨੂੰ ਜੋ ਹੁਕਮ ਵਜਾਉਣ ਵਾਸਤੇ ਗਿਆ ਸੀ ਰਾਮਲਾਲ ਨੇ ਕਿਹਾ ਕਿ ਪਹਿਲਾਂ ਮੈਨੂੰ ਰੁਪਯ ਦੇਵ ਕਿ ਚਕ ਲਿਜਾਵਾਂ ਅਰ ਮਹਾਰਾਜ ਨੂੰ ਅਸੀਸਾਂ ਦੇਵਾਂ ਇਸ ਛਤੀ ਕਰੋ ਮੈਨੂੰ ਗਰੀਬ ਨੂੰ ਨਾ ਮਤ ਓ। ਮੁਨਸ਼ੀ ਨੇ ਕਿਹਾ ਸਬਰ ਕਰ ਇਨੂੰ ਆਪਣੀ ਹੀ ਪਈ ਹੈ ਠੈਹਰ ਜਾਂ ਘਾਬਰ ਨਾ। ਨਕਲੀ ਰਾਮ ਲਾਲ ਨ ਉਚੀ ਰ ਰੌਲਾ ਪਾਉਣਾ ਸ਼ੁਰੂ ਕਰ ਦਿਤ "ਦੋਹਾਈ ਮਹਾਰਾਜ ਦੀ! ਤੁਨਹੀ ਮੇਰੇ ਰੁਪੈ ਨਹੀਂ ਦੇਂਦਾ" ਏਹ ਕਹਿੰਦਾ ਰ ਮਹਾਰਾਜ ਵਲ ਤੁਰ ਪਿਆ। ਮੁਨਸ਼ੀ ਨੇ ਕਿਹਾ ਲੈ ਓਏ ਜਾਂਦਾ ਕਿਥ ਹੈਂ? ਭਈ ਏਨੂੰ ਪਹਿਲਾਂ ਦੇਲਵੋ!

ਰਮਲਾਲ ਨੇ ਕਿਹਾ ਹਤ ਤੇਰੀ ਸੀ ਜੇ ਮੈਂ ਰੌਲਾ ਨਾ ਪਾਉਂਦਾ ਤਾਂ ਰੁਪੈ ਹੀ ਡਕਾਰ ਜਾਂਦਾ। ਇਸ ਗਲ ਉਤੇ ਸਭ ਹਸ ਪਏ ਮੁਨਸ਼ੀ ਨੇ ਦੋ ਹਜ਼ਾਰ ਰੁਪੈ ਮੰਗਵਾਕੇ ਅਗੇ ਰਖ ਦਿਤੇ ਅਰ ਕਿਹ "ਲੈ ਜਾਹ" ਰਮ ਲਾਲ ਨੇ ਕਿਹਾ ਵਾਹ ਕੁਛ ਯਾਦ ਭੀ ਹੈ, ਕਿ ਮਹਾਰਾਜ ਨੇ ਕੀ ਹੁਕਮ ਦਿਤਾ ਹੈ? ਇਨਾਂ ਤਾਂ ਮੇਰੇ ਖੀਸੇ ਵਿਚ ਆ ਜਾਵਗਾ ਤੇ ਚੁਕ ਕੇ ਕੀ ਲੈ ਜਾਵਾਂਗਾ? ਮੁਨਸ਼ੀ ਚਿੜ ਉਠਿਆ ਅਰ ਨਕਲੀ ਰਾਮਲਾਲ ਨੂੰ ਖਜਾਨੇ ਦੇ ਮੰਦੂਕ ਪਾਸ ਲੈ ਜਾਕੇ ਬੋਲਿਆ ਲੈ ਚਕ ਵਖੀਏ ਕਿੰਨਾਂ ਚੁਕਦਾ ਹੈਂ ਦੇਖ ਦਿਆਂ ਰ ਓਨਨ ਦਸ ਹਜਾਰ ਰੁਪੈ ਚਕ ਲਏ, ਸਿਰ ਉਤੇ ਬਟੂਏ ਵਿਚ, ਲਕ ਨਾਲ ਖੀਸੇ ਵਿਚ ਏਥੋਂ ਤਕ ਕਿ ਮੂੰਹ ਵਿਚ ਭੀ ਰਪਏ ਭਰ ਲਏ ਅਤੇ ਬਾਹਰ ਨੂੰ ਤੁਰ ਪਿਆ। ਏਹ ਦੇਖਕੇ ਸਭ ਹਸਨ ਲਗ ਪਏ ਅਰ ਕਹਿਨ ਲਗੇ ਏਹ ਆਦਮੀ ਨਹੀਂ ਏਨੂੰ ਤਾਂ ਰਾਖਸ਼ ਸਮਝਨਾ ਚਾਹੀਏ॥

ਮਹਾਰਾਜ ਦੇ ਹੁਕਮ ਦੀ ਤਾਮੀਲ ਕੀਤੀ ਗਈ, ਘਰ ਲੁਟ ਲਿਆ ਗਿਆ ਮਰਦ ਤੀਵੀਂ ਸਭਨੇ ਰੋਂਦਿਆਂ ਪਿਟਦਿਆਂ

CC-0. Kashmir Research Institute. Digitized by eGangotri

ਚੁਨਾਰ ਦਾ ਰਸਤਾ ਫੜਿਆ ॥

ਤੇਜ ਸਿੰਘ ਰੁਪਯਾ ਲਈ ਬੀਰੇਂਦਰ ਸਿੰਘ ਦੇ ਪਾਸ ਪਹੁੰਚੇ ਅਤੇ ਬੋਲੇ ਭਈ ਅਸਾਂ ਗਹਾਖਟ ਲਿਆਏ ਹਾਂ, ਪਰ ਯਾਰ ਮਾਲ ਸ਼ੈਤਾਨ ਦਾ ਹੈ ਏਸਦ ਵਿਚ ਕਛ ਤੁਸੀ ਭੀ ਰਲਾ ਦੇਵੋ ਜਿਸ ਨਾਲ ਏਹ ਪਵਿਤ ਹੋ ਜਾਵ, ਬੀਰੇਂਦਰ ਸਿੰਘ ਨੇ ਪੁੱਛਿਆ ਕਿਥੋ ਲਿਆਏ ਹੋ ? ਤੇਜ ਸਿੰਘ ਨੇ ਸਾਰਾ ਹਾਲ ਦਸਿਆ । ਬੀਰੇਂਦਰ ਸਿੰਘ ਨੇ ਕਿਹਾ ਜੋ ਏਥ ਮੇਰ ਪਾਸ ਹੈ ਮੈਂ ਸਭ ਦਿਤਾ, ਤੇਜ ਸਿੰਘ ਨੇ ਕਿਹਾ ਪਰ ਸ਼ਰਤ ਏਹ ਹੈ ਕਿ ਏਹਦੇ ਪਾਸੋਂ ਘਟ ਨਾ ਹੋਵੇ ਕਿਉਂਕਿ ਤੁਹਾਡਾ ਦਰਜਾ ਓਹਦੇ ਪਾਸੋਂ ਬਹੁਤ ਵਡਾ ਹੈ । ਬੀਰੇਂਦਰ ਸਿੰਘ ਨੇ ਕਿਹਾ ਅਜ ਵੇਲੇ ਐਤਨਾ ਕਿਥੋ ਲਿਆਈਏ ? ਤੇਜ ਸਿੰਘ ਨੇ ਕਿਹਾ, ਤਮਸੁਕ ਲਿਖ ਦੇਵੋ, ਕਮਾਰ ਹਸ ਪਏ, ਅਰ ਹੀਰੇ ਦੀ ਮੁਦਰੀ ਲਾਹ ਕੇ ਤੇਜ ਸਿੰਘ ਨੂੰ ਦੇ ਦਿਤੀ ਤੇਜ ਸਿੰਘ ਨੇ ਖੁਸ਼ ਹੋਕੇ ਮੁਦਰੀ ਲੈ ਲਈ ਅਰ ਕਿਹਾ "ਪ੍ਰਮੇਸ਼ਵਰ ਤੁਹਾਡੀ ਮਰਾਦ ਪੂਰੀ ਕਰੇ" ਹੁਣ ਸਾਨੂੰ ਏਥੋਂ ਚਲਨਾ ਚਾਹੀਦਾ ਹੈ ਕਿਉਂਕਿ ਹੁਣ ਮੈਂ ਭੀ ਚਲਾ ਜਾਵਾਂਗਾ । ਦੇਖਾਂ ਸੂਰ ਦਾ ਬਚਾ ਓਥ ਜਾਕੇ ਕੀ ਬੰਦੋਬਸਤ ਕਰਦਾ ਹੈ ?

ਦਸਵਾਂ ਕਾਂਡ

ਕੂਰ ਸਿੰਘ ਦੀ ਤਬਾਹੀ ਦਾ ਹਾਲ ਸ਼ਹਰ ਭਰ ਵਿਚ ਖਿਲਰ ਗਿਆ ਮਹਾਰਾਣੀ ਰਤਨ ਗਰਭਾ ਚੰਦਰਕਾਂਤਾ ਸਭਨਾਂ ਨੇ ਸੁਣਿਆ ਚੰਦਰਕਾਂਤਾ ਅਤੇ ਚਪਲਾ ਨੂੰ ਬੜੀ ਖੁਸ਼ੀ ਹੋਈ, ਜਦ ਮਹਾਰਾਜ ਮਹਲ ਵਿਚ ਗਏ ਹਸਦਿਆਂ ਨੇ ਮਹਾਰਾਣੀ ਨੇ ਕੂਰ ਸਿੰਘ ਦਾ ਹਾਲ ਪੁੱਛਿਆ, ਮਹਾਰਾਜ ਨੇ ਕਿਹਾ ਓਹ ਬੜਾ ਝੂਠਾ ਹੈ

CC-0. Kashmir Research Institute. Digitized by eGangotri

ਬਦਮਾਸ਼ ਸੀ ਐਵੇਂ ਝੂਠ ਮੂਠ ਸਭੀ ਧੀ ਨੂੰ ਬਦਨਾਮ ਕਰਦਾ ਸੀ॥

ਮਹਾਰਾਣੀ ਨੇ ਕਿਹਾ ਤੁਸਾਂ ਕੀ ਸੋਚਕੇ ਬੀਰੇਂਦਰ ਸਿੰਘ ਦਾ ਆਉਣਾ ਜਾਣਾ ਬੰਦ ਕਰ ਦਿਤਾ ? ਦੇਖੋ ਏਹ ਓਹੋ ਬੀਰੇਂਦਰ ਹੈ ਜੋ ਛੋਟ ਹੁੰਦਿਆਂ ਜਦੋਂ ਅਜੇ ਚੰਟਰਕਾਂਡਾ ਜੰਮੀ ਭੀ ਨਹੀਂ ਸੀ ਤਾਂ ਕਈ ੨ ਦਿਨ ਆਕੇ ਰਹਿੰਦਾ ਹੁੰਦਾ ਸੀ, ਫੇਰ ਜਦ ਏਹ ਜੰਮੀ ਤਾਂ ਦੋਵੇ ਨਠੇ ਖੇਡਦੇ ਰਹੇ ਇਸੇ ਕਰਕੇ ਏਨਾਂ ਦਾ ਪਿਆਰ ਆਪਸ ਵਿਚ ਵਧ ਗਿਆ, ਏਸਦੇ ਸਿਵਾ ਏਹ ਭੀ ਨਹੀ ਮਲੂਮ ਹੁੰਦਾ ਸੀ ਕਿ ਤੁਸੀ ਤੇ ਰਾਜਾ ਸੁਰੇਂਦਰ ਸਿੰਘ ਕੋਈ ਦੋਹੇ ਜਾਂ ਤਿਜੇ ਰਜ਼ਨੇ ਗੜ ਦੇ ਰਜਵਾੜੇ ਹਾਂ, ਸੁਰੇਂਦਰ ਸਿੰਘ ਭੀ ਬਰਾਬਰ ਤੁਹਾਡ ਕਹੇ ਮੁਜਬ ਚਲਦੇ ਰਹੇ ਹਨ ਤੁਸੀ ਆਪ ਕਈ ਵਾਰੀ ਕੈਹ ਚੁਕੇ ਸੀ ਕਿ ਇੰਦਰ ਤਾ ਦਾ ਵਿਆਹ ਬੀਰੇਂਦਰ ਨਾਲ ਕਰ ਦੇਨਾ ਚਾਹੀਦਾ ਹੈ, ਅਜੇਹੀ ਮੇਲ ਮੁਹਬਤ ਅਰ ਪਿਆਰ ਨੂ ਏਸ ਦੁਸ਼ਟ ਕੂਰ ਨੇ ਵਿਗਾੜ ਦਿਤਾ ਅਤ ਦੋਹਾਂ ਦੇ ਦਿਲਾਂ ਵਿਚ ਰੰਜ ਪੈਦਾ ਕਰ ਦਿਤਾ॥

ਮਹਾਰਾਜ ਨੇ ਕਿਹਾ ਮੈਂ ਆਪ ਹੈਰਾਨ ਹਾਂ ਕਿ ਮੇਰੀ ਬੁਧ ਨੂ ਕੀ ਹੋਗਿਆ, ਮੇਰੀ ਸਮਝ ਉਤੇ ਕੀ ਪਥਰ ਪੈਗਏ, ਐਹੋ ਜਹੀ ਕੇਹੜੀ ਗਲ ਹੋਗਈ ਜਿਸ ਕਰਕੇ ਮੇਰੇ ਦਿਲ ਵਿਚੋਂ ਬੀਰੇਂਦਰ ਦੀ ਮੁਹਬਤ ਜਾਂਦੀ ਰਹੀ ! ਹਾਏ ! ਏਸ ਕੂਰ ਨੇ ਤਾਂ ਹਨੇਰ ਮਚਾਇਆ, ਏਸਦੇ ਨਿਕਲ ਜਾਨ ਉਤ ਹੁਣ ਮੈਨੂ ਪਤਾ ਲਗਾ ਹੈ, ਮਹਾਰਾਣੀ ਨੇ ਕਿਹਾ, ਦੇਖੀਏ ਓਹ ਚਨਾਰ ਜਾਕੇ ਕੀ ਕਰਦਾ ਹੈ, ਓਹ ਜਰੂਰ ਮਹਾਰਾਜ ਸਿਵਦਤ ਨੂ ਚੁਕੇਗਾ, ਮਹਾਰਾਜ ਨੇ ਕਿਹਾ ਹਛਾ ਜੋ ਹੋਵੇਗਾ ਦੇਖਿਆ ਜਾਵੇਗਾ ਪ੍ਰਮੇਸ਼ਰ ਮਾਲਕ ਹੈ ਏਸ ਨਾਲਾਇਕ ਨੇ ਤਾਂ ਆਪਣੇ ਵਲੋਂ

CC-0. Kashmir Research Institute. Digitized by eGangotri

ਬੁਰਾ ਕਰਨ ਵਿਚ ਕੋਈ ਕਸਰ ਨਹੀਂ ਛਡੀ।

ਏਹ ਕਹਿਕੇ ਮਹਾਰਾਜ ਮਹਲੋਂ ਬਾਹਰ ਚਲੇ ਗਏ ਹੁਣ ਫਿਕਰ ਹੋਯਾ ਕਿ ਕਿਸੇ ਨੂ ਦੀਵਾਨ (ਵਜੀਰ) ਬਨਾਉਣਾ ਚਾਹੀਦਾ ਹੈ ਨਹੀਂ ਤਾਂ ਕੰਮ ਨਾਂ ਚਲੇਗਾ, ਕਈ ਦਿਨ ਤਕ ਸੋਚਕੇ ਹਰਦਯਾਲ ਸਿੰਘ ਨਾਮੀ ਨਾਇਬ ਦੀਵਾਨ ਨੂ ਵਜੀਰ ਦੀ ਪਦਵੀ ਦਿਤੀ ਏਹ ਆਦਮੀ ਬੜਾ ਭਲਾਮਾਨਸ ਈਮਾਨਦਾਰ ਤੇ ਨੇਮ ਦਿਲ ਤੇ ਸਾਫ ਦਿਲਦਾ ਸੀ ਏਸਨੇ ਕਦੇ ਕਿਸੇ ਦਾ ਦਿਲ ਨਹੀਂ ਸੀ ਦੁਖਾਯਾ॥

ਯਾਰਵਾਂ ਕਾਂਡ

ਕੂਰ ਸਿੰਘ ਨੂ ਤਾਂ ਏਹੋ ਫਿਕਰ ਸੀ ਕਿ ਜਿਸਤਰਾਂ ਹੋਵੇ ਬੀਰੇਂਦਰ ਸਿੰਘ ਤ ਤੇਜ ਸਿੰਘ ਨੂ ਮਾਰ ਸੁਟਨਾਚਾਹੀਦਾ ਹੈ, ਸਗੋਂ ਹੋ ਸਕੇ ਤਾ ਨੌ ਗੜ੍ਹ ਦਾ ਰਾਜ ਹੀ ਗਰਕ ਕਰ ਦੇਨਾ ਚਾਹੀਦ ਹੈ; ਨਾਜ਼ਮ ਨੂ ਨਾਲ ਲੈਕੇ ਚੁਨਾਰ ਪਹੁਚਾ ਅਰ ਮਹਾਰਾਜ ਸ਼ਿਵਦਤ ਦੇ ਦਰਬਾਰ ਵਿਚ ਹਾਜ਼ਰ ਹੋਕੇ ਨਜ਼ਰ ਦਿਤੀ, ਮਹਾਰਾਜ ਏਸਨੂ ਚੰਗੀ ਤਰਾਂ ਜਾਨਦੇ ਸਨ ਨਜ਼ਰ ਲੈਕੇ ਹਾਲ ਪੁਛਿਆ, ਕੂਰ ਨੇ ਕਿਹਾ 'ਮਹਾਰਾਜ ਜੋ ਕੁਛ ਹਾਲ ਹੈ ਇਕਾਂਤ ਵਿਚ ਕਹਾਂਗਾ।"

ਦਰਬਾਰ ਬੁਖਾਸਤ ਹੋਇਆ, ਤਕਾਲਾਂ ਨੂ ਇਕਾਂਤ ਵਿਚ ਮਹਾਰਾਜ ਸ਼ਿਵਦਤ ਨੇ ਕੂਰ ਸਿੰਘ ਨੂੰ ਸਦਵਾਯਾ, ਅਰ ਹਾਲ ਪੁਛਿਆ, ਓਸਨੇ ਜਿਤਨੀ ਚੁਗਲੀ ਮਹਾਰਾਜ ਜੈ ਸਿੰਘ ਦੀ ਓਸਤੋਂ ਹੋ ਸਕੀ ਓਸਨੇ ਕੀਤੀ ਅਰ ਏਹ ਭੀ ਕਿਹਾ ਕਿ ਲਸ਼ਕਰ ਦਾ ਇੰਤਜ਼ਾਮ ਅਜ ਕਲ ਬਹੁਤ ਖਰਾਬ ਹੈ, ਮੁਸਲਮਾਨ ਸਭ ਸਾਡੇ ਮੋਲ ਵਿਚ ਹਨ, ਅਗਰ ਆਪ ਚਾਹੋ ਤਾਂ ਏਸ ਵੇਲੇ

CC-0. Kashmir Research Institute. Digitized by eGangotri

ਬਿਜੈਗੜ ਦਾ ਫੜੇ ਕਰ ਲੈਣਾ ਕੋਈ ਮੁਸ਼ਕਿਲ ਨਹੀਂ ਹੈ ਚੰਦਰਕਾਂਤਾ ਮਹਾਰਾਜ ਜੈ ਸਿੰਘ ਦੀ ਧੀ ਜਿਸਦੇ ਨਾਲ ਦੀ ਸੋਹਣੀ ਔਰਤ ਕੋਈ ਦੁਨੀਆਂ ਵਿਚ ਨਹੀਂ ਹੈ ਓਹ ਭੀ ਆਪਦੇ ਹਥ ਲਗੇਗੀ ॥

ਏਹੋ ਜੇਹੀਆਂ ਬਹੁਤ ਸਾਰੀਆਂ ਗਲਾਂ ਕਰਕੇ ਓਸਨੇ ਮਹਾਰਾਜ ਸ਼ਿਫਰਤ ਨੂੰ ਪੂਰੀ ਤਰਾਂ ਚੁਕ ਦਿਤਾ; ਮਹਾਰਾਜ ਨੇ ਆਖਿਆ "ਅਜੇ ਸਾਨੂ ਲੜਨ ਦੀ ਕੋਈ ਲੋੜ ਨਹੀਂ, ਪਹਿਲਾਂ ਅਸੀ ਆਪਣੇ ਏਜਾਰਾਂ ਤੋਂ ਕੰਮ ਲਵਾਂਗੇ, ਫੇਰ ਜੇਹਾ ਵੇਲਾ ਹੋਊ ਦੇਖੀ ਜਾਊ ਮੇਰੇ ਪਾਸ ਛੇ ਏਜਾਰ ਹਨ ਜਿਨਾਂ ਵਿਚੋਂ ਚਾਰ ਏਜਾਰ ਤੇ ਪੰਡਿਤ ਜਗਨ ਨਾਥ ਜੋਤਸ਼ੀ ਨੂ ਤੁਹਾਡੇ ਨਾਲ ਕਰ ਦੇਂਦੇ ਹਾਂ ਏਨਾਂ ਸਭਨਾਂ ਨੂ ਨਾਲ ਲੌਕੇ ਤਸੀ ਜਾਓ ਤੇ ਦੇਖੋ ਏਹ ਕੀ ਖੇਡ ਕਰਦੇ ਰਨ ਪਿਛੋਂ ਜੇ ਮੌਕਾ ਹੋਵੇਗਾ ਤਾਂ ਅਸੀ ਭੀ ਲਸ਼ਕਰ ਲੈਕੇ ਆ ਪਹੁਚਾਂਗੇ ॥

ਓਨਾਂ ਏਜਾਰਾਂ ਦੇ ਏਹ ਨਾਂ ਸਨ, ਭਗਵਾਨਦਤ ਰਾਮ ਨਰੈਣ, ਪੰਨਾ ਲਾਲ, ਤੰਡਿਤ ਬਦਰੀ ਨਾਥ, ਚੂਨੀ ਲਾਲ ਤੇ ਘਸੀਟਾ ਸਿੰਘ ਮਹਾਰਾਜ ਨੇ ਭਗਵਾਨਦਤ ਪੰਡਤ ਬਦਰੀ ਨਾਥ ਪੰਨਾ ਲਾਲ ਤੇ ਰਾਮ ਨਰੈਣ ਏਨਾਂ ਚੌਹਾਂ ਨੂ ਕੁਝ ਸਮਝਾਂ ਬੁਝਾਕੇ ਕੂਰ ਸਿੰਘ ਦੇ ਹਵਾਲੇ ਕੀਤਾ, ਅਜੇ ਏਹ ਲੋਕ ਬੈਠੇ ਹੀ ਸਨ ਕਿ ਇਕ ਚੋਬਦਾਰ ਨੇ ਆਕੇ ਬੇਨਤੀ ਕੀਤੀ ਕਿ ਮਹਾਰਾਜ ਡਿਓੜੀ ਉਤੇ ਕਈ ਆਦਮੀ ਫਰਯਾਦੀ ਖੜੇ ਹਨ ਤੇ ਕਹਿੰਦੇ ਹਨ ਅਸੀ ਕੂਰ ਸਿੰਘ ਦੇ ਸਨਬੰਧੀ ਹਾਂ ਕੂਰ ਸਿੰਘ ਦੇ ਚੁਨਾਹ ਆਉਨ ਦਾ ਹਾਲ ਸੁਣਕੇ ਮਹਾਰਾਜ ਜੈ ਸਿੰਘ ਨੇ ਘਰਬਾਰ ਲੁਟਕੇ ਸਾਨੂ ਕਢ ਦਿਤਾ ਹੈ ਮਨਾਂ ਲੋਕਾਂ ਲਈ ਕੀ ਕਮ ਹੁਦਾ ਹੈ ?

ਏਹ ਸੁਣਕੇ ਕੂਰ ਸਿੰਘ ਦੀ ਹੋਸ਼ ਉਡ ਗਈ ਮਹਾਰਾਜ

CC-0. Kashmir Research Institute. Digitized by eGangotri

ਸ਼ਿਵਦਤ ਨੇ ਸਭਨਾਂ ਨੂੰ ਅੰਦਰ ਸਦਿਆ ਅਰ ਹਾਲ ਪੁਛਿਆ ਜੋ ਕੁਝ ਹੋਇਆ ਸੀ ਓਨਾਂ ਨੇ ਸਭ ਦਸਿਆ ਓਨਾਂ ਨੇ ਕੂਰ ਸਿੰਘ ਤੇ ਨਾਜ਼ਮ ਵਲ ਤਕ ਕੇ ਕਿਹਾ "ਐਹਮਦ ਕਿਥੇ ਓਹ ਤਾਂ ਇਥੇ ਨਹੀਂ ਆਯਾ" ਨਾਜ਼ਮ ਨੇ ਕਿਹਾ "ਐਹਮਦ ਕਿਥ ਓਹ ਤਾਂ ਇਥ ਨਹੀਂ ਆਯਾ" ਸਭਨਾਂ ਨੇ ਕਿਹਾ ਕਿ "ਓਥੇ ਤਾਂ ਓਹ ਘਰ ਗਿਆ ਸੀ ਅਰ ਇਹ ਕਹਿਕੇ ਚਲਾ ਆਯਾ ਕਿ ਮੈਂ ਭੀ ਚੁਨਾਰ ਜਾਂਦਾ ਹਾਂ"।

ਨਾਜ਼ਮ ਨੇ ਕਿਹਾ ਬਸ ਬਸ ਮੈਂ ਸਮਝ ਗਿਆ ਓਹ ਕੂਰ ਤੇਜ ਸਿੰਘ ਹੋਵੇਗਾ ਏਸ ਵਿਚ ਕੋਈ ਸੰਦੇਹ ਨਹੀਂ ਕਿ ਮਹਾਰਾਜ ਜੈ ਸਿੰਘ ਨੂੰ ਭੀ ਓਸ ਨੇ ਖਬਰ ਪੁਚਾਈ ਹੋਵਗੀ ਇਹ ਸਾਰਾ ਫਸਾਦ ਉਸੇ ਦਾ ਹੈ। ਏਹ ਸੁਣਕ ਕੂਰ ਸਿੰਘ ਰੋਣ ਲਗ ਪਿਆ। ਮਹਾਰਾਜ ਸ਼ਿਵਦਤ ਨੇ ਕਿਹਾ ਹਛਾ ਜੋ ਹੋਗਿਆ ਸੋ ਹਗਿਆ ਤੁਸੀ ਕੁਝ ਫਿਕਰ ਨਾ ਕਰੋ ਏਸਦਾ ਬਦਲਾ ਮੈਂ ਜੈ ਸਿੰਘ ਤੋਂ ਲੈਂਦਾ ਹਾਂ, ਹੁਣ ਤੁਸੀ ਏਸੇ ਸ਼ਹਿਰ ਵਿਚ ਰਹੋ ਹਮਾਮ ਦੇ ਸਾਹਮਣੇ ਵਾਲਾ ਘਰ ਤੁਹਾਨੂੰ ਦਿਤਾ ਜਾਂਦਾ ਹੈ ਏਸੇ ਵਿਚ ਆਪਣੇ ਟਬਰ ਕਬੀਲੇ ਨੂ ਰਖੋ ਰੁਪੈ ਦੀ ਮਦਦ ਸਰਕਾਰ ਵਲੋਂ ਕੀਤੀ ਜਾਵੇਗੀ।

ਕੂਰ ਸਿੰਘ ਨੇ ਮਹਾਰਾਜ ਦੇ ਹੁਕਮ ਅਨੁਸਾਰ ਓਸੇ ਮਕਾਨ ਵਿਚ ਆਪਣਾ ਡੇਰਾ ਜਮਾਯਾ, ਕਈਆਂ ਦਿਨਾਂ ਪਿਛੋਂ ਦਰਬਾਰ ਵਿਚ ਹਾਜਰ ਹੋਕ ਮਹਾਰਾਜ ਪਾਸ ਬਿਜੈਗੜ੍ਹ ਜਾਣ ਲਈ ਬੇਨਤੀ ਕੀਤੀ। ਇੰਤਜ਼ਾਮ ਤਾਂ ਹੋ ਹੀ ਚੁਕਾ ਸੀ ਮਹਾਰਾਜ ਨੇ ਚਾਰ ਏਯਾਰ ਤੇ ਪੰਡਤ ਜਗਨ ਨਾਥ ਸਨੇ ਕੂਰ ਸਿੰਘ ਨੂ ਵਿਦਾ ਕੀਤ ਏਯਾਰ ਲੋਕ ਵੀ ਆਪੋਆਪਨੇ ਸਾਮਾਨ ਨਾਲ ਲੈਸ ਹੋਗਏ, ਕਈ ਪ੍ਰਕਾਰ ਦੇ ਕਪੜੇ ਲਏ ਬਟੂਆ ਏਯਾਰੀ ਦਾ ਆਪੋ ਆਪਣੇ ਗਲ

CC-0. Kashmir Research Institute. Digitized by eGangotri

ਵਚ ਪਾਲਿਆ ਅਰ ਖੰਜਰ ਲਕ ਨਾਲ ਬੰਨ ਲਿਆ ਜੋਤਸ਼ੀ ਜੀ ਨੇ ਭੀ ਪੋਥੀ ਪਤ੍ਰਾ ਰਮਲ ਪਟੜੀ ਅਰ ਥੋੜਾ ਜੇਹਾ ਏਜਾਰੀ ਦਾ ਸਾਮਾਨ ਲੈ ਲਿਆ ਕਿਉਂਕਿ ਏਹ ਥੋੜੀ ਬਹੁਤ ਏਜਾਰੀ ਭੀ ਜਾਨਦੇ ਸਨ । ਹੁਣ ਏਹ ਸ਼ੈਤਾਨਾਂ ਛਾ ਝੁੰਡ ਬਿਜੇ ਗੜ੍ਹ ਵਲ ਤੁਰ ਪਿਆ, ਏਨਾਂ ਲੋਕਾਂ ਦੀ ਮਰਜੀ ਨੌਗੜ ਜਾਨਦੀ ਭੀ ਸੀ ਪਰ ਦੇਖੀਏ ਹੁਣ ਕਿਥੇ ਜਾਂਦੇ ਤੇ ਕੀ ਕੀ ਕਰਦੇ ਹਨ ?

ਬਾਰਮਾਂ ਕਾਂਡ

ਬੀਰੇਂਦਰ ਸਿੰਘ ਤੇ ਤੇਜ ਸਿੰਘ ਨੌਗੜ ਦੇ ਕਿਲੇ ਤੋਂ ਬਾਹਰ ਨਿਕਲ ਕੇ ਕਈਆਂ ਆਦਮੀਆਂ ਨੂੰ ਨਾਲ ਲਈ ਚੰਦ੍ਰਪ੍ਰਭਾ ਨਦੀ ਦੇ ਕੰਢੇ ਬੈਠੇ ਸੋਭਾ ਦੇਖ ਰਹੇ ਹਨ ਇਕ ਪਾਸਿਓ ਚੰਦ੍ਰ-ਪ੍ਰਭਾ ਅਤ ਦੂਸਰੇ ਪਾਸਿਓਂ ਕਰਮ ਨਾਸਾ ਨਦੀ ਵਗਦੀ ਆਉਂਦੀ ਹੈ ਅਰ ਕਿਲੇ ਦੇ ਹੇਠਾਂ ਦੋਹਾਂ ਦਾ ਮੇਲ ਹੋਗਿਆ ਹੈ ਜਿਥੇ ਕੁਮਾਰ ਅਰ ਤੇਜ ਸਿੰਘ ਬੈਠੇ ਹਨ । ਨਦੀ ਬਹੁਤ ਬੜੀ ਨਹੀਂ ਹੈ ਓਸ ਪਰ ਸਾਖੂ ਦਾ ਬੜਾ ਭਾਰਾ ਜੰਗਲ ਹੈ ਜਿਸ ਵਿਚ ਹਜਾਰਾਂ ਮੋਰ ਲੰਗੂਰ ਆਪੋ ਆਪਣੀ ਬੋਲੀਆਂ ਤੇ ਕਿਆਰੀਆਂ ਨਾਲ ਜੰਗਲ ਦੀ ਸੋਭਾ ਵਧਾ ਰਹੇ ਹਨ ਕੁਮਾਰ ਬੀਰੇਂਦਰ ਸਿੰਘ ਉਦਾਸ ਬੈਠੇ ਹਨ, ਚੰਦ੍ਰਕਾਂਤਾ ਦੇ ਵਿਛੋੜ ਵਿਚ ਮੋਰ ਦੀ ਅਵਾਜ ਤੀਰ ਵਾਂਗ ਲਗਦੀ ਹੈ ਅਰ ਲੰਗੂਰਾਂ ਦੀ ਕਿਲਕਾਰੀ ਤਾਲਵਾਰ ਵਰਗੀ ਕਟ ਕਰਦੀ ਹੈ ਸੰਧਯਾ ਸਮੇਂ ਦੀ ਮਸਤ ਹਵਾ ਲੋ ਦਾ ਕੰਮ ਕਰਦੀ ਪਈ ਹੈ ਅਰ ਤੇਜ ਸਿੰਘ ਦਾ ਹੌਲੀ ਹੌਲੀ ਸਮਝਾਉਣਾ ਮਾਨੋਂ ਜਖਮਾਂ ਉਤੇ ਲੂਣ ਦਾ ਕੰਮ ਕਰਦਾ ਹੈ । ਚੁਪ ਚਾਪ ਬੈਠੇ ਨਦੀ ਵਲ ਤਕਕੇ ਠੰਢ ਸਾਹ ਭਰ ਰਹੇ ਹਨ । ਏਨੇ ਵਿਚ ਇਕ

CC-0. Kashmir Research Institute. Digitized by eGangotri

ਸਾਧੂ ਰਾਮ ਰਜ* ਨਾਲ ਰੰਗੀ ਕਫਨੀ ਪਾਇ ਹਾਮਾਨੰਦੀ ਤਿਲਕ ਲਗਾਈ ਹਥ ਵਿਚ ਖੰਜਰੀ ਲਈ ਕੁਝ ਦੂਰ ਨਦੀ ਦੇ ਕੰਢੇ ਏਹ ਗਾਉਂਦਾ ਹੋਯਾ ਨਜਰੀ ਪਿਆ:—

"ਗਏ ਚੁਨਾਰ ਕੂਰ ਬਹੁ ਰੰਗੀ, ਲਾਏ ਚਾਰ ਛਿਤਾਰੀ† ।
ਸੰਗ ਮਾਂ ਉਨਕੇ ਪੱਤਤ ਦੇਵਤਾ, ਜੋ ਹੈਂ ਸਗੁਨ ਬਿਚਾਰੀ ।
ਇਨ ਸੇ ਰਹਨਾ ਬਹੁਤ ਸੰਭਲਕੇ ਰਮਲ ਚਲੇ ਅਤਕਾਰੀ ।
ਕਿਆ ਬੈਠੇ ਹੋ ਤੁਮ ਬਹਿਕਰੇ ਕਾਮ ਕਰੋ ਕੋਈ ਭਾਰੀ ॥"

ਏਹ ਅਵਾਜ ਕੰਨ ਵਿਚ ਪੈਂਦਿਆਂ ਹੀ ਤੇਜ ਸਿੰਘ ਨੇ ਬੜੇ ਧਿਆਨ ਨਾਲ ਓਸ ਪਾਸੇ ਦੇਖਿਆ ਓਹ ਸਾਧੂ ਭੀ ਏਨਾਂ ਵਲ ਮੂੰਹ ਕਰਕੇ ਗਾਉਂਦਾ ਪਿਆ ਸੀ ਤੇਜ ਸਿੰਘ ਨੂੰ ਆਪਨੇ ਵਲ ਤਕਦਿਆਂ ਵੇਖਕੇ ਸਾਧੂ ਨੇ ਦੌੜ ਦਿਖਾਏ ਅਰ ਉਠਕੇ ਜੰਗਲ ਵਿਚ ਵੜ ਗਿਆ । ਬੀਰੇਦਰ ਸਿੰਘ ਆਪਣੀ ਚੰਦ੍ਰਕਾਂਤਾ ਦੇ ਧਿਆਨ ਵਿਚ ਡੁਬ ਹੋਏ ਹਨ ਓਨਾ ਨੂੰ ਏਨਾਂ ਸਭਨਾਂ ਗਲਾਂ ਦੀ ਕੋਈ ਖਬਰ ਨਹੀਂ ਕਿ ਕੋਣ ਗਾਉਂਦਾ ਪਿਆ ਹੈ, ਕਿਧਰੋਂ ਅਵਾਜ ਆਉਂਦੀ ਹੈ ? ਇਕ ਨਦੀ ਵਲ ਦੇਖ ਰਹੇ ਹਨ ਤੇਜ ਸਿੰਘ ਨੇ ਪੁਛਿਆ ਬਾਹੋਂ ਫੜਕੇ ਹਿਲਾਕ, ਕੁਮਾਰ ਜਾਗਪਏ ਤੇਜ ਸਿੰਘ ਨੇ ਪੁਛਿਆ ਕਿਉਂ ਕੁਝ ਸੁਣਿਆਂ ? ਕੁਮਾਰ ਨੇ ਕਿਹਾ ਕੀ ? ਨਹੀਂ ਕਹੋ । ਤੇਜ ਸਿੰਘ ਨੇ ਕਿਹਾ ਚਲੋ ਉਠੋ ਪਹਲਾ ਕਿਲੇ ਵਿਚ ਚਲੀਏ ਫੇਰ ਜੋ ਕੁਛ ਕਹਨਾ ਹੋਵੇਗਾ ਕਹਾਂਗੇ । ਬੀਰੇਦਰ ਸਿੰਘ ਉਠ ਖੜੇ ਹੋਏ ਅਰ ਦੋਵੇਂ ਆਦਮੀ ਹੌਲੀ ਨੂ ਕਿਲੇ ਵਿਚ ਆਏ ਅਰ ਆਪਣੇ ਕਮਰੇ ਵਿਚ ਜਾ ਬੈਠੇ ॥

---

*ਗੇਰੀ ਜਾਂ ਮੁਲਤਾਨੀ ਮਿਟੀ । †ਇਯਾਰ

ਹਰ ਪ੍ਰਕਾਰ ਦੀਆਂ ਪੁਸਤਕਾਂ ਮਿਲਨ ਦਾ ਪਤਾ:—
ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ ਅਮ੍ਰਿਤਸਰ

CC-0. Kashmir Research Institute. Digitized by eGangotri

ਏਹ ਇਕਾਂਤ ਹੈ ਸਿਵਾਏ ਏਨਾਂ ਦੋਹਾਂ ਦੇ ਹੋਰ ਕੋਈ ਤੀਸਰਾ ਏਸ ਵੇਲੇ ਏਨਾਂ ਦੇ ਪਾਸ ਨਹੀਂ ਹੈ, ਬੰਦੇਦਰ ਸਿੰਘਨੇ ਪੁਛਿਆ ਕਿਉਂ ਕੀ ਗਲ ਸੀ? ਤੇਜ ਸਿੰਘ ਨੇ ਕਿਹਾ ਸੁਨੋ! ਏਹ ਤੀ ਤੁਹਾਨੂੰ ਮਲੂਮ ਹੋ ਹੀ ਚਕਾ ਹੈ ਕੀ ਕੂਰ ਸਿੰਘ ਮਹਾਰਾਜ ਸ਼ਿਵਦਿਤ ਪਾਸੋਂ ਮਦਤ ਲੈਣ ਲਈ ਚੁਨਾਰ ਗਿਆ ਹੈ। ਓਸਦੇ ਓਥੇ ਜਾਣ ਦਾ ਨਤੀਜਾ ਕੀ ਨਿਕਲਿਆ ਸੋ ਓਹ ਭੀ ਸੁਣ ਲਵੋ। ਓਥੋਂ ਮਹਾਰਾਜ ਸ਼ਿਵਦਤ ਨੇ ਚਾਰ ਏਯਾਰ ਅਤੇ ਇਕ ਜੋਤਸੀ ਓਸਦੇ ਨਾਲ ਕਰ ਦਿਤਾ ਹੈ। ਓਹ ਜੋਤਸ਼ੀ ਬਹੁਤ ਚੰਗਾ ਰਮਲ ਸੁਟਦਾ ਹੈ। ਇਨ ਜ਼ਮ ਪਹਲਾਂ ਹੀ ਓਨਾਂ ਦੇ ਨਾਲ ਹੈ ਹੁਣ ਓਨਾਂ ਲੋਕਾਂ ਦੀ ਮੰਡਲੀ ਭਾਰੀ ਹੋਗਈ ਹੈ ਓਹ ਲੋਕ ਬਹੁਤ ਫਸਾਦ ਕਰਨਗੇ ਏਸ ਲਈ ਮੈਂ ਏਨਤੀ ਕਰਦਾ ਹਾਂ ਕਿ ਆਪ ਸੰਭਲ ਕੇ ਰਹਨਾ ਮੈਂ ਹੁਣ ਆਪਣੇ ਕੰਮ ਦੇ ਫਿਕਰ ਵਿਚ ਜਾਂਦਾ ਹਾਂ ਮੈਨੂ ਨਿਸਚਾ ਹੈ ਕਿ ਓਨਾਂ ਏਯਾਰਾਂ ਵਿਚੋਂ ਕੋਈ ਨਾ ਕੋਈ ਏਸ ਪਾਸੇ ਭੀ ਆਵੇਗਾ ਅਤੇ ਆਪਨੂੰ ਫਸਾਉਨ ਦੀ ਕੋਸਸ਼ ਵੀ ਕਰੇਗਾ ਤੁਸਾਂ ਹੋਸ਼ਯਾਰ ਰਹਨਾਂ, ਸਿਵਾਏ ਮੇਰੇ ਹੋਰ ਕਿਸੇ ਦੇ ਨਾਲ ਕਿਤੇ ਬਾਹਰ ਨਹੀਂ ਜਾਨਾ ਤੇ ਨਾ ਕਿਸੇ ਦੇ ਹਥ ਦਾ ਦਿਤਾ ਹੋਯਾ ਕੁਛ ਖਾਣਾ ਮਗੋਂ ਅਤਰ ਫੁਲ ਆਦਿਕ ਭੀ ਕੋਈ ਦੇਵੇ ਤਾ ਨਹੀਂ ਸੁਘਣ। ਏਸ ਗਲ ਦਾ ਭੀ ਧਿਆਨ ਰਖਨਾ ਕਿ ਮੇਰੀ ਸੂਰਤ ਬਣਕੇ ਵੀ ਓਹ ਲੋਕ ਆਉਨ ਤਾਂ ਕੋਈ ਤਅਜਬ ਨਹੀਂ। ਤੁਸਾਂ ਓਨਾਂ ਨੂੰ ਐਸਤਰਾਂ ਪਛਾਣ ਲੈਣਾ ਐਹ ਦੇਖੋ ਮੇਰੀ ਆਖ ਦੇ ਅਤਰ ਹੇਠਲੇ ਪਾਸੇ ਇਕ ਤਿਲ ਹੈ ਜਿਸਨੂੰ ਕੋਈ ਨਹੀ ਜਾਣਦਾ ਅਜ ਤੋਲੈ ਕੇ ਦਿਲ ਵਿਕਾਉਵੇਂ ਮੈਂ ਕਿਨੀ ਵਾਰੀ ਆਪਦੇ ਪਾਸ ਆਵਾਂਕਨੀ ਵਾਰੀ ਚੋਦੀ ਜੇਹੀ ਏਹ ਪਿਲ ਵਿਆਦਮਾਂ ਕਹਾਂ ਹੈ ਜੇ ਮੈਂ

CC-0. Kashmir Research Institute. Digitized by eGangotri

ਏਹ ਕੰਮ ਨਾ ਕਰਾਂ ਤਾਂ ਸਮਝ ਲੇਣਾਂ ਕਿ ਧੋਖਾ ਹੈ।

ਹੋਰ ਭੀ ਬਹੁਤ ਸਾਰੀ ਨਾਂ ਗਲਾਂ ਸਮਝ ਈਆਂ ਜਿਨਾਂ ਨੂੰ ਬੜੇ ਧਿਆਨ ਨਾਲ ਬੀਰੇਂਦਰ ਸਿੰਘ ਨੇ ਸੁਣਿਆਂ ਅਰ ਪੁਛਿਆ ਕਿ ਤੁਹਾਨੂੰ ਏਹ ਕਿਸਤਰਾਂ ਪਤਾ ਲਗਾ ਹੇ ਕਿ ਕੂਰ ਨੂੰ ਚੁਨਾਰੋਂ ਐਤਨੀ ਮਦਦ ਮਿਲੀ ਹੈ ? ਤੇਜ ਸਿੰਘ ਨੇ ਕਿਹਾ ਕਿਸੇਤਰਾਂ ਮੈਨੂੰ ਏਹ ਖਬਰ ਲਗ ਗਈ ਹੈ ਦੇਸਦਾ ਪਤਾ ਭੀ ਤੁਹਨੂੰ ਕਿਸੇਵੇਲੇ ਲਗ ਜਾਵੇਗਾ ਹੁਣ ਮੈਂ ਵਿਦਾ ਹੁੰਦਾ ਹਾਂ ਰਾਜਾ ਜੀ ਜਾਂ ਮੇਰੇ ਪਿਤਾ ਜੇ ਮੇਰੇ ਵਲੋਂ ਕਦੇ ਕੁਝ ਪੁਛਨ ਤਾਂ ਜੋ ਮੁਨਾਸਬ ਸਮਝੋ ਕੈਹ ਦੇਵੋ ਪੈਹਰ ਰਾਤ ਰਹੇ ਤੇਜਸਿੰਘਏਯਾਰੀ ਦੇ ਸਮਾਨ ਨਾਲ ਲੈਸਹੋਤੁਰਪਏ।

ਤੇਰਵਾਂ ਕਾਂਡ

ਚਪਲਾਂ ਭੇਦ ਲੈਣ ਲਈ ਮਰਦਾਨੇ ਭੇਸਵਿਚ ਸ਼ਹਿਰੋਂ ਬਾਹਿਰ ਨਿਕਲੀ। ਅੱਧੀ ਰਾਤ ਬੀਤ ਚੁਕੀ ਸੀ ਸਾਫ ਚਿਟੀ ਚਾਨਣੀ ਦੇਖ ਜੀ ਵਿਚ ਆਇਆ ਕਿ ਚਲੋ ਨੌਗੜ ਚਲਕੇ ਤੇਜ ਸਿੰਘ ਨੂੰ ਮਿਲੀਏ। ਏਹ ਖਿਆਲ ਆਉਂਦਿਆਂ ਹੀ ਉਹ ਨੌਗੜ ਨੂੰ ਤੁਰ ਪਈ, ਤੇਜ ਸਿੰਘ ਭੀ ਆਪਣੀ ਅਸਲੀ ਸੂਰਤ ਵਿਚ ਏਯਾਰੀ ਦੇ ਸਮਾਨ ਨਾਲ ਸਜੇ ਹੋਏ ਬਿਜੇਗੜ ਵੱਲ ਤਰੇ ਆਂਦੇ ਸਨ ਅਚਾਨਕ ਦੋਹਾਂ ਦਾ ਮੇਲ ਰਸਤੇ ਵਿਚ ਹੀ ਹੋ ਪਿਆ, ਚਪਲਾ ਨੇ ਪਛਾਣ ਲਿਆ ਅਰ ਨੇੜੇ ਜਾਕੇ ਆਪਣੀ ਅਸਲੀ ਬੋਲੀ ਵਿਚ ਪੁਛਿਆ ਕਿਉ ਕਿਥੋ ਚਲੇ ਹੋ ? ਮੈਂ ਭੀ ਤੁਹਾਨੂੰ ਮਿਲਨ ਅਰ ਹਾਲ ਚਾਲ ਲੈਣ ਨੌਗੜ ਚਲੀ ਸਾਂ॥

ਤਜ ਸਿੰਘ ਨੇ ਬੋਲੀ ਤੋਂ ਚਪਲਾ ਨੂੰ ਪਛਾਣ ਲਿਆ ਅਰ ਕਿਹਾ "ਵਾਹਵਾਹ ਕਿਆ ਮੌਕੇ ਸਿਰ ਮਿਲ ਗਈ ਹੈਂ ਨਹੀਂ ਤਾਂ ਮੈਨੂੰ ਤੇਰੇ ਮਿਲਨ ਵਾਸਤੇ ਬੜੀ ਮੇਹਨਤ ਕਰਨੀ ਪੈਂਦੀ ਕਿਉਂਕਿ

CC-0. Kashmir Research Institute. Digitized by eGangotri

ਬਹੁਤ ਸਾਰੀਆਂ ਜਰੂਰੀ ਗਲਾਂ ਤੈਨੂੰ ਕਹਿਨੀਆਂ ਹਨ ਦਛਾ ਆਪ ਇਥੇ ਹੀ ਬੈਠ ਜਾਈਏ ॥

ਇਕ ਸਾਫ ਪਥਰ ਦੀ ਸਿਲ ਉਤੇ ਦੋਵੇਂ ਬੈਠਗਏ ਚਪਲਾ ਨੇ ਕਿਹਾ ਦਸੋ ਉਹ ਕੇਹੜੀ ਗਲ ਹੈ ਤੇਜ ਸਿੰਘ ਨੇ ਕਿਹਾ ਸੁਨ ਏਹ ਤੁਹਾਨੂੰ ਪਤਾ ਹੀ ਹੈ ਕਿ ਨੂਰ ਸਿੰਘ ਚੁਨਾਰ ਗਿਆ ਹੈ ਓਥੋਂ ਦਾ ਹਾਲ ਸੁਨੋ ਕਿ ਚਾਰ ਏਯਾਰ ਅਰ ਇਕ ਪੰਡਤ ਜਗਨ ਨਾਥ ਜੋਸ਼ਤੀ ਨੂੰ ਮਹਾਰਾਜ ਸ਼ਿਵਦਤ ਸਿੰਘ ਨੇ ਮਦਤ ਵਾਸਤੇ ਓਸਦੇ ਨਾਲ ਕਰ ਦਿਤਾ ਹੈ ਓਹ ਲੋਕ ਏਥੇ ਆ ਪਹੁੰਚੇ ਹਨ ਓਨਾਂ ਦੀ ਮੰਡਲੀ ਭਾਰੀ ਹੈ ਤੇ ਏਧਰ ਤੂੰ ਮੈਂ ਦੋਵੇਂ ਹੀ ਹਾਂ ਏਸ ਲਈ ਹੁਣ ਤੈਨੂੰ ਮੈਨੂੰ ਬਹੁਤ ਹੋਸ਼ਿਆਰੀ ਨਾਲ ਰਹਿਨਾ ਚਾਹੀਦਾ ਹੈ ਓਹ ਏਯਾਰ ਲੋਕ ਮਹਾਰਾਜ ਜੈ ਸਿੰਘ ਨੂੰ ਫੜ ਲਿਜਾਨ ਤਾਂ ਕੋਈ ਵਡੀ ਗਲ ਨਹੀਂ ਅਰ ਚੰਦਰਕਾਂਤਾ ਵਾਸਵੇ ਤਾਂ ਓਹ ਆਏ ਹੀ ਹਨ ਏਨਾ ਸਾਰੀਆਂ ਗਲਾਂ ਤੋਂ ਹੋਸ਼ਿਆਰ ਕਰਨ ਵਾਸਤੇ ਮੈਂ ਆਇਆ ਹੀ ਹਾਂ ਚਪਲਾ ਨੇ ਪੂਛਿਆ ਹੁਣ ਕੀ ਕਰਨਾ ਚਾਹੀਦਾ ਹੈ ਜੋ ਕਹੋ ਸੋ ਕਰਾਂ। ਤੇਜ ਸਿੰਘ ਨੇ ਕਿਹਾ ਇਕ ਕੰਮ ਕਰੋ ਮੈਂ ਹਰਦਯਾਲ ਸਿੰਘ ਨੂਵੇਂ ਦੀਵਾਨ ਨੂ ਫੜਦਾ ਹਾਂ ਅਰ ਓਸਦੀ ਸੂਰਤ ਬਣਕੇ ਦੀਵਾਨੀ ਦਾ ਕੰਮ ਕਰਾਂਗਾ ਅਜੇਹਾ ਕਰਨ ਨਾਲ ਫੌਜ ਅਰ ਪਿਆਦੇ ਸਭ ਮੇਰੇ ਹੁਕਮ ਵਿਚ ਹੋਣਗੇ ਏਸ ਤਰਾਂ ਮੈਂ ਬਹੁਤ ਕੁਛ ਕਰ ਸਕਾਂਗਾ, ਤੁਭੀ ਮਹਿਲ ਵਿਚ ਬਹੁਤ ਹੁਸ਼ਿਆਰੀ ਨਾਲ ਰਹੀਂ ਅਰ ਜਿਥੋਂ ਤਕ ਹੋ ਸਕੇ ਤੂ ਇਕ ਵਾਰੀ ਰੋਜ ਮੈਨੂ ਮਿਲਿਆ ਕਰੀਂ, ਮੈ ਦੀਵਾਨ ਤਾਂ ਬਣਿਆ ਹੀ ਹੋਵਾਂਗਾ ਮਿਲਨਾ ਕੁਝ ਮੁਸ਼ਕਿਲ ਨਾ ਹੋਵੇਗਾ ਇਹਾਂਦਰ ਅਸਲੀ ਸੂਰਤ ਵਿਚ ਮੇਰੇ ਘਰ ਅਰਬਾਤ ਹਰ ਦਯਾਲ ਸਿੰਘ

CC-0. Kashmir Research Institute. Digitized by eGangotri

ਦੇ ਘਰ ਮਿਲਿਆ ਕਰਨ', ਮੈਂ ਓਸਦੇ ਘਰ ਓਸੇ ਵਾਂਗ ਰਹਾਂਗਾ, ਸਏਦੇ ਸਿਵਾ ਹੋਰ ਭੀ ਬਸ਼ੁਤ ਸਾਰੀਆਂ ਗੱਲਾਂ ਸਮਝ ਆਈਆਂ।

ਏਸਦੇ ਪਿਛੋਂ ਥੋੜਾ ਚਿਰ (ਚੋਹਲ) ਹਾਸ ਬਿਲਾਸ ਹੁੰਦਾ ਰਿਹਾ, ਫੇਰ ਚਪਲਾ ਉਠਕੇ ਆਪਣ ਮਹੱਲ ਨੂੰ ਤੁਰ ਪਈ, ਤੇਜ ਸਿੰਘ ਨੇ ਬਾਕੀ ਰਾਤ ਓਸੇ ਜੰਗਲੇ ਵਿਚ ਕਟੀ, ਸਵੇਰਾ ਹੁੰਦਿਆਂ ਹੀ ਆਪਣੀ ਸੂਰਤ ਇਕ ਗਾਂਧੀ ਦੀ ਬਣਾਈ ਕਈ ਸ਼ੀਸ਼ੀਆਂ ਅਤਰ ਦੀਆ ਲੱਕ ਨਾਲ ਤੇ ਇਕ ਦੋ ਹਥ ਵਿਚ ਲੈਕੇ ਬਿਜੈ ਗੜ ਦੇ ਬਜ਼ਾਰਾਂ ਵਿਚ ਫਿਰਨ ਲਗ ਪਏ, ਦਿਨ ਭਰ ਐਧਰ ਓਧਰ ਫਿਰਦੇ ਰਹੇ ਸੰਧਯਾਂ ਵੇਲੇ ਮੌਕਾ ਵੇਖਕੇ ਹਰਦਯਾਲ ਸਿੰਘ ਦੇ ਘਰ ਗਏ, ਦੇਖਿਆ ਕਿ ਦੀਵਨ ਸਾਹਿਬ ਲੇਟੇ ਹੋਏ ਹਨ ਅਰ ਦੋ ਚਾਰ ਯਾਰਾ ਮਿਤ੍ਰ ਬੈਠ ਗੁੱਪਾਂ ਮਾਰ ਰਹੇ ਹਨ, ਹੋਰ ਅੰਦਰ ਬਾਹਰ ਚੁਪ ਚਾਂ ਹੈ।

ਤੇਜ ਸਿੰਘ ਅਤਰ ਦੀਆਂ ਸ਼ੀਸ਼ੀਆਂ ਲਈ ਸਾਹਮਣੇ ਜਾ ਖਲੋਤੇ ਅਰ ਸਲਾਮ ਕਰਕੇ ਬੈਠ ਗਏ, ਅਰ ਕਿਹਾ ਕਿ ਮੈਂ ਲਖਨਊ ਦੇ ਰਹਿਣ ਵਾਲਾ ਗਾਂਧੀ ਹਾਂ ਆਪਦਾ ਨਾਂਮ ਸੁਣਕੇ ਆਪਣ ਹੀ ਲਾਇਕ ਅਤਰ ਲਿਆਇਆਂ ਹਾਂ ਕਹਿਕੇ ਸ਼ੀਸ਼ੀ ਖੋਲਕੇ ਰੂੰ ਦੇ ਤੂੰਬੇ ਬਨਾ ੨ ਦੇਣ ਲਗੇ, ਹਰਦਯਾਲ ਸਿੰਘ ਬਹੁਤ ਤਰਸ ਵਾਲਾ ਬੰਦਾ ਸੀ ਅਤਰ ਸੁੰਘਨ ਲਗ ਪਏ ਅਰ ਸੁੰਘ ੨ ਕੇ ਯਾਰਾਂ ਮਿਤ੍ਰਾਂ ਨੂੰ ਭੀ ਦੇਣ ਲਗ ਪਏ। ਥੋੜ ਚਿਰ ਵਿਚ ਹੀ ਹਰਦਯਾਲ ਸਿੰਘ ਅਰ ਓਹਨਾਂ ਦੇ ਯਾਰ ਬੇਹੋਸ਼ ਹੋਕੇ ਭੋਂ ਉਤੇ ਲੇਟ ਗਏ, ਤੇਜ ਸਿੰਘ ਨੇ ਸਭਨਾਂ ਨੂੰ ਓਸ ਤਰਾਂ ਛਡ ਹਰਦਯਾਲ ਦੀ ਗੰਢ ਬੰਨ ਪਿਠ ਉਤੇ ਲਦੀ ਅਰ ਮੂੰਹ ਉਤੇ ਕਪੜਾ ਲੈ ਓਨੋ ਗੜ ਦਾ ਰਸਤਾ ਫੜਿਆ ਰਸਤੇ ਵਿਚ ਜੇ ਕੋਈ ਮਿਲਿਆ ਭੀ ਤਾਂ ਧੋਬੀ ਸਮਝਕੇ ਕਿਸੇ ਨੇ ਨਾ

CC-0. Kashmir Research Institute. Digitized by eGangotri

ਰੋਕਿਆ।

ਸ਼ਹਿਰੋਂ ਬਾਹਰ ਨਿਕਲਕੇ ਬੜੀ ਛੇਤੀ ਨਾਲ ਤੁਰਕੇ ਓਸ ਦੇਹ ਵਿਚ ਪਹੁੰਚੇ ਜਿਥੇ ਅਹਮਦ ਨੂੰ ਕੈਦ ਕਤਾ ਹੋਇਆ ਸੀ ਬੂਹਾ ਖੋਹਲ ਅੰਦਰ ਗਏ ਅਰ ਓਸੇ ਤਰਾਂ ਬੇਹੋਸ਼ ਦੀਵਾਨ ਸਾਹਿਬ ਨੂੰ ਓਥੇ ਛਡ ਮੋਹਰ ਦੀ ਮੁੰਦਰਾ ਤੇ ਕਪੜੇ ਓਹਨਾਂ ਦੇ ਲਹ ਲਏ, ਬੇੜਾ ਪਉਨ ਨਾਂ ਹੋਸ਼ ਵਿਚ ਲਿਆਉਨ ਦੀ ਕੋਈ ਲੋੜ ਨਾਂ ਦੇਖੀ ਅਰ ਛਤੀ ਨਾਲ ਬਾਹਰ ਆਏ ਬੂਹਾ ਮਾਰਕੇ ਦੀਵਾਨ ਹਰਦਯਾਲ ਦੀ ਸੂਰਤ ਬਨ ਓਹਨਾਂ ਦੇ ਘਰ ਪਹੁੰਚੇ, ਏਧਰ ਦੀਵਾਨ ਸਾਹਿਬ ਦੇ ਭੋਜਨ ਕਰਨ ਦਾ ਵਲਾ ਆ ਪਹੁੰਚਾ ਦਾਸੀ ਸੱਦਨ ਆਈ, ਦੇਖੇ ਕੀ ਕਿ ਦੀਵਾਨ ਸਾਹਿਬ ਤਾਂ ਹਨ ਹੀ ਨਹੀਂ ਤੇ ਓਹਨਾਂ ਦੇ ਚਾਰ ਪੰਜ ਏਯਾਰ ਬੇਹੋਸ਼ ਪਏ ਹਨ; ਓਹ ਬੜੀ ਹੈਰਾਨ ਹੋਰਹੀ ਅਰ ਘਬਰਾਕੇ ਚੀਕ ਮਾਰੀ-ਚੰਸੁ, ਓਸਦੀ ਚੀਕ ਸੁਣਕੇ ਨੌਕਰ ਪਿਆਦੇ ਦੌੜ ਆਏ, ਏਹ ਤਮਾਸ਼ਾ ਦੇਖ ਸਭ ਹੈਰਾਨ ਹੋਗਏ, ਦੀਵਾਨ ਸਾਹਿਬ ਨੂੰ ਬਥੇਰਾ ਐਧਰ ਓਧਰ ਢੂੰਡਿਆ ਪਰ ਕੋਈ ਪਤਾ ਨਾ ਲਗਾ।

ਤਿੰਨ ਪਹਰ ਰਾਤ ਬੀਤ ਗਈ ਓਹਨਾਂ ਦੇ ਸਾਰੇ ਮਿਤ੍ਰ ਜੋ ਬੇਹੋਸ਼ ਪਏ ਸਨ ਹੋਸ਼ ਵਿਚ ਆ ਗਏ ਅਰ ਆਪੋ ਅਪਣਾ ਹਾਲ ਦੇਖਕ ਹਰਾਨ ਹੋਗਏ। ਲਕਾਂ ਨੇ ਪੁਛਿਆ ਕਿ ਤੁਸੀ ਕਿਸਤਰਾਂ ਬੇਹੋਸ਼ ਹੋ ਗਏ ਅਰ ਦੀਵਾਨ ਸਾਹਿਬ ਕਿਥੇ ਹਨ ਓਨਾਂ ਨੇ ਕਿਹਾ ਕਿ ਇਕ ਗਾਂਧੀ ਆਇਆ ਸੀ ਜਿਸਦਾ ਅਤਰ ਸੁੰਘਦੇ ਸੁੰਘਦੇ ਅਸੀ ਬੇਹੋਸ਼ ਹੋਗਏ ਹਾਂ ਕਿ ਆਪਣੇ ਸੁਧ ਵੀ ਨਾ ਰਹੀ ਲੋਕ ਸਚ ਕਹਿੰਦੇ ਹਨ ਕਿ ਅਮੀਰਾਂ ਦੀ ਦੋਸਤੀ ਵਿਚ ਹਮੇਸ਼ਾਂ ਜਾਨ ਦਾ ਖਤਰਾ ਰਹਿੰਦਾ ਹੈ, ਭਈ ਹੁਣ ਕੰਨ ਫੜਦੇ ਹਾਂ ਫੇਰ ਕਦੇ ਅਮੀਰਾਂ ਦ

CC-0. Kashmir Research Institute. Digitized by eGangotri

ਸੰਗ ਨਾਂ ਕਰਾਂਗੇ ।

ਏਹੋ ਜੇਹੀਆਂ ਹੈਰਾਨੀ ਦੀਆਂ ਗਲਾਂ ਹੁੰਦੀਆਂ ਹੀ ਪਈਆਂ ਸਨ ਅਰ ਸਵੇਰਾ ਹੋਇਆ ਹੀ ਚਾਹੁੰਦਾ ਸੀ ਕਿ ਸਾਹਮਣਿਓਂ ਦੀਵਾਨ ਹਰ ਦਿਆਲ ਸਿੰਘ ਬਹਾਦਰ ਆਉਂਦੇ ਦਿਸੇ ਜੋ ਅਸਲ ਵਿਚ ਸ੍ਰੀ ਤੇਜ ਸਿੰਘ ਜੀ ਸਨ । ਦੀਵਾਨ ਸਾਹਿਬ ਨੂੰ ਆਉਂਦੇ ਦੇਖ ਸਭਨਾਂ ਨੇ ਘੇਰ ਲਿਆ ਅਰ ਪੁਛਨ ਲਗੇ ਤੁਸੀ ਕਿਧਰ ਗਏ ਸੀ, ਯਾਰਾਂ ਨੇ ਪੁਛਿਆ ਓਹ ਬੇਈਮਾਨ ਗਾਂਧੀ ਕਿਥੇ ਗਿਆ ਅਰ ਅਸੀ ਬੇਹੋਸ਼ ਕਿਸਤਰਾਂ ਹੋਗਏ ਦੀਵਾਨ ਸਾਹਿਬ ਨੇ ਕਿਹਾ ਓਹ ਚੋਰ ਸੀ ਅਸਾਂ ਓਸਨੂੰ ਪਛਾਣ ਲਿਆ ਏਸ ਲਈ ਚੰਗੀ ਤਰਾਂ ਓਸਦਾ ਅਤਰ ਨਹੀ ਸੁੰਘਿਆ ਜੇ ਸੁੰਘਦਾ ਤਾਂ ਮੈਂ ਭੀ ਤੁਹਾਡੇ ਵਾਂਗ ਤੁਰਤ ਬੇਹੋਸ਼ ਹੋਜਾਂਦਾ, ਜਦ ਮੈਂ ਓਹਨੂੰ ਪਛਾਣਕੇ ਫੜਨ ਦੀ ਸਲਾਹ ਕੀਤੀ ਤਾਂ ਓਹ ਭਜ ਗਿਆ, ਮੈਂ ਭੀ ਗੁਸੇ ਵਿਚ ਓਹਦੇ ਮਗਰ ੨ ਭਜਾ ਪਰ ਅਫਸੋਸ ਕਿ ਓਹ ਨਿਕਲ ਹੀ ਗਿਆ ॥

ਏਤਨੇ ਨੂੰ ਦਾਸੀ ਨੇ ਆਕੇ ਬੇਨਤੀ ਕੀਤੀ ਕਿ ਕੁਝ ਭੋਜਨ ਕਰ ਲਵੋ ਘਰ ਵਿਚ ਸਭ ਭੁਖੇ ਬੈਠ ਹਨ ਹੁਣ ਤਕ ਸਭਨਾਂ ਨੂੰ ਏਹ ਵੇਲਾ ਰੋਂਦਿਆਂ ਹੋਇਆ ਹੈ । ਦੀਵਾਨ ਜੀ ਨੇ ਕਿਹਾ ਹੁਣ ਤਾਂ ਦਿਨ ਚੜਨ ਲਗਾ ਹੈ ਭੋਜਨ ਕੀ ਕਰਾਂ, ਮੈਂ ਥਕ ਬਹੁਤ ਗਿਆ ਹਾਂ ਸੌਣ ਨੂੰ ਜੀ ਕਰਦਾ ਹੈ ਏਹ ਕਹਿਕੇ ਪਲੰਘ ਤੇ ਜਾ ਸੁਤੇ ਯਾਰ ਦੋਸਤ ਭੀ ਆਪਣੇ ੨ ਘਰਾਂ ਨੂੰ ਤੁਰਦੇ ਹੋਏ ।

ਸਵੇਰੇ ਮਾਮੂਲੀ ਸਮੇਂ ਉਤੇ ਦਰਬਾਰੀ ਪੁਸ਼ਾਕ ਪੈਹਨ ਬਟੂਆ ਏਯਾਰੀ ਦਾ ਗੁਪਤ ਰੀਤ ਨਾਲ ਲਕ ਨਾਲ ਬੰਨਕੇ ਦਰਬਾਰ ਵਲ ਤੁਰੇ, ਦੀਵਾਨ ਸਾਹਿਬ ਨੂੰ ਦੇਖ ਰਸਤੇ ਵਿਚ ਦੋਹੀਂ ਪਾਸੀਂ ਲੋਕਾਂ ਦੇ ਹਥ ਉਠਨ ਲਗੇ । ਏਹ ਭੀ ਜਰਾ ਨ

CC-0. Kashmir Research Institute. Digitized by eGangotri

ਸਿਰ ਹਿਲਾ ਸਭਨਾਂ ਦੀ ਸਲਾਮ ਦਾ ਜਵਾਬ ਦੇਂਦੇ ਹੋਏ ਕਚੈਹਰੀ ਪਹੁੰਚੇ, ਮਹਾਰਾਜ ਅਜੇ ਨਹੀ ਆਏ ਸਨ, ਤੇਜ ਸਿੰਘ ਹਰਦਿਆਲ ਸਿੰਘ ਦੀ ਆਦਤ ਦੇ ਜਾਣੂ ਸਨ ਓਨਾਂ ਵਾਂਗ ਹੀ ਦਰਬਾਰ ਵਿਚ ਦੀਵਾਨੀ ਦੀ ਥਾਂ ਜਾ ਬੈਠੇ ਅਰ ਕੰਮ ਕਰਨ ਲਗੇ ਥੋੜ ਚਿਰ ਪਿਛੋਂ ਮਹਾਰਾਜ ਭੀ ਆ ਗਏ।

ਦਰਬਾਰ ਵਿਚ ਸਮਾਂ ਵੇਖਕੇ ਹਰਦਿਆਲ ਸਿੰਘ ਹੌਲੀ ੨ ਮਹਾਰਾਜ ਪਾਸ ਬੇਨਤੀ ਕਰਨ ਲਗੇ ਮਹਾਰਾਜ ਤਾਬੇਦਾਰ ਨੂੰ ਪਕੀ ਖਬਰ ਮਿਲੀ ਹੈ ਕਿ ਚੁਨਾਰ ਦੇ ਰਾਜੇ ਸ਼ਿਵਦਤ ਨੇ ਕੂਰ ਸਿੰਘ ਦੀ ਮਦਦ ਕੀਤੀ ਹੈ ਅਰ ਪੰਜ ਏਯਾਰ ਨਾਲ ਕਰਕੇ ਸਰਕਾਰ ਦੀ ਬੇਅਦਬੀ ਕਰਨ ਨੂੰ ਏਧਰ ਭੇਜ ਦਿਤਾ ਹੈ, ਨਾਲ ਏਹ ਭੀ ਕਿਹਾ ਹੈ ਕਿ ਪਿਛੋਂ ਅਸੀਂ ਭੀ ਲਸ਼ਕਰ ਲੈਕੇ ਆਉਂਦੇ ਹਾਂ। ਹੁਣ ਬੜੇ ਸੰਕਟ ਦਾ ਸਮਾ ਹੈ ਕਿਉਂਕਿ ਸਰਕਾਰ ਵਿਚ ਅਜ ਕਲ ਕੋਈ ਏਯਾਰ ਨਹੀ ਹੈ ਨਾਜਮ ਅਰ ਐਹਮਦ ਸਨ ਸੋ ਭੀ ਕੂਰ ਸਿੰਘ ਦੇ ਨਾਲ ਹਨ ਸਗੋਂ ਏਥੋਂ ਦੇ ਕੁਲ ਮੁਸਲਮਾਨ ਓਸਦੇ ਵਲ ਰਲੇ ਹੋਏ ਹਨ, ਅਜ ਕਲ ਜਰੂਰ ਏਯਾਰ ਲੋਕ ਸੂਰਤ ਬਦਲ ੨ ਕੇ ਸ਼ਹਿਰ ਵਿਚ ਫਿਰਦੇ ਅਰ ਬਦਮਾਸ਼ੀਆ ਕਰਦੇ ਹੋਣਗੇ॥

ਮਹਾਰਾਜ ਜੈ ਸਿੰਘ ਨੇ ਕਿਹਾ ਠੀਕ ਹੈ ਮੁਸਲਮਾਨਾਂ ਦਾ ਰੰਗ ਅਸੀ ਭੀ ਬੇ ਢਬ ਦੇਖਦੇ ਹਾਂ, ਫੇਰ ਤੁਸਾਂ ਏਸਦਾ ਕੀ ਬੰਦੋਬਸਤ ਕੀਤਾ ?

ਹੌਲੀ ੨ ਮਹਾਰਾਜ ਤੇ ਦੀਵਾਨ ਜੀ ਦੀਆਂ ਗਲਾਂ ਹੋਰਹੀਆ ਸਨ ਕਿ ਏਨੇ ਨੂੰ ਦੀਵਾਨ ਸਾਹਿਬ ਦੀ ਨਿਗਾਹ ਇਕ ਚੋਬਦਾਰ ਤੇ ਪਈ ਜੋ ਦਰਬਾਰ ਵਿਚ ਖੜਾ ਚੋਰ ਨਜਰ ਨਾਲ ਚੌਗਿਰਦੇ ਪਾਸੀਂ ਦੇਖ ਰਿਹਾ ਸੀ ਦੀਵਾਨ ਜੀ ਖੂਬ ਧਿਆਨ ਨਾਲ ਓਸ

CC-0. Kashmir Research Institute. Digitized by eGangotri

ਵਲ ਦੇਖਨ ਲਗ ਪਏ, ਦੀਵਾਨ ਸਾਹਿਬ ਨੂੰ ਆਪਣੇ ਵਲ ਤਕਦੇ ਵੇਖ ਓਹ ਚੋਬਦਾਰ ਕੁਝ ਕੁਝ ਚੌਕੰਨਾ ਹੋਗਿਆ, ਅਰ ਕੁਝ ਸਮਝ ਗਿਆ, ਗਲ ਛਡਕੇ ਦੀਵਾਨ ਜੀ ਨੇ ਕੜਕ ਕੇ ਕਿਹਾ "ਫੜੋ ਓਸ ਚੋਬਦਾਰ ਨੂੰ" ਹੁਕਮ ਹੁੰਦਿਆਂ ਹੀ ਲੋਕ ਓਸਨੂੰ ਫੜਨ ਵਾਸਤੇ ਝੁਕੇ ਪਰ ਓਹ ਸਿਰ ਉਤੇ ਪੈਰ ਰਖਕੇ ਅਜਿਹਾ ਨਸਿਆ ਕਿ ਕਿਸੇ ਦੇ ਹਥ ਨਾ ਲਗਾ। ਤੇਜ ਸਿੰਘ ਚਾਹੁੰਦੇ ਤਾਂ ਓਸ ਏਜਾਰ ਨੂੰ ਜੋ ਚੋਬਦਾਰ ਬਣਿਆਂ ਹੋਇਆ ਸੀ ਫੜ ਲੈਂਦੇ, ਪਰ ਏਨਾਂ ਨੂੰ ਤਾਂ ਸਕ ਕੰਮ ਉਠਨਾ ਬੈਠਨਾ ਭੀ ਓਸੇ ਤਰਾਂ ਕਰਨਾ ਚਾਹੁੰਦਾ ਸੀ ਜਿਸਤਰਾਂ ਹਰਦਿਆਲ ਸਿੰਘ ਕਰਦੇ ਸਨ, ਏਸ ਲਈ ਓਹ ਆਪਨੀ ਥਾਂ ਤੋਂ ਨਾ ਉਠੇ ਓਹ ਏਜਾਰ ਨਸ ਗਿਆ ਤੇ ਚੋਬਦਾਰ ਬਣਿਆ ਹੋਇਆ ਸੀ ਫੜਨ ਵਾਸਤੇ ਜੋ ਆਦਮੀ ਗਏ ਸਨ ਖਾਲੀ ਮੁੜ ਆਏ॥

ਦੀਵਾਨ ਸਾਹਿਬ ਨੇ ਕਿਹਾ ਮਹਾਰਾਜ ਦੇਖੋ ਜੋ ਮੈਂ ਬੇਨਤੀ ਕੀਤੀ ਸੀ ਅਰ ਜਿਸ ਗਲ ਦਾ ਮੈਨੂੰ ਡਰਸੀ ਓਹੋ ਠੀਕ ਨਿਕਲੀ। ਮਹਾਰਾਜ ਏਹ ਤਮਾਸ਼ਾ ਦੇਖਕੇ ਬਹੁਤ ਡਰ ਗਏ ਅਰ ਛੇਤੀ ਨਾਲ ਦਰਬਾਰ ਬਰਖਾਸਤ ਕਰਕੇ ਦੀਵਾਨ ਸਾਹਿਬ ਨੂੰ ਨਾਲ ਲੇਕੇ ਇਕਾਂਤ ਵਿਚ ਚਲੇ ਗਏ, ਅਰ ਦੀਵਾਨ ਸਾਹਿਬ ਨੂੰ ਪੁਛਿਆ ਕਿਉਂ ਜੀ ਹੁਣ ਕੀ ਕਰਨਾ ਚਾਹੀਦਾ ਹੈ ? ਏਸ ਦੁਸ਼ਟ ਕੂਰ ਨੇ ਤਾਂ ਇਕ ਬੜੇ ਭਾਰੇ ਨੂੰ ਚੁਕ ਦੁਸ਼ਮਨ ਬਨਾਯਾ ਹੈ, ਮਹਾਰਾਜ ਸਿਵਦਤ ਦੀ ਬਰਾਬਰੀ ਅਸੀਂ ਨਹੀਂ ਕਰ ਸਕਦੇ॥

ਦੀਵਾਨ ਸਾਹਿਬ ਨੇ ਕਿਹਾ ਮਹਾਰਾਜ ਮੈਂ ਅਗੇ ਭੀ ਬੇਨਤੀ ਕਰ ਚੁਕਾ ਹਾਂ ਕਿ ਸਰਕਾਰ ਵਿਚ ਐਸ ਵਲੇ ਕੋਈ ਏਜਾਰ ਨਹੀਂ ਹੈ ਨਾਜਮ ਤੇ ਐਹਮਦ ਸਨ ਸੋ ਭੀ ਕੂਰ ਸਿੰਘ ਨਾਲ ਜਾ ਮਿਲੇ ਹਨ, ਏਜਾਰਾਂ ਦਾ ਜਵਾਬ ਬਿਨਾਂ ਏਜਾਰ ਦੇ ਕੋਈ ਦੇ ਨਹੀਂ

CC-0. Kashmir Research Institute. Digitized by eGangotri

ਸਕਦਾ ਓਹ ਲੋਕ ਬੜੇ ਚਲਾਕ ਤੇ ਫਸਾਦੀ ਹੁੰਦੇ ਹਨ, ਹਜਾਰ ਪੰਜ ਸੌ ਦੀ ਜਾਨ ਲੈ ਲੈਣੀ ਓਨਾਂ ਅਗੇ ਕੋਈ ਗਲ ਹੀ ਨਹੀਂ ਇਸ ਲਈ ਜਰੂਰ ਕੋਈ ਨੰਕ ਈਮਾਨਦਾਰ ਏਜਾਰ ਮੁਕਰਰ ਕਰਨਾ ਚਾਹੀਦਾ ਹੈ, ਸੋ ਏਹ ਭੀ ਇਕਦਮ ਨਹੀਂ ਹੋ ਸਕਦਾ। ਸੁਣਿਆ ਹੈ ਕਿ ਰਾਜੇ ਸੁਰੇਂਦਰ ਸਿੰਘ ਦੇ ਵਜੀਰ ਜੀਤ ਸਿੰਘ ਦਾ ਪੁਤਰ ਤੇਜ ਸਿੰਘ ਬੜਾ ਭਾਰਾ ਏਜਾਰ ਨਿਕਲਿਆ ਹੈ ਮੈਂ ਉਮੀਦ ਕਰਦਾ ਹਾਂ ਕਿ ਜੇ ਮਹਾਰਾਜ ਚਾਹੁੰਨਗੇ ਅਰ ਤੇਜ ਸਿੰਘ ਨੂੰ ਮਦਦ ਵਾਸਤੇ ਮਗਨਗੇ ਤਾਂ ਰਾਜੇ ਸੁਰੇਂਦਰ ਸਿੰਘ ਨੂੰ ਤੇਜ ਸਿੰਘ ਦੇਣ ਵਿਚ ਕੋਈ ਉਜਰ ਨਾ ਹੋਵੇਗਾ ਕਿਉਂਕਿ ਓਹ ਮਹਾਰਾਜ ਨੂੰ ਦਿਲੋਂ ਚਾਹੁੰਦੇ ਹਨ, ਕੀ ਹੋਇਆ ਜੇ ਦੁਸ਼ਟ ਕੂਰ ਦੇ ਕਹੇ ਲਗਕੇ ਆਪਣੇ ਬੀਰੇਂਦਰ ਸਿੰਘ ਦਾ ਆਉਣਾ ਜਾਣਾ ਬੰਦ ਕਰ ਦਿਤਾ ਹੁਣ ਭੀ ਰਾਜੇ ਸੁਰੇਂਦਰ ਸਿੰਘ ਦਾ ਦਿਲ ਮਹਾਰਾਜ ਵਲੋਂ ਓਹੋ ਜੇਹਾ ਸਾਫ ਹੈ ਜੇਹਾ ਪਹਿਲਾਂ ਸੀ।

ਹਰਦਿਆਲ ਸਿੰਘ ਦੀ ਗਲ ਸੁਣਕੇ ਥੋੜਾ ਚਿਰ ਮਹਾਰਾਜ ਧਿਆਨ ਨਾਲ ਸੋਚਦੇ ਰਹੇ ਫੇਰ ਬੋਲੇ—ਤੁਹਾਡਾ ਕਹਿਣਾ ਠੀਕ ਹੈ ਸੁਰੇਂਦਰ ਸਿੰਘ ਅਰ ਓਸਦਾ ਪੁਤਰ ਬੀਰੇਂਦਰ ਸਿੰਘ ਲਾਇਕ ਹਨ ਇਸ ਵਿਚ ਕੁਝ ਸ਼ਕ ਨਹੀਂ, ਬੀਰੇਂਦਰ ਸਿੰਘ ਬੀਰ ਹੈ ਰਾਜਨੀਤ ਜਾਣਦਾ ਹੈ ਹਜ਼ਾਰ ਹਜ਼ਾਰ ਸਨਾਂ ਲੇਕੇ ਦਸ ਹਜ਼ਾਰ ਨਾਲ ਲੜਨ ਵਾਲਾ ਹੈ, ਅਰ ਤੇਜ ਸਿੰਘ ਦੀ ਚਲਾਕੀ ਵਿਚ ਭੀ ਕੋਈ ਫਰਕ ਨਹੀਂ ਜਿਹਾ ਤੁਸੀਂ ਕੈਂਹਦੇ ਹੋ ਓਹੋ ਜੇਹਾ ਹੀ ਹੈ ਪਰ ਮੈਥੋਂ ਓਨਾਂ ਨਾਲ ਬੜੀ ਬੇ ਲਿਹਾਜੀ ਹੋਗਈ ਹੈ ਜਿਸ ਲਈ ਮੈਂ ਉਨਾਂ ਤੋਂ ਬਹੁਤ ਸ਼ਰਮਿੰਦਾ ਹਾਂ ਅਰ ਮੈਨੂੰ ਮਦਦ ਮੰਗਦਿਆਂ ਸ਼ਰਮ ਆਉਂਦੀ ਹੈ ਕੀ ਜਾਣੀਏ ਕਿ ਓਨਾਂ ਦਾ ਦਿਲ ਭੀ ਸਾਡੇ ਵਲੋਂ ਖੰਜ ਹੋਵੇ। ਹਾਂ ਤੁਸੀਂ ਜਾਓ ਅਰ ਮਿਲੋ

CC-0. Kashmir Research Institute. Digitized by eGangotri

ਜੇ ਮੇਰੇ ਵਲੋਂ ਕੁਝ ਗੁਸਾ ਓਨਾਂ ਦੇ ਦਿਲ ਵਿਚ ਹੋਵੇ ਤਾਂ ਓਸਨੂੰ ਹਟਾਓ ਅਰ ਤੇਜ ਸਿੰਘ ਨੂੰ ਨਾਲ ਲਈ ਅਓ। ਹਰਦਿਆਲ ਸਿੰਘ ਨੇ ਕਿਹਾ ਬਹੁਤ ਹਛਾ ਮੈਂ ਆਪਹੀ ਜਾਵਾਂਗਾ ਅਰ ਏਸ ਕੰਮ ਨੂ ਕਰਾਂਗਾ ਪਰ ਮਹਾਰਾਜ ਆਪਣੀ ਮੋਹਰ ਕਰਕੇ ਇਕ ਛੋਹੀ ਜੇਹੀ ਚਿਠੀ ਲਿਖ ਦੇਵੇ ਫੇਰ ਮੈ ਬਾਕੀ ਗਲਾਂ ਆਪ ਸੇਲ ਲਵਾਂਗਾ ਅਰ ਮੈਂ ਹੋਰ ਕਿਸੇ ਨੂੰ ਨਾਲ ਭੀ ਨਹੀਂ ਲੈ ਜਾਵਾਂਗਾ ਕਲਾ ਆਪ ਹੀ ਜਾਵਾਂਗਾ। ਮਹਾਰਾਜ ਨੇ ਹਰ ਦਿਆਲ ਸਿੰਘ ਦੀ ਗਲ ਪਸੰਦ ਕੀਤੀ ਅਰ ਇਕ ਚਿਠੀ ਆਪਣੇ ਹਥੀਂ ਲਿਖਕੇ ਮੋਹਰ ਲਾਕੇ ਦੀਵਾਨ ਜੀ ਦੇ ਹਵਾਲੇ ਕੀਤੀ॥

ਹਰ ਦਿਆਲ ਸਿੰਘ ਮਹਾਰਾਜ ਤੋਂ ਵਿਦਾ ਹੋਕੇ ਆਪਣੇ ਘਰ ਆਏ ਪਰ ਅੰਦਰ ਜਨਾਨੇ ਵਿਚ ਨਾ ਗਏ ਬਾਹਰ ਹੀ ਰਹੇ ਭੋਜਨ ਭੀ ਬਾਹਰ ਹੀ ਛਕਿਆ ਖਾ ਪੀ ਕੇ ਬਠੇ ਅਰ ਸੋਚਨ ਲਗੇ ਕਿ ਚਪਲਾ ਨੂੰ ਮਿਲਕੇ ਸਾਰਾ ਹਾਲ ਦਸ ਦਈਏ ਤਾਂ ਚੰਗਾ ਹੈ ਥੋੜਾ ਜਿਹਾ ਦਿਨ ਬਾਕੀ ਸੀ ਜਦ ਚਪਲਾ ਆਈ, ਇਕਾਂਤ ਵਿਚ ਲਿਜਾਕੇ ਹਰ ਦਿਆਲ ਸਿੰਘ ਨੇ ਸਭ ਹਾਲ ਦਸਿਆ ਅਰ ਓਹ ਚਿਠੀ ਭੀ ਦਖਾਈ ਜੋ ਮਹਾਰਾਜ ਨੇ ਲਿਖ ਦਿਤੀ ਸੀ, ਚਪਲਾ ਬਹੁਤ ਹੀ ਪ੍ਰਸੰਨ ਹੋਈ ਅਰ ਬੋਲੀ ਹਰਦਿਆਲ ਸਿੰਘ ਤੁਹਾਡੇ ਮੇਲ ਵਿਚ ਆ ਜਾਵੇਗਾ ਓਹ ਬਹੁਤ ਚੰਗਾ ਆਦਮੀ ਹੈ, ਹਛਾ ਹੁਣ ਤੁਸੀ ਜਾਓ ਏਸ ਸੁਭ ਕੰਮ ਨੂ ਬਹੁਤ ਛੇਤੀ ਸਿਰੇ ਚਾੜੋ ਚਪਲਾ ਦਿਲ ਵਿਚ ਤੇਜ ਸਿੰਘ ਦੀ ਚਾਲਾਕੀ ਦੀ ਉਪਮਾਂ ਕਰਨ ਲਗੀ ਏਹ ਭੀ ਉਮੀਦ ਹੋਈ ਕਿ ਹੁਣ ਬੀਰੇਂਦਰ ਸਿੰਘ ਨਾਲ ਵੀ ਮੁਲਾਕਾਤ ਹੋਵੇਗੀ। ਹਰ ਦਿਆਲ ਸਿੰਘ ਨੇ ਗੜ ਨੂ ਤੁਰ ਪਏ ਰਸਤੇ ਵਿਚ ਆਪਣੀ ਅਸਲੀ ਸੂਰਤ ਬਨਾ ਲਈ॥

CC-0. Kashmir Research Institute. Digitized by eGangotri

ਦੋਧਵਾਂ ਕਾਂਡ

ਨੌਗੜ ਅਰਬਿਜੈਗੜ ਦਾਰਾਜ ਪਹਾੜੀ ਹੈ ਜੰਗਲ ਭੀ ਬੜਾ ਭਾਰਾ ਹੈ ਨਦੀਆਂ ਚੰਦ੍ਰ ਪ੍ਰਭਾ ਅਰ ਕਰਮਨਾਸਾ ਵਲ ਖਾਂਦੀਆਂ ਖਾਂਦੀਆਂ ਏਨਾਂ ਪਹਾੜਾਂ ਤੇ ਵਗਦੀਆਂ ਹਨ ਏਹ ਪਹਾੜ ਬਹੁਤ ਸੋਹਨਾ ਹੈ ਜਰਾ ਕੋਹ ਕ ਅਗੇ ਓਤਾਂ ਹਰਿਆਉਲ ਹੀ ਹਰਿ-ਆਉਲ ਦਿਸਦੀ ਹੈ ਜੇ ਜੰਗਲ ਵਿਚ ਵੜ ਜਾਓ ਤਾਂ ਰਸਤੇ ਭੌਂਤੀ ਦਾ ਪਤਾ ਹੀ ਨਹੀ ਲਗਦਾ ਜੋ ਕਿਧਰੋਂ ਆਏ ਹਾਂ ਤੇ ਕਿਧਰ ਜਾਣਾ ਹੈ। ਸਾਉਣ ਦੇ ਦਿਨਾਂ ਵਿਚ ਤਾਂ ਹੋਰ ਹੀ ਬਹਾਰ ਹੁੰਦੀ ਹੈ ਅਧਕੋਹ ਵਾਟ ਜਾਓ ਰਸਤ ਵਿਚ ਦਸ ਕੂਲਾਂ ਵਗਦੀਆਂ ਦਿਸਨਗੀਆਂ, ਜੰਗਲੀ ਜਨੌਰਾਂ ਵਿਚਾਂ ਸਾਂਬਰ, ਤਿਤਰ ਬਾਰਾਂ ਸਿੰਗਾ, ਬਘਆੜ, ਤੇਂਦੂਆ, ਚਿਕਾਰਾ ਲੰਗੂਰ ਬਾਂਦਰ ਦੇ ਬਨਾਂ ਕਦੇ ਕਦੇ ਸ਼ੇਰ ਭੀ ਨਜ਼ਰੀ ਪੈਂਦਾ ਹੈ ਪਰ ਬਰਸਾਤ ਵਿਚ ਨਹੀ ਕਿਉਂਕਿ ਨਦੀ ਨਾਲਿਆਂ ਵਿਚ ਪਾਣੀ ਆ ਜਾਨ ਕਰਕੇ ਓਨਾਂ ਦੇ ਰੈਹਨ ਦੀ ਥਾਂ ਖਰਾਬ ਹੋ ਜਾਂਦੀ ਹੈ, ਤਦ ਓਹ ਉਚੇ ਪਹਾੜਾਂ ਉਤੇ ਚਲੇ ਜਾਂਦੇ ਹਨ। ਏਸ ਪਹਾੜ ਉਤੇ ਹਰਨ ਨਹੀਂ ਹੁੰਦੇ ਹਾਂ ਹੋਰ ਜੰਗਲ ਵਿਚ ਬਹੁਤ ਹੁੰਦੇ ਹਨ, ਤਿਤਰ ਬਟੇਰਾ ਚਿਨਕ ਅਰ ਮੋਰ ਭੀ ਬਹੁਤ ਹੁੰਦ ਹਨ ਗਲ ਕੀ ਬੜਾ ਹੀ ਸੁਹਾਉਣਾ ਪਹਾੜ ਹੈ ਅਰ ਉਪਰ ਲਿਖੇ ਅਨੁਸਾਰ ਅਜ ਤਕ ਮੌਜੂਦ ਹੈ। ਓਨਾ ਏਯਾਰਾਂ ਨੇ ਚਨਾਰੋਂ ਕੂਰ ਸਿੰਘ ਤੇ ਨਾਜ਼ਮ ਦੇ ਨਾਲ ਆਏ ਸਨ ਏਸੇ ਜੰਗਲ ਵਿਚ ਹੀ ਕੂਰ ਸਿੰਘ ਸਨੇ ਡੇਰਾ ਲਾ ਦਿਤਾ। ਆਪਸ ਵਿਚ ਏਹ ਸਲਾਹ ਠੇਹਰ ਈ ਕਿ ਹਰ ਇਕ ਆਦਮੀ ਵਖੋ ਵਖ ਏਯਾਰੀ ਕਰੇ ਅਰ ਜਦ ਮਸਤ ਦੀ ਲੋੜ ਹੋਵੇ ਤਾਂ ਸੀਟੀ ਵਜਾਕੇ ਕਠੇ

CC-0. Kashmir Research Institute. Digitized by eGangotri

ਹੋ ਜਾਇਆ ਕਰੋ। ਬਦ੍ਰੀਨਾਥ ਨੇ ਜੋ ਓਨਾਂ ਏਯਾਰਾਂ ਵਿਚ ਸਭ ਤੋਂ ਵਧੀਕ ਚਾਲਾਕ ਤੇ ਹੋਸ਼ਿਆਰ ਸੀ ਏਹ ਰਾਏ ਦਿਤੀ ਕਿ ਇਕ ਵਾਰੀ ਸਭੇ ਜਨੇ ਵਖ ਵਖ ਹੋਕੇ ਭੇਸ ਬਦਲਕੇ ਸ਼ਹਿਰ ਵਿਚ ਜਾਕੇ ਦਰਬਾਰ ਅਰ ਮਹਲ ਦੇ ਜਿਨੇ ਆਦਮੀ ਤੇ ਦਾਸੀਆਂ ਹਨ ਸਗੋਂ ਰਾਣੀ ਤੇ ਚੰਦਰਕਾਂਤਾ ਨੂੰ ਦੇਖ ਆਓ ਅਰ ਓਨਾਂ ਦੀ ਚਾਲ ਢਾਲ ਬੋਲੀ ਤੇ ਨਾਂ ਵੀ ਯਾਦ ਕਰ ਲਓ, ਤਾਂ ਕਿ ਏਯਾਰੀ ਕਰਨ ਵੇਲੇ ਕਿਸੇਤਰਾਂ ਦੀ ਮੁਸ਼ਕਲ ਨਾਂ ਹੋਵੇ, ਤੇ ਕੋਈ ਫਰਕ ਨਾ ਰੈਹ ਜਾਏ, ਏਸ ਗਲ ਨੂੰ ਸਭਨਾਂ ਨੇ ਪਸੰਦ ਕੀਤਾ ਅਰ ਨਾਜ਼ਮ ਨੇ ਸਭਨਾਂ ਦੇ ਨਾਂ ਦਸੇ ਅਰ ਜਿਥੋਂ ਤਕ ਹੋ ਸਕਿਆ ਥੋੜਾ ਬਹੁਤਾ ਹਰ ਇਕ ਦਾ ਹੁਲੀਆਂ ਭੀ ਦਸ ਦਿਤਾ। ਏਹ ਏਯਾਰ ਲੋਕ ਭੇਸ ਬਦਲਕੇ ਬਾਹਰ ਅਰ ਮਹਲ ਵਿਚ ਵੜ ਗਏ ਅਰ ਸਭ ਕੁਝ ਦੇਖ ਭਾਲ ਆਏ ਪਰ ਚਪਲਾ ਦੀ ਹੋਸ਼ਿਆਰੀ ਨਾਲ ਏਯਾਰੀ ਕਰਨ ਦਾ ਦਾਉਂ ਨਾ ਲਗਾ ਅਰ ਨਾ ਹੀ ਏਹ ਅਜੇ ਏਯਾਰੀ ਕਰਨੀ ਚਾਹੁੰਦੇ ਸੀ ਜਿਨਾਂ ਚਿਰ ਪੂਰੀ ਵਾਕਫ਼ੀ ਨਾ ਹੋਜਾਵੇ।

ਜਦ ਏਹ ਲੋਕ ਹਰਤਰਾਂ ਹੁਸ਼ਿਆਰ ਅਰ ਵਾਕਫ ਹੋਗਏ ਤਾਂ ਏਯਾਰੀ ਕਰਨੀ ਸ਼ੁਰੂ ਕੀਤੀ; ਭਗਵਾਨ ਦਤ ਤਾਂ ਚਪਲਾ ਦੀ ਸੂਰਤ ਬਨਕੇ ਬੀਰੇਂਦਰ ਸਿੰਘ ਨੂੰ ਫਸਾਉਨ ਵਾਸਤੇ ਨੌਗੜ੍ਹ ਗਿਆ, ਓਥੇ ਪਹੁਚਕੇ ਜਿਸ ਕਮਰੇ ਵਿਚ ਬੀਰੇਂਦਰ ਸਿੰਘ ਦਾ ਡੇਰਾ ਸੀ ਓਸਦੇ ਦਰਵਾਜੇ ਉਤੇ ਪਹੁਚਕੇ ਪੈਹਰੇ ਦਾਰ ਨੂੰ ਕਿਹਾ "ਜਾਓ ਕੁਮਾਰ ਨੂੰ ਕਹੋ ਕਿ ਬਿਜੇ ਗੜੋਂ ਚਪਲਾ ਆਈ ਹੈ" ਪਿਆਦੇ ਨ ਅੰਦਰ ਜਾਕੇ ਖਬਰ ਕੀਤੀ ਕੁਛ ਰਾਤ ਗੁਜਰ ਗਈ ਸੀ ਬੀਰੇਂਦ੍ਰ ਸਿੰਘ ਚੰਦਰਕਾਂਤਾ ਦੀ ਯਾਦ ਵਿਚ ਬੈਠੇ ਸੋਚਾਂ ਸੋਚਦੇ ਸਨ ਓਸੇ ਵੇਲੇ ਪਿਆਦੇ ਨੇ ਜਾਕੇ ਕਿਹਾ ਪ੍ਰਿਥੀ ਨਾਥ

CC-0. Kashmir Research Institute. Digitized by eGangotri

ਬਿਜੈਗੜ੍ਹੋਂ ਚਪਲਾ ਆਈ ਹੈ ਓਹਦੇ ਵਾਸਤੇ ਕੀ ਹੁਕਮ ਹੁੰਦਾ ਹੈ" ਕੁਮਾਰ ਚਪਲਾ ਦਾ ਨਾ ਸੁਣਕੇ ਉਠ ਬੈਠੇ ਅਰ ਖੁਸ਼ ਹੋਕੇ ਬੋਲੇਃ— "ਓਹਨੂ ਛੇਤੀ ਅੰਦਰ ਲਿਆਓ" ਹੁਕਮ ਅਨੁਸਾਰ ਚਪਲਾ ਹਾਜ਼ਰ ਹੋਈ, ਕੁਮਾਰ ਚਪਲਾ ਨੂ ਦੇਖਕੇ ਉਠ ਖਲੋਤੇ ਅਰ ਹਥ ਫੜਕੇ ਆਪਣੇ ਪਾਸ ਬਿਠਾਕੇ ਬਾਤ ਚੀਤ ਕਰਨ ਲਗੇ ਚੰਦਰਕਾਂਤਾ ਦਾ ਹਾਲ ਪੁਛਿਆ, ਚਪਲਾ ਨੇ ਕਿਹਾ ਹਾਂ ਤਕੜੀ ਹੈ ਤੁਹਾਡੀ ਯਾਦ ਤੋਂ ਬਿਨਾਂ ਹੋਰ ਕੋਈ ਦੁਖ ਨਹੀਂ ਹੈ ਸਦਾ ਏਹੋ ਕਹਿੰਦੀ ਰਹਿੰਦੀ ਹੈ ਕਿ ਬੜੇ ਬੇਲਿਹਾਜ ਹਨ ਕਦੇ ਖਬਰ ਵੀ ਨਹੀਂ ਲੈਂਦੇ ਕਿ ਜੀਉਂਦੀ ਹੈ ਜਾਂ ਮਰ ਗਈ, ਅਜ ਘਬ- ਰਾਕੇ ਮੈਨੂੰ ਭੇਜਿਆ ਹੈ ਅਰ ਏਹ ਦੋ ਨਾਖਾਂ ਆਪਣੀ ਹਥੀਂ ਛਿਲਕੇ ਕਟਕੇ ਭੇਜੀਆਂ ਹਨ ਅਰ ਆਪਣੇ ਸਿਰ ਦੀ ਸੌਂਹ ਪਾਈ ਹੈ ਕਿ ਏਹਨੂ ਜਰੂਰ ਜਾਓ, ਬੀਰੇਂਦਰ ਸਿੰਘ ਚਪਲਾ ਦੀ ਗਲ ਸੁਣਕੇ ਬਹੁਤ ਖੁਸ਼ ਹੋਏ ਚੰਦਰਕਾਂਤਾ ਦਾ ਇਸ਼ਕ ਪੂਰਾ ੨ ਸੀ ਧੋਖੇ ਵਿਚ ਆ ਗਏ, ਭਲੇ ਬੁਰੇ ਦੀ ਕੁਝ ਸੂਝੀ ਨਾ ਰਹੀ ਚੰਦਰਕਾਂਤਾ ਦੀ ਸੌਂਹ ਕਿਸਤਰਾਂ ਟਾਲਦੇ, ਝਟ ਨਾਖ ਦਾ ਟੁਕੜਾ ਚੁਕਕੇ ਮੂਹ ਨਾਲ ਲਾਇਆ ਹੀ ਸਾ ਕਿ ਸਾਹਮਣਿਓਂ ਤੇਜ ਸਿੰਘ ਜੀ ਆਉਂਦੇ ਦਿਸੇ, ਤੇਜ ਸਿੰਘ ਨੇ ਦੇਖਿਆ ਕਿ ਬੀਰੇਂਦਰ ਸਿੰਘ ਬੈਠੇ ਹਨ ਅਰ ਸਾਹਮਣੇ ਚਪਲਾ ਭੀ ਬੈਠੀ ਹੈ ਅਗੇ ਨਾਖ ਦੇ ਟੁਕੜੇ ਪਏ ਹਨ ਅਰ ਇਕ ਟੁਕੜਾ ਹਥ ਵਿਚ ਹੈ, ਬਸ ਦੇਖ- ਦਿਆਂ ਹੀ ਅਗੇ ਹੋਗਏ ਅਰ ਕੜਕਕੇ ਬੋਲੇ "ਖਬਰਦਾਰ ਜੋ ਮੂਹ ਵਿਚ ਪਾਯਾ" ਏਨਾਂ ਸੁਣਦਿਆਂ ਹੀ ਬੀਰੇਂਦਰ ਸਿੰਘ ਠੈਹਰ ਗਏ ਅਰ ਪੁਛਿਆ "ਕੀ ਹੈ ?" ਤੇਜ ਸਿੰਘ ਨੇ ਕਿਹਾ ਮੈਂ ਜਾਂਦੀ ਵਾਰੀ ਹਜਾਰ ੨ ਸਮਝਾ ਗਿਆ ਸੀ ਆਪਨਾ ਸਿਰ ਮਾਰ ਗਿਆ ਸਾਂ ਪਰ ਤੁਹਾਨੂੰ ਕੁਝ ਖਿਆਲ ਨਾ ਆਇਆ

CC-0. Kashmir Research Institute. Digitized by eGangotri

ਕਦੇ ਅਜੇ ਬੀ ਚਪਲਾ ਏਥੇ ਆਈ ਸੀ ? ਤੁਸਾਂ ਕੀ ਸੁਵਾਹ ਪਛਾਣਿਆਂ ਕਿ ਏਹ ਚਪਲਾ ਹੈ ਜਾਂ ਕੋਈ ਏਯਾਰ ? ਬਸ ਸਾਹਮਣੇ ਰੰਡੀ ਨੂ ਦੇਖ ਮਿਠੀਆਂ ਮਿਠੀਆਂ ਗਲਾਂ ਸੁਣ ਮਜ਼ੇ ਵਿਚ ਆ ਗਏ।

ਤੇਜ ਸਿੰਘ ਦੀ ਘੁਰਕੀ ਸੁਣ ਬੀਰੇਦਰਸਿੰਘ ਤਾਂ ਸੇਹਮਗਏ ਅਰ ਚਪਲਾ ਦੇ ਮੂਹ ਵਲ ਵੇਖਣ ਲਗ ਪਏ, ਨਕਲੀ ਚਪਲਾ ਤ ਨਾ ਰਿਹਾ ਗਿਆ ਛਸ ਤਾਂ ਚੁਕੀ ਹੀ ਸੀ ਝਟ ਖੰਜਰ ਕਢਕੇ ਤੇਜ ਸਿੰਘ ਉਤੇ ਦੌੜੀ, ਬੀਰੇਦਰ ਸਿੰਘ ਭੀ ਸਮਝ ਗਏ ਕਿ ਏਹ ਏਯਾਰ ਹੈ, ਓਸਨੂੰ ਖੰਜਰ ਲੈਕੇ ਤੇਜ ਸਿੰਘ ਨੂ ਮਾਰਦਿਆਂ ਵੇਖ ਝਟ ਇਕ ਹਥ ਨਾਲ ਓਸਦੀ ਵੀਣੀ ਫੜ ਲਈ ਜਿਸ ਵਿਚ ਖੰਜਰ ਸੀ, ਅਰ ਦੂਸਰਾ ਹਥ ਲਕ ਨੂ ਪਾਕੇ ਚੁਕ ਲਿਆ ਅਰ ਸਿਰ ਤੋ ਉਚਾ ਕਰਕੇ ਸੁਟਣ ਹੀ ਲਗੇ ਸਨ ਕਿ ਤੇਜ ਸਿੰਘ ਨੇ ਅਵਾਜ ਦਿਤੀ ਹਾਂ ! ਹਾਂ !! ਹਾਂ !!! ਸੁਟਨਾ ਨਾ ਮਰ ਜਾਵੇਗਾਂ ਏਯਾਰਾਂ ਦਾ ਕੰਮ ਹੀ ਏਹੋ ਹੈ ਛਡ ਦੇਵੋ ਮੇਰੇ ਹਵਾਲੇ ਕਰੋ ਏਹ ਸੁਣਕੇ ਕੁਮਾਰ ਨੇ ਹੌਲੀ ਜੇਹੀ ਜਮੀਨ ਉਤੇ ਰਖਕੇ ਮੁਸ਼ਕਾਂ ਬੰਨਕੇ ਤੇਜ ਸਿੰਘ ਦੇ ਹਵਾਲੇ ਕਤਾ, ਤੇਜ ਸਿੰਘ ਨੇ ਜਬਤ ਦਸਤੀ ਬਹੇਸ਼ੀ ਦੀ ਦਵਾ ਓਸਨੂ ਸੁੰਘਾਕੇ ਬੇਹੋਸ਼ ਕੀਤਾ ਅਰ ਇਕ ਚਾਦਰ ਵਿਚ ਬੰਨਕੇ ਲਾਂਭੇ ਰਖ ਗਲਾਂ ਕਰਨ ਲਗ ਪਏ।

ਤੇਜ ਸਿੰਘ ਨੇ ਕੁਮਾਰ ਨੂ ਬਹੁਤ ਸਮਝਾਯਾ ਅਰ ਕਿਹਾ ਦੇਖੋ ਜੋ ਹੋਗਿਆ ਸੋ ਹੋਗਿਆ ਪਰ ਹੁਣ ਧੋਖਾ ਨਾ ਖਾਣਾ, ਕੁਮਾਰ ਬਹੁਤ ਸ਼ਰਮਿੰਦੇ ਸਨ ਏਸਦਾ ਕੁਝ ਉਤਰ ਨਾ ਦੇ ਸਕੇ, ਬਿਜੈਗੜ੍ਹ ਦਾ ਹਾਲ ਪੁਛਣ ਲਗੇ ਤੇਜ ਸਿੰਘ ਨੇ ਸਭ ਹਾਲ ਪੂਰਾ ਕਰ ਸੁਨਾਯਾ ਅਰ ਓਹ ਚਿਠੀ ਭੀ ਦਿਖਾਈ ਜੋ ਮਹਾਰਾਜ ਜੈ ਸਿੰਘ ਨੇ ਰਾਜਾ ਸੁਰੇਦਰ ਸਿੰਘ ਦੇ ਨਾਂ ਲਿਖੀ ਸੀ ਕੁਮਾਰ ਏਹ ਸਭ

CC-0. Kashmir Research Institute. Digitized by eGangotri

ਹਾਲ ਸੁਣਕੇ ਅਰ ਚਿਠੀ ਵੇਖਕੇ ਉੱਛਲ ਪਏ, ਅਰ ਖੁਸ਼ੀ ਨਾਲ ਤੇਜ ਸਿੰਘ ਨੂੰ ਗਲ ਨਾਲ ਲਾ ਲਿਆ ਅਰ ਕਿਹਾ ਹਛਾ ਜੇ ਕੁਝ ਤੁਸਾਂ ਕਰਨਾ ਹੈ ਛੇਤੀ ਕਰੋ ਤੇਜ ਸਿੰਘ ਨੇ ਕਿਹਾ ਹਾਂ ਵੇਖੋ ਸਭੁਕੁਝ ਹੋ ਜਾਂਦਾ ਹੈ ਘਬਰਾਓ ਨਾ। ਏਤਰਾ ਦੋਹਾਂ ਨੂੰ ਗਲਾਂ ਕਰਦਿਆਂ ੨ ਰਾਤ ਬੀਤ ਗਈ ਸਵੇਰਾ ਹੋਇਆ ਹੀ ਚਾਹੁਦਾ ਸੀ ਕਿ ਤੇਜ ਸਿੰਘ ਓਸ ਏਯਾਰ ਦੀ ਗੰਢ ਚੁਕਕੇ ਓਸ ਤਹਿਖਾਨੇ ਨੂੰ ਲੈ ਤੁਰੇ ਜਿਸ ਵਿਚ ਐਹਮਦ ਨੂੰ ਕੈਦ ਕੀਤਾ ਸੀ, ਤਹਿਖਾਨੇ ਦਾ ਬੂਹਾ ਖੋਲ ਅੰਦਰ ਗਏ ਅਰ ਚਸ਼ਮੇਂ ਦੇ ਪਾਸ ਪਹੁੰਚੇ ਦੇਖਿਆ ਕਿ ਐਹਮਦ ਨੈਹਰ ਦੇ ਕੰਢੇ ਸੁਤਾ ਪਿਆ ਹੈ ਅਤ ਦੀਵਾਨ ਹਰਦਿਆਲ ਸਿੰਘ ਇਕ ਰਖ ਦੇ ਹੇਠਾਂ ਪੱਥਰ ਦੀ ਸਿਲ ਉਤ ਸਿਰ ਝੁਕਾਈ ਬੈਠੇ ਹਨ। ਤੇਜ ਸਿੰਘ ਨੂੰ ਵੇਖਕੇ ਹਰਦਿਆਲ ਸਿੰਘ ਉਠ ਖਲੋਤੇ ਅਰ ਬੋਲੇ, ਕਿਉਂ ਤੇਜ ਸਿੰਘ ਮੈਂ ਕੀ ਕਸੂਰ ਕੀਤਾ ਸਾ ਜੋ ਮੈਨੂੰ ਕੈਦ ਕਰ ਰਖਿਆ ਹੈ? ਤੇਜ ਸਿੰਘ ਨੇ ਹਸਕ ਉਤਰ ਦਿਤਾ ਕਿ ਜ ਕੋਈ ਕਸੂਰ ਕੀਤਾ ਹੋਇਆ ਹੁਦਾ ਤਾਂ ਪੈਰਾਂ ਵਿਚ ਬੇੜੀ ਹੁਦੀ ਜੇਹੀ ਐਹਮਦ ਦੇ ਪੈਰੀ ਹੇ। ਤੁਸਾਂ ਕੋਈ ਕਸੂਰ ਨਹੀ ਕੀਤਾ ਸਿਰਫ ਇਕ ਦਿਨ ਕੈਦ ਕਰਨ ਨਾਲ ਮੇਰਾ ਬਹੁਤ ਕੰਮ ਸੋਰਦਾ ਸੀ ਏਸ ਲਈ ਮੈਂ ਏਹ ਬੇਅਦਬੀ ਕੀਤੀ ਹੈ ਮੈਂ ਖਿਮਾਂ ਮੰਗਦਾ ਹਾਂ ਹੁਣ ਆਪਨੂੰ ਅਖਤਿਆਰ ਹੈ ਜਿਥੇ ਮਰਜੀ ਹੈ ਜਾਓ ਮੈਂ ਤਾਬਦਾਰ ਹਾਂ, ਬਿਨੈ ਗੜ ਵਿਚ ਆਪ ਜਿਹਾ ਨੇਕ ਈਮਾਨ ਦਾਰ ਅਰ ਇਨਸਾਫ ਪਸੰਦ ਕੋਈ ਨਹੀਂ ਹੈ ਏਸ ਲਈ ਮੈਂ ਮਦਦ ਦਾ ਉਮੇਦਵਾਰ ਹਾਂ॥

ਹਰਦਿਆਲ ਸਿੰਘ ਨੇ ਕਿਹਾ ਸੁਣੋਂ ਤੇਜ ਸਿੰਘ ਤੁਹਾਨੂ ਪਤਾ ਹੀ ਹੈ ਕਿ ਮੈਂ ਸ਼ੁਰੂ ਤੋਂ ਤੁਹਾਡਾ ਅਰ ਬੀਰੇਦਰ ਸਿੰਘ ਦਾ

CC-0. Kashmir Research Institute. Digitized by eGangotri

ਖੈਰਖਵਾਹ ਹਾਂ ਤੁਹਾਡੀ ਖਿਦਮਤ ਕਰਨ ਵਿਚ ਮੈਨੂੰ ਕੋਈ ਉਜਰ ਨਹੀਂ ਹੈ, ਮੈਂ ਤਾਂ ਆਪ ਹੈਰਾਨ ਸਾਂ ਕਿ ਦੋਸਤ ਆਦਮੀ ਨੂੰ ਤੇਜ ਸਿੰਘ ਨੇ ਕਿਉਂ ਕੈਦ ਕੀਤਾ ? ਪਹਿਲਾਂ ਤਾਂ ਮੈਨੂੰ ਏਹ ਵੀ ਪਤਾ ਨਹੀਂ ਸੀ ਲਗਾ ਕਿ ਮੈਂ ਏਥੇ ਆਇਆ ਕਿਸਤਰਾਂ ਹਾਂ ਜੀਉਂਦਾ ਆਇਆ ਹਾਂ ਕਿ ਮਰਕੇ, ਫੇਰ ਜਦ ਮੈਂ ਮੁਹਮਦ ਨੂੰ ਦੇਖਿਆ ਤਾਂ ਸਮਝ ਗਿਆ ਕਿ ਏਹ ਸਭ ਆਪਦੀ ਕਰਾਮਾਤ ਹੈ, ਹਛਾ ਹੁਣ ਏਹ ਦਸੋ ਕਿ ਤੁਸਾਂ ਮੈਨੂੰ ਏਥੇ ਰਖਕੇ ਕੀ ਕਾਰਵਾਈ ਕੀਤੀ ਅਰ ਹੁਣ ਮੈਂ ਤੁਹਾਡਾ ਕੀ ਕੰਮ ਕਰ ਸਕਦਾ ਹਾਂ ?

ਤੇਜ ਸਿੰਘ—ਮੈਂ ਤੁਹਾਡੀ ਸੂਰਤ ਬਣਕੇ ਜਨਾਨਿਆਂ ਵਿਚ ਨਹੀਂ ਗਿਆ ਏਹ ਗਲ ਵੀ ਖਾਤਰ ਜਮਾ ਰਖੋ ॥

ਹਰਦਿਆਲ ਸਿੰਘ—ਤੁਹਾਨੂੰ ਤਾਂ ਮੈਂ ਆਪਣੇ ਪੁਤਰਾਂ ਵਾਂਗ ਜਾਨਦਾ ਹਾਂ ਜੇ ਅੰਦਰ ਜਾਂਦੇ ਭੀ ਤਾਂ ਕੀ ਡਰ ਸੀ ? ਹਛਾ ਪੂਰਾ ਹਾਲ ਦਸੋ ॥

ਤੇਜ ਸਿੰਘ ਨੇ ਮਹਾਰਾਜ ਜੈ ਸਿੰਘ ਦੀ ਚਿਠੀ ਦਿਖਾਈ ਹਰਦਿਆਲ ਸਿੰਘ ਦੇ ਕਪੜੇ ਜੋ ਪਾਏ ਹੋਏ ਸਨ ਓਹਨਾਂ ਨੂੰ ਦੇ ਦਿਤੇ ਅਰ ਕਿਹਾ ਏਹ ਲੌ ਆਪਣੇ ਕਪੜੇ ਅਰ ਏਹੋ ਚਿਠੀ ਲੇਕੇ ਦਰਬਾਰ ਵਿਚ ਜਾਓ ਤੇ ਮਹਾਰਾਜ ਜੈ ਸਿੰਘ ਪਾਸੋਂ ਮੈਨੂੰ ਮੰਗੋ ਤਾਂ ਕਿ ਮੈਂ ਤੁਹਾਡੇ ਨਾਲ ਚਲਾਂ, ਨਹੀਂ ਤਾਂ ਓਹ ਇਯਾਰ ਜੋ ਚੁਨਾਰੋਂ ਆਏ ਹਨ ਬਿਜੈਗੜ ਨੂੰ ਫਨਾਹ ਕਰ ਦੇਣਗੇ ਅਰ ਮਹਾਰਾਜ ਸ਼ਿਵਦਤ ਆਪਣਾ ਕਬਜਾ ਬਿਜੈਗੜ ਵਿਚ ਕਰ ਲੈਣਗੇ, ਮੈਂ ਤਹਾਡੇ ਨਾਲ ਜਾਕੇ ਓਹਨਾਂ ਇਯਾਰਾਂ ਨੂ ਫੜਾਂਗਾ। ਤੁਸਾਂ ਦੋ ਗਲਾਂ ਦਾ ਬਹੁਤ ਧਿਆਨ ਰਖਨਾਂ ਇਕ ਤਾਂ ਜਿਥੋਂ ਤਕ ਹੋ ਸਕੇ ਮੁਸਲਮਾਨਾਂ ਨੂੰ ਬਾਹਰ ਕਢੋ ਅਰ ਹਿੰਦੂਆਂ ਨੂੰ ਨੌਕਰ ਰਖੋ

CC-0. Kashmir Research Institute. Digitized by eGangotri

ਦੂਸਰੇ ਇਹ ਕਿ ਕੌਰ ਬੀਰ ਦਰ ਸਿੰਘ ਦਾ ਹਮੇਸ਼ਾਂ ਧਿਆਨ ਰਖਨਾਂ ਅਰ ਮਾਹਾਰਾਜ ਜੈ ਸਿੰਘ ਪਾਸ ਸਦਾ ਓਹਨਾਂ ਦੀ ਉਪਮਾਂ ਕਰਦੇ ਰਹਿਨਾ ਜਿਸ ਕਰਕੇ ਮਹਾਰਾਜ ਜੈ ਸਿੰਘ ਮਦਦ ਵਾਸਤੇ ਓਨਾਂ ਨੂ ਭੀ ਸਦ ਲੈਣ ॥

ਹਰਦਿਆਲ ਸਿੰਘ ਨੇ ਸੌਂਹ ਖਾਕੇ ਕਿਹਾ ਮੈਂ ਹਮੇਸ਼ਾਂ ਤੁਸਾਂ ਲੋਕਾਂ ਦਾ ਖੈਰਖਵਾਹ ਹਾਂ ਜੋ ਤੁਸਾਂ ਕਿਹਾ ਹੈ ਓਸਤੋਂ ਵਧ ਕਰ ਦਿਖਾਵਾਂ ਗਾ ॥

ਤੇਜ ਸਿੰਘ ਨੇ ਓਸ ਏਯਾਰ ਦੀ ਰੀਢ ਖੋਹਲੀ ਅਰ ਇਕ ਖੁਲੀ ਏੜੀ ਓਸਦੇ ਪੈਰਾਂ ਵਿਚ ਪਾਕੇ ਬਟੂਆ ਏਯਾਰੀ ਦਾ ਤੇ ਖੰਜਰ ਓਸਦੇ ਲੱਕ ਨਾਲੋਂ ਖੋਹਲ ਕੇ ਓਸਨੂ ਹੋਸ਼ ਵਿਚ ਆਂਦਾ। ਓਸਦਾ ਮੂੰਹ ਧੋਤਾ ਤਾਂ ਪਤਾ ਲਗਾ ਕਿ ਏਹ ਭਗਵਾਨ ਦੱਤ ਹੈ।

ਏਯਾਰ ਹੋਣ ਕਰਕੇ ਚੁਨਾਰ ਦੇ ਸਭ ਏਯਾਰਾਂ ਨੂੰ ਤੇਜ ਸਿੰਘ ਪਛਾਣਦੇ ਸਨ ਅਰ ਓਹ ਲੋਕ ਭੀ ਤੇਜ ਸਿੰਘ ਨੂੰ ਚੰਗੀ ਤਰਾਂ ਪਛਾਣਦੇ ਸਨ। ਤੇਜ ਸਿੰਘ ਨੇ ਭਗਵਾਨ ਦਤ ਨੂੰ ਨਹਿਰ ਦੇ ਕੰਢੇ ਛਡਿਆ ਅਰ ਹਰਦਿਆਲ ਸਿੰਘ ਨੂੰ ਨਾਲ ਲੈਕੇ ਖੋਹ ਦੇ ਬਾਹਰ ਚਲ, ਜਦ ਦਰਵਾਜੇ ਦੇ ਪਾਸ ਪਹੁੰਚੇ ਤਦ ਤੇਜ ਸਿੰਘ ਨੇ ਹਰਦਿਆਲ ਸਿੰਘ ਨੂੰ ਕਿਹਾ ਕਿ ਮੇਹਰਬਾਨੀ ਕਰਕੇ ਮੈਨੂ ਆਗਿਆ ਦੇਵੋ ਕਿ ਥੋੜ ਚਿਰ ਲਈ ਮੈਂ ਤੁਹਾਨੂ ਬੇਹੋਸ਼ ਕਰਕੇ ਬਾਹਰ ਲੈ ਚਲਾਂ ॥ ਹਰਦਿਆਲ ਸਿੰਘ ਨੇ ਕਿਹਾ "ਏਸ ਵਿਚ ਮੈਨੂ ਕੋਈ ਉਜਰ ਨਹੀਂ ਮੈਂ ਏਹਨਹੀਂ ਚਾਹੁਦਾ ਕਿ ਏਸ ਤਹਖਾਨੇ ਦਾ ਰਸਤਾ ਦੇਖ ਲਵਾਂ ਏਹ ਤੁਸਾਂ ਲੋਕਾਂ ਦਾ ਹੀ ਕੰਮ ਹੈ ਮੈਂ ਦੇਖਕੇ ਕੀ ਕਰਾਂਗਾ ॥

ਤੇਜਸਿੰਘ ਹਰਦਿਆਲਸਿੰਘਨੂ ਬੇਹੋਸ਼ਕਰਕੇਬਾਹਰਲਿਆਏ

CC-0. Kashmir Research Institute. Digitized by eGangotri

ਅਰ ਹੋਸ਼ ਵਿਚ ਲਿਆਕੇ ਬੋਲੇ 'ਹੁਣ ਤੁਸੀ ਆਪਨੇ ਕਪੜੇ ਪਾ ਲਵੋ ਅਰ ਮੇਰ ਨਾਲ ਚਲੋ' ਓਹਨਾਂ ਨੇ ਓਸੇਤਰਾਂ ਕੀਤਾ।

ਸ਼ਹਿਰ ਵਿਚ ਆਕੇ ਤੇਜ ਸਿੰਘ ਦੇ ਕਹਿਨੇ ਅਨੁਸਾਰ ਹਰਦਿਆਲ ਸਿੰਘ ਵੱਖਰੇ ਹੋਕੇ ਕੱਲ ਰਾਜੇ ਸੁਰੇਂਦਰ ਸਿੰਘ ਦੇ ਦਰਬਾਰ ਵਿਚ ਗਏ, ਰਾਜਾ ਜੀ ਨੇ ਓਨਾਂ ਦੀ ਵੜੀ ਖਾਤ੍ਰ ਕੀਤੀ ਅਰ ਹਾਲ ਪੁਛਿਆ। ਓਹਨਾਂ ਨੇ ਬਹੁਤ ਕੁਛ ਕਹਿਣ ਦੇ ਪਿਛੋਂ ਮਹਾਰਾਜ ਜੈ ਸਿੰਘ ਦੀ ਚਿਠੀ ਦਿਤੀ ਜਿਸਨੂੰ ਰਾਜਾ ਜੀ ਨੇ ਬੜੀ ਇੱਜਤ ਨਾਲ ਲੈਕੇ ਆਪਣੇ ਵਜ਼ੀਰ ਜੀਤ ਸਿੰਘ ਨੂੰ ਪੜ੍ਹਨ ਵਾਸਤੇ ਦਿਤੀ, ਜੀਤ ਸਿੰਘ ਨੇ ਉਚੀ ਸਾਰੀ ਓਹ ਚਿਠੀ ਪੜ੍ਹਕੇ ਸੁਨਾਈ। ਰਾਜਾ ਸੁਰੇਂਦਰ ਸਿੰਘ ਜੀ ਚਿਠੀ ਸੁਣਕੇ ਬਹੁਤ ਖੁਸ਼ ਹੋਏ, ਅਰ ਹਰਦਿਆਲ ਸਿੰਘ ਵਲ ਤਕਕ ਬੋਲੇ "ਮਰਾ ਰਾਜ ਮਹਾਰਾਜ ਜੈ ਸਿੰਘ ਦਾ ਹੈ ਜੋ ਚਾਹੁਣ ਕਰਨ, ਜਿਸਨੂੰ ਚਾਹੁਣ ਸਦ ਲੈਣ, ਮੈਨੂੰ ਕੋਈ ਓਜਰ ਨਹੀਂ ਹੈ, ਤੇਜ ਸਿੰਘ ਤੁਹਾਡੇ ਨਾਲ ਜਾਵੇਗਾ" ਏਹ ਕਹਿਕੇ ਆਪਣੇ ਵਜ਼ੀਰ ਜੀਤ ਸਿੰਘ ਨੂੰ ਹਰਦਿਆਲ ਸਿੰਘ ਦੀ ਪ੍ਰਾਹੁਣਚਾਰੀ ਕਰਨ ਲਈ ਹੁਕਮ ਦੇਕੇ ਦਰਬਾਰ ਬਰਖਾਸਤ ਕੀਤਾ।

ਦੀਵਾਨ ਹਰਦਿਆਲ ਸਿੰਘ ਦੀ ਪ੍ਰਾਹੁਣਾਚਾਰੀ ਤਿੰਨ ਦਿਨ ਤਕ ਬਹੁਤ ਚੰਗੀ ਤਰਾਂ ਕੀਤੀ ਜਿਸ ਨਾਲ ਓਹ ਬਹੁਤ ਹੀ ਖੁਸ਼ ਹਏ। ਚੌਥੇ ਦਿਨ ਦੀਵਾਨ ਜੀ ਨੇ ਰਾਜਾ ਜੀ ਤੋਂ ਵਿਦਾ ਹੋਣ ਦੀ ਆਗਿਆ ਮੰਗੀ ਰਾਜਾ ਜੀ ਜੀ ਨੇ ਬਹੁਤ ਕੁਛ ਦੌਲਤ ਜਵਾਹਰਾਤ ਨਾਲ ਓਨਾਂ ਨੂੰ ਵਿਦਾ ਕੀਤਾ ਤੇਜ ਸਿੰਘ ਨੂੰ ਸਦਕੇ ਬਹੁਤ ਕੁਛ ਸਮਝਾ ਬਜਾਕੇ ਦੀਵਾਨ ਸਾਹਿਬ ਦੇ ਨਾਲ ਕੀਤਾ।

ਬੜ ਠਾਠ ਬਠ ਦੇ ਸਾਮਾਨਨਾਲ ਦੋਵੇਂ ਬਿਜੈਗੜ ਪਹੁੰਚੇ ਅਰ ਸੰਧਯਾਂ ਦੇ ਸਮੇਂ ਦਰਬਾਰ ਵਿਚ ਮਹਾਰਾਜ ਪਾਸ ਹਾਜਰ ਹੋਏ

CC-0. Kashmir Research Institute. Digitized by eGangotri

ਹਰਦਿਆਲ ਸਿੰਘ ਨੇ ਮਹਾਰਾਜ ਦੀ ਚਿਠੀ ਦਾ ਉਤਰ ਦਿਤਾ ਅਰ ਸਭ ਹਾਲ ਕਹਿਕੇ ਸੁਰੇਂਦਰ ਸਿੰਘ ਦੀ ਬੜੀ ਉਪਮਾਂ ਕੀਤੀ ਜਿਸ ਨਾਲ ਮਹਾਰਾਜ ਜੈ ਸਿੰਘ ਬਹੁਤ ਖੁਸ਼ ਹੋਏ। ਅਰ ਤੇਜ ਸਿੰਘ ਨੂ ਓਸੇ ਵੇਲੇ ਸਿਰੋਪਾਉਂ ਦੇਕੇ ਹਰਦਿਆਲ ਸਿੰਘ ਨੂ ਹੁਕਮ ਦਿਤਾ ਕਿ ਏਨਾਂ ਦ ਰਹਿਨ ਲਈ ਮਕਾਨ ਦਾ ਪ੍ਰਬੰਧ ਕਰ ਦੇਵੇ ਅਰ ਏਨਾਂ ਦੀ ਖਾਤੂਦਾਰੀ ਤੇ ਪ੍ਰਹੁਣਾਚਾਰੀ (ਮੇਹਰਬਾਨੀ) ਦਾ ਭਾਰ ਆਪਣੇ ਉਪਰ ਸਮਝੇ।

ਦਰਬਾਰ ਬਰਖਾਸਤ ਹੋਨ ਉਤੇ ਦੀਵਾਨ ਸਾਹਿਬ ਤੇਜਸਿੰਘ ਨੂ ਨਾਲ ਲੈਕੇ ਘਰ ਆਏ ਅਰ ਇਕ ਸੁੰਦਰ ਕਮ ਵਿਚ ਓਹਨਾ ਦਾ ਡੇਰਾ ਕਰਵਾਯਾ ਨੌਕਰ, ਚਾਕਰ, ਪਿਆਦੇ ਪਹਿਰੇ ਵਾਲਿਆਂ ਦਾ ਪੂਰਾ ਇੰਤਜਾਮ ਕਰ ਦਿਤਾ ਜੋ ਸਭ ਹਿੰਦੂ ਹੀ ਸਨ, ਦੂਸਰੇ ਦਿਨ ਤੇਜ ਸਿੰਘ ਮਹਾਰਾਜ ਦੇ ਦਰਬਾਰ ਵਿਚ ਹਾਜਰ ਹੋਏ ਦੀਵਾਨ ਹਰਦਿਆਲ ਸਿੰਘ ਦੇ ਨਾਲ ਖਬੇ ਪਾਸੇ ਓਹਨਾਂ ਲਈ ਕੁਰਸੀ ਮੁਕਰਰ ਹੋਈ॥

ਪੰਦਰਵਾਂ ਕਾਂਡ

ਅਸੀ ਪਹਿਲਾਂ ਲਿਖ ਚੁਕੇ ਹਾਂ ਕਿ ਮਹਾਰਾਜ ਸ਼ਿਵਦਤ ਦੇ ਪਾਸ ਜਿੰਨੇ ਏਯਾਰ ਸਨ ਸਭਨਾਂ ਨੂ ਤੇਜ ਸਿੰਘ ਜਾਣਦੇ ਸਨ, ਹੁਣ ਤੇਜ ਸਿੰਘ ਨੂ ਏਹ ਜਾਨਨ ਦੀ ਲੋੜ ਹੋਈ ਕਿ ਓਹਨਾਂ ਵਿਚੋਂ ਕੇਹੜੇ ੨ ਏਯਾਰ ਆਏ ਹਨ। ਏਸ ਲਈ ਦੂਸਰੇ ਦਿਨ ਤ੍ਰਿਕਾਲਾਂ ਨੂ ਤੇਜ ਸਿੰਘ ਨੇ ਆਪਣੀ ਸੂਰਤ ਭਗਵਾਨ ਦਤ ਜੇਹੀ ਬਣਾਈ ਜਿਸਨੂ ਤਹਿਖਾਨੇ ਵਿਚ ਕੈਦ ਕਰ ਆਏ ਸਨ, ਅਰ ਸ਼ਹਿਰ ਵਿਚੋਂ ਨਿਕਲਕੇ ਜੰਗਲ ਵਿਚ ਐਧਰ ਓਧਰ ਫਿਰਨ ਲਗ ਪਏ ਕੁਝ ਪਤਾ ਨਾ ਲਗਾ ਬ੍ਰਾਤ ਦਾ ਦਿਨ, ਹਨੇਰੀ ਰਾਤ ਬਦਲ

CC-0. Kashmir Research Institute. Digitized by eGangotri

ਛੁਟੀ ਹੋਈ ਸੀ ਤੇਜ ਸਿੰਘ ਨੇ ਇਕ ਟਿਲੇ ਉਤੇ ਖੜੇ ਹੋਕੇ ਸੀਟੀ ਵਜਾਈ ॥

ਥੋੜੇ ਚਿਰ ਵਿਚ ਹੀ ਤਿੰਨੇ ਏਯਾਰ ਤੇ ਪੰਡਤ ਜਗਨ ਨਾਥ ਜੀ ਓਸ ਥਾਂ ਤੇ ਆ ਪਹੁੰਚੇ, ਅਰ ਭਗਵਾਨ ਦਤ ਨੂੰ ਵੇਖਕੇ ਬੋਲੇ, ਕਿਉਂ ਜੀ ਤੁਸੀ ਜ ਨੌਗੜ ਗਏ ਸੀ ਓਥ ਕਿ ਕੀਤਾ ਖਾਲੀ ਕਿਉਂ ਚਲੇ ਆਏ ? ਤੇਜ ਸਿੰਘ ਨੇ ਸਭਨਾਂ ਨੂੰ ਪਛਾਨਣ ਦੇ ਪਿਛੋਂ ਉੱਤਰ ਦਿਤਾ ਕਿ ਓਥੇ ਤੇਜ ਸਿੰਘ ਦ ਚਲਾਕੀ ਕਰਕੇ ਕੋਈ ਪੇਸ਼ਨਹੀਂ ਗਈ ਤੁਹਾਡੇ ਵਿਚੋਂ ਇਕ ਆਦਮੀ ਮੇਰੇ ਨਾਲ ਚਲੇ ਤਾਂ ਕੰਮ ਬਨੇ ।

ਪੰਨਾ ਲਾਲ—ਹਛਾ ਕਲ ਅਸੀ ਤੁਹਾਡੇ ਨਾਲ ਚਲਾਂਗੇ ਚਲੋ ਅਬ ਏਥੀ ਹਥ ਮਹਲ ਵਿਚ ਕਰੀਏ ॥

ਤੇਜ ਸਿੰਘ ਹਛਾ ਚਲੋ ਪਰ ਮੈਨੂੰ ਐਸਵੇਲੇ ਭੁਖ ਬਹੁਤ ਜੋਰ ਦੀ ਲਗੀ ਹੈ, ਤੁਹਾਡੇ ਪਾਸ ਕੁਛ ਹੈ ਤਾਂ ਲਿਆਓ ॥

ਜਗਨ ਨਾਥ—ਪਾਸ ਤਾਂ ਜੋ ਹੈ ਸਾਰੇਵਿਚਬੇਹੋਸ਼ੀਮਿਲੀਹੋਈ ਹੈ, ਤਾਂ ਬਜਾਰੋਂ ਜਾਕੇ ਕੁਛ ਲਿਆਓ ਤਾਂ ਸਾਰੇ ਖਾ ਲਵੀਜੇ ॥

ਭਗਵਾਨ—ਤੇਜ ਸਿੰਘ ਹਛਾ ਇਕ ਆਦਮੀ ਨਾਲ ਚਲੋ ।

ਪੰਨਾ ਲਾਲ ਨਾਲ ਤੁਰੇ ਅਰ ਦੋਵੇਂ ਸ਼ੈਹਰ ਨੂੰ ਆਏ ਪੰਨਾ ਲਾਲ ਨੇ ਕਿਹਾ ਸਾਨੂ ਸੂਰਤ ਬਦਲ ਲੈਣੀ ਚਾਹੀ ਦੀ ਹੈ ਕਿਉਂ ਕਿ ਤੇਜ ਸਿੰਘ ਕਲ ਦਾ ਏਸੇ ਸ਼ਹਿਰ ਵਿਚ ਆਇਆ ਹੋਇਆ ਹੈ, ਅਰ ਓਹ ਸਾਨੂੰ ਸਭਨਾਂ ਨੂੰ ਜਾਣਦਾ ਹੈ ਸ਼ਾਇਦ ਕਿਤੇ ਭੌਂਦਾ ਫਿਰਦਾ ਮਿਲ ਪਵੇ ॥

ਭਗਵਾਨ ਦੱਤ ਨੇ ਏਹ ਸੋਚਕੇ ਕਿ ਸੂਰਤ ਬਦਲਾਂਗੇ ਤਾਂ ਜੋਗਾਣ ਲਾਉਣ ਵੇਲੇ ਏਹ ਜਹੂਰ ਪਛਾਣ ਲਵਗਾ ਉੱਤਰ ਦਿਤਾ ਕਿ ਕੋਈ ਲੋੜ ਨਹੀਂ ਕੌਣ ਰਾਤ ਵੇਲੇ ਮਿਲਦਾ ਹੈ ਭਗਵਾਨ

CC-0. Kashmir Research Institute. Digitized by eGangotri

ਦਤ ਦੀ ਨਾਂਹ ਕਰਨ ਉਤੇ ਪੰਨਾ ਲਾਲ ਨੂੰ ਸ਼ੱਕ ਹੋਗਿਆ, ਰਾਤ ਹਨੇਰੀ ਸੀ ਪਛਾਣ ਨਾ ਸਕਿਆ ਛੇਕੜ ਜੋਰ ਦੀ ਸੀਟੀ ਵਜਾਈ।

ਸ਼ਹਿਰ ਦੇ ਪਾਸ ਆਚੁਕੇਸਨ ਤੇ ਏਯਾਰ ਲੋਕ ਦੂਰਸਨ ਸੀਟੀ ਦੀ ਅਵਾਜ ਨਾ ਸੁਣ ਸਕੇ, ਤੇਜ ਸਿੰਘ ਨੇ ਸਮਝਿਆ ਕ ਹੁਣ ਏਸ ਨੂੰ ਹੁਣ ਸ਼ੱਕ ਹੋਗਿਆ ਹੈ ਹੁਣ ਢਿਲ ਕਰਨ ਦੀ ਲੋੜ ਨਹੀਂ ਝਟ ਓਸਦੇ ਗਲ ਨੂੰ ਵਿਚ ਹੱਥ ਪਾ ਦਿਤਾ। ਪੰਨਲਾਲਨੇਵੀ ਖੰਜਰ ਕਢਲਿਆ ਦੋਹਾਂ ਵਿਚ ਖੂਬ ਲੜਾਈ ਹੋ ਪਈ, ਛੇਕੜ ਤੇਜ ਸਿੰਘ ਨੇ ਪੰਨਾ ਲਾਲ ਨੂੰ ਚੁਕਕੇ ਔਹ ਮਾਰਿਆ ਅਰ ਮੁਸ਼ਕਾਂ ਕਸਕੇ ਬੇਹੋਸ਼ ਕਰਕੇ ਗੰਢ ਬੰਨ ਲਈ ਅਰ ਪਿੰਠ ਉਤੇ ਲਦਕੇ ਸ਼ੈਹਰ ਨੂੰ ਤੁਰ ਪਏ॥

ਆਪਣੀ ਅਸਲੀ ਸੂਰਤ ਬਨਾਕੇ ਤੇਰੇ ਉਤੇ ਪਹੁੰਚੇ ਅਰ ਇਕ ਕੋਠੜੀ ਵਿਚ ਪੰਨਾਲਾਲ ਨੂੰ ਬੰਦਾਕਰ ਦਿਤ', ਅਰ ਪਹਰੇ ਵਾਲਿਆਂ ਨੂੰ ਖੂਬ ਤਾਕੀਦ ਕਰਕੇ ਅਰ ਆਪ ਭੀ ਕੋਠੜੀ ਦੇ ਬੂਹੇ ਅਗੇ ਮੰਜਾ ਵਿਛਾਕੇ ਸੌਂ ਰਹੇ ਸਵੇਰੇ ਪੰਨਾ ਲਾਲ ਨੂੰ ਨਾਲ ਲੈਕੇ ਦਰਬਾਰ ਵਲ ਗਏ॥

ਇਧਰ ਰਾਮ ਨਰੇਣ, ਇੰਦ੍ਰਨਾਥ ਤੇ ਜੋਤਸ਼ੀ ਜੀ ਉਡੀਕਦੇ ਸਨ ਕਿ ਹੁਣ ਦੋਵੇਂ ਆਦਮੀ ਕੁਝ ਖਾਣ ਨੂੰ ਲਿਆਉਂਦੇ ਹਨ। ਪਰ ਓਹ ਤਾਂ ਮਾਮਲਾ ਤਾਂ ਹੀ ਹੋਰ ਸੀ ਓਨਾਂ ਲੋਕਾਂ ਨੂੰ ਏਹ ਸ਼ਕ ਹੋਗਿਆ ਕਿ ਕਿਤੇ ਦੋਵੇਂ ਫੜੇ ਗਏ ਹਨ ਪਰ ਏਹ ਖਿਆਲ ਹੀ ਨਾ ਆਯਾ ਕਿ ਭਗਵਾਨ ਦਤ ਅਸਲ ਵਿਚ ਦੂਸਰੇ ਹੀ ਕ੍ਰਿਪਾ ਨਿਧਾਨ ਸਨ॥

ਓਸ ਰਾਤ ਤਾਂ ਕੁਝ ਨਾ ਕਰ ਸਕੇ ਸਵੇਰੇ ਸੂਰਤ ਬਦਲ ਬਦਲਕੇ ਖੋਜ ਨੂੰ ਨਿਕਲੇ ਪਹਿਲੇ ਮਹਾਰਾਜ ਦੇ ਦਰਬਾਰ ਵਲ

CC-0. Kashmir Research Institute. Digitized by eGangotri

ਗਏ, ਦੇਖਿਆ ਕਿ ਤੇਜ ਸਿੰਘ ਜੀ ਦਰਬਾਰ ਵਲ ਜਾ ਰਹੇ ਹਨ, ਓਨਾਂ ਦੇ ਪਿਛੇ ੨ ਵਸਪੰਦਰਾ ਸਿਪਾਹੀ ਕੈਦੀਆਂ ਵਾਂਗ ਬੰਨੀ ਪੰਨੀ ਲਾਲ ਨੂੰ ਲਈ ਜਾਂਦੇ ਹਨ ਓਨਾਂ ਏਜਾਰਾਂ ਨੇ ਭੀ ਨਾਲ ਹੀ ਨਾਲ ਦਰਬਾਰ ਦਾ ਰਸਤਾ ਫੜਿਆ ॥

ਤੇਜ ਸਿੰਘ ਪੰਨਾ ਲਾਲ ਨੂੰ ਲਈ ਦਰਬਾਰ ਵਿਚ ਪੁੱਜੇ ਦੇਖਿਆ ਕਿ ਖੂਬ ਕਚੈਹਰੀ ਲਗੀ ਹੋਈ ਹੈ ਮਹਾਰਾਜ ਬੈਠੇ ਹਨ ਇਹ ਭੀ ਸਲਾਮ ਕਰਕੇ ਆਪਣੀ ਕੁਰਸੀ ਉਤੇ ਜਾ ਬੈਠੇ, ਕੈਦੀ ਨੂੰ ਸਾਹਮਣੇ ਖੜਾ ਕਰ ਦਿਤਾ।

ਮਹਾਰਾਜ ਨੇ ਪੁਛਿਆ ਕਿਉਂ ਤੇਜ ਸਿੰਘ ਕਿਸਨੂੰ ਲਿਆਏ ਹੋ? ਤੇਜ ਸਿੰਘ ਨੇ ਜਵਾਬ ਦਿਤਾ ਮਹਾਰਾਜ ਓਨਾਂ ਪੰਜਾਂ ਏਜਾਰਾਂ ਵਿਚੋਂ ਜੋ ਚੁਨਾਰੋਂ ਆਏ ਹਨ ਇਕ ਫੜਿਆ ਗਿਆ ਹੈ ਓਸਨੂੰ ਸਰਕਾਰ ਵਿਚ ਲਿਆਯਾ ਹਾਂ ਜੋ ਮੁਨਾਸਬ ਹੁਕਮ ਹੋਵੇ ਦਿਤਾ ਜਾਵੇ ॥

ਮਹਾਰਾਜ ਚੰਗੀ ਤਰਾਂ ਖੁਸ਼ੀ ਭਰੀ ਨਿਗਾਹ ਨਾਲ ਓਹਦੇ ਵਲ ਤਕੇ ਅਰ ਪੁਛਿਆ ਦਸ ਤੇਰਾ ਕੀ ਨਾਂ ਹੈ? ਓਸ ਨੇ ਕਿਹਾ ਮੱਕਾਰ ਖਾਂ ਉਰਫ ਏਜਾਰ ਖਾਂ। ਮਹਾਰਾਜ ਓਸਦੇ ਢੰਠ ਪੁਣੇ ਦੀ ਗਲ ਉਤੇ ਹਸ ਪਏ। ਅਰ ਹੁਕਮ ਦਿਤਾ ਬਸ ਏਸਤੋਂ ਬਹੁਤ ਪੁਛਣ ਦੀ ਲੋੜ ਨਹੀਂ ਸਿਧੇ ਕੈਦਖਾਨੇ ਵਿਚ ਲੇ ਜਾਕੇ ਸਖਤ ਪੈਹਰਾ ਬੈਠਾ ਦੇਵੋ। ਹੁਕਮ ਦੀ ਦੇਰ ਸੀ ਝਟ ਪਿਆਦਿਆਂ ਨੇ ਓਸ ਏਜਾਰ ਦੇ ਹਥਾਂ ਵਿਚ ਹਥਕੜੀ ਤੇ ਪੈਰਾਂ ਵਿਚ ਬੇੜੀ ਪਾ ਦਿਤੀ ਤੇ ਕੈਦਖਾਨੇ ਨੂੰ ਲੈ ਤੁਰੇ, ਮਹਾਰਾਜ ਨੇ ਖੁਸ਼ ਹੋਕੇ ਸੌ ਅਸ਼ਰਫੀ ਤੇਜ ਸਿੰਘ ਨੂੰ ਇਨਾਮ ਦਿਤੀ ਤੇਜ ਸਿੰਘ ਨੇ ਖੜ ਹੋਕੇ ਮਹਾਰਾਜ ਨੂ ਸਲਾਮ ਕੀਤੀ ਅਰ ਅਸ਼ਰਫੀਆਂ ਬਟੂਏ ਵਿਚ ਪਾ ਲਈਆ ॥

CC-0. Kashmir Research Institute. Digitized by eGangotri

ਰਾਮਨਰੈਣ ਬਦ੍ਰੀਨਾਥ ਤੇ ਜੋਤਸ਼ੀ ਜੀ ਭੇਸ ਬਦਲੇ ਹੋਏ ਦਰਬਾਰ ਵਿਚ ਖਲੋਤੇ ਇਹ ਸਭ ਤਮਾਸ਼ਾ ਦੇਖ ਰਹੇ ਸਨ, ਜਦ ਪੰਨਾ ਲਾਲ ਨੂੰ ਕੈਦ ਖਾਨੇ ਦਾ ਹੁਕਮ ਹੋਇਆ ਤਾਂ ਇਹ ਲੋਕ ਵੀ ਬਾਹਰ ਨਿਕਲ ਆਏ, ਅਰ ਆਪਸ ਵਿਚ ਸਲਾਹ ਕਰਕੇ ਇਕ ਭਾਰੀ ਚਾਲਾਕੀ ਕੀਤੀ ਅਤੇ ਇਕ ਲਾਭੇ ਹੋਕੇ ਬਦ੍ਰੀਨਾਥ ਨੇ ਤਾਂ ਤੇਜ ਸਿੰਘ ਦੀ ਸਰਤ ਬਨਾਈ ਅਰ ਰਾਮ ਨਰੈਣ ਤੇ ਜੋਤਸ਼ੀ ਜੀ ਪਿਆਦੇ ਬਨਕੇ ਛੇਤੀ ਨਾਲ ਓਨਾਂ ਸਿਪਾਹੀਆਂ ਵਲ ਗਏ ਜੋ ਪੰਨਾ ਲਾਲ ਨੂੰ ਕੈਦ ਖਾਨੇ ਨੂ ਲੈਜਾ ਰਹੇ ਸਨ ਓਥੇ ਪਹੁਚਕੇ ਬੋਲੇ ਠਹਿਰੋ ੨ ਏਸ ਸ਼ੈਤਾਨ ਏਜ ਰ ਲਈ ਮਹਾਰਾਜ ਨੇ ਦੂਸਰਾ ਹੁਕਮ ਦਿਤਾ ਹੈ ਕਿਉਂਕਿ ਮੈਂ ਬੇਨਤੀ ਕੀਤੀ ਸੀ ਕਿ ਕੈਦਖਾਨੇ ਵਿਚੋਂ ਏਸਦੇ ਸਾਥੀ ਸੰਗੀ ਆਦਮੀ ਕਿਸੇ ਨਾ ਕਿਸੇ ਤਰਾਂ ਛੁਡਾਕੇ ਲੈ ਜਾਣਗੇ ਜੇ ਮੈਂ ਆਪਣੀ ਨਿਗਰਾਨੀ ਵਿਚ ਰਖਾਂਗਾ ਤਾਂ ਚੰਗਾ ਹੋਵੇਗਾ ਕਿਉਂਕਿ ਅਸਾਂ ਹੀ ਏਸਨੂ ਫੜਿਆ ਹੈ ਅਰ ਸਾਡੀ ਨਿਗਰਾਨੀ ਵਿਚ ਰਹਿ ਸਕੇਗਾ ਸੋ ਤੁਸੀਂ ਇਸਨੂ ਮੇਰੇ ਹਵਾਲੇ ਕਰੋ।

ਪਿਆਦੇ ਤਾਂ ਜਾਣਦੇ ਸਨ ਹੀ ਕਿ ਇਸਨੂ ਤੇਜ ਸਿੰਘ ਨੇ ਹੀ ਫੜਿਆ ਹੈ ਕੁਝ ਨਾਂਹ ਨਾ ਕਰ ਸਕੇ ਅਰ ਓਹਨੂ ਏਨਾਂ ਦੇ ਹਵਾਲੇ ਕਰ ਦਿਤਾ। ਨਕਲੀ ਤੇਜ ਸਿੰਘ ਨੇ ਪੰਨ ਲਾਲ ਨੂ ਲੈਕੇ ਜੰਗਲ ਦਾ ਰਸਤਾਂ ਲਿਆ। ਓਸਦੇ ਚਲੇ ਜਾਣ ਉਤੇ ਓਸਦਾ ਹਾਲ ਕਹਿਣ ਵਾਸਤੇ ਪਿਆਦੇ ਫੇਰ ਦਰਬਾਰ ਨੂ ਮੁੜ ਆਏ; ਦਰਬਾਰ ਓਸਤਰਾਂ ਲਗਾ ਹੋਯਾ ਸੀ ਤੇਜ ਸਿੰਘ ਭੀ ਆਪਣੀ ਜਗਾ ਬੈਠੇ ਹੋਏ ਸਨ, ਏਨਾਂ ਨੂ ਦੇਖ ਪਿਆਦਿਆਂ ਦੀ ਹੋਸ ਉਡ ਗਈ ਅਰ ਬੇਨਤੀ ਕਰਦੇ ਕਰਦੇ ਰੁਕ ਗਏ। ਤੇਜ ਸਿੰਘ ਨੇ ਓਨਾਂ ਵਲ ਦੇਖਕੇ ਪੁਛਿਆ ਕਿਉ ਕੀ ਹੈ ? ਓਸ

CC-0. Kashmir Research Institute. Digitized by eGangotri

ਏਜਾਰ ਨੂੰ ਕੈਦ ਕਰ ਆਏ ਹੋ ? ਪਿਆਦਿਆਂ ਨੇ ਡਰਦੇ ਡਰ ਕਿਹਾ "ਜੀ ਓਸ ਨੂੰ ਤਾਂ ਤੁਸਾਂ ਹੀ ਸਾਥੋ ਲੈ ਲਿਆਏ" ਤੇਜ ਸਿੰਘ ਓਨਾਂ ਦੀ ਗਲ ਸੁਣਕੇ ਹੈਰਾਨ ਹੋ ਗਏ ਅਰ ਬੋਲੇ ਅਸਾਂ ਕਦ ਲਿਆ ਅਸੀ ਤਾਂ ਓਦੋਂ ਦੇ ਏਥੇ ਹੀ ਬੈਠੇ ਹਾਂ ॥

ਪਿਆਦਿਆਂ ਦੀ ਜਾਨ ਡਰ ਤੇ ਹੈਰਾਨੀ ਨਾਲ ਸੁਕ ਗਈ ਕੁਝ ਜਵਾਬ ਨਾਂ ਦੇ ਸਕੇ ਪਥਰ ਦੀ ਮੂਰਤ ਵਾਂਗ ਜਿਉਂ ਦੇ ਤਿਉਂ ਖੜ ਰਹੇ, ਮਹਾਰਾਜ ਨੇ ਤੇਜ ਸਿੰਘ ਵਲ ਤਕਕੇ ਪੁਛਿਆ ਕਿਉਂ ਕੀ ਹੋਇਆ ? ਤੇਜਾਸਿੰਘ ਨੇ ਕਿਹਾ ਮਹਾਰਾਜ ਏਜਾਰ ਚਾਲਾਕੀ ਖੇਡ ਗਏ ਹਨ ਮੇਰੀ ਸੂਰਤ ਬਨ ਓਸ ਕੈਦੀ ਨੂੰ ਏਨਾਂ ਲੋਕਾਂ ਦੇ ਹਥੋਂ ਛੁਡਾ ਕੇ ਲੈ ਗਏ ਹਨ। ਏਹ ਸੁਣਕੇ ਮਹਾਰਾਜ ਨੂੰ ਬੜਾ ਰੰਜ ਹੋਯਾ ਅਰ ਓਨਾਂ ਪਿਆਦਿਆਂ ਤੇ ਬਹੁਤ ਰੁਸੇ ਹੋਏ। ਤੇਜ ਸਿੰਘ ਨੇ ਬੇਨਤੀ ਕੀਤੀ, ਮਹਾਰਾਜ ਏਨਾਂ ਲੋਕਾਂ ਦਾ ਕੁਝ ਕਸੂਰ ਨਹੀਂ ਹੈ ਏਜਾਰ ਹੈਨ ਹੀ ਏਹੋ ਜੇਹੇ ਹਨ ਬੜਿਆਂ ਬੜਿਆਂ ਨੂੰ ਧੋਖਾ ਦੇ ਜਾਂਦੇ ਹਨ ਏਨਾਂ ਪਿਆਦਿਆਂ ਦੀ ਕੀ ਗਲ ਹੈ ॥

ਤੇਜ ਸਿੰਘ ਦੇ ਕੈਹਨ ਉਤੇ ਮਹਾਰਾਜ ਨੇ ਓਨਾਂ ਪਿਆਦਿਆਂ ਦਾ ਕਸੂਰ ਬਖਸ਼ ਦਿਤਾ ਪਰ ਓਸ ਏਜਾਰ ਦੇ ਛੁਟ ਜਾਨ ਦਾ ਅਫਸੋਸ ਬੜਾ ਚਿਰ ਰਿਹਾ ॥

ਬਦਰੀਨਾਥ ਆਦਿਕ ਪੰਨਾ ਲਾਲ ਨੂੰ ਲਈ ਜੰਗਲ ਵਿਚ ਪਹੁੰਚੇ ਇਕ ਦਰਖਤ ਦੇ ਹੇਠਾਂ ਬੈਠਕੇ ਬੜਾ ਕਟ ਅਰ ਸਾਰਾ ਹਾਲ ਪੁਛਿਆ ਓਨਾਂ ਸਾਰਾ ਹਾਲ ਦਸਿਆ ਤੁਣ ਏਨਾਂ ਲੋਕਾਂ ਨੂੰ ਪਤਾ ਲਗ ਗਿਆ ਕਿ ਭਗਵਾਨ ਦਤ ਨੂੰ ਭੀ ਤੇਜ ਸਿੰਘ ਨੇ ਛੋਡਿਆ ਹੋਇਆ ਹੈ, ਅਰ ਕਿਸੇ ਗੁਪਤ ਥਾਂ ਤੇ ਲੁਕਾ ਰਖਿਆ ਹੈ ਏਹ ਸੋਚਕੇ ਪੰਡਤ ਜਗਨ ਨਾਥ ਜੋਤਸ਼ੀ ਨੂੰ ਕਿ

CC-0. Kashmir Research Institute. Digitized by eGangotri

ਕਿ ਤੁਸੀਂ ਰਮਲ ਨਾਲ ਪਤਾ ਲਾਓ ਕਿ ਭਗਵਾਨ ਦਤ ਕਿਥੇ ਹੈ ? ਜੋਤਸ਼ੀ ਜੀਨੇ ਰਮਲ ਸੁੱਟਿਆ ਅਰ ਕੁਝ ਗਿਣ ਗਿਣਾ ਕੇ ਕਿਹਾ ਕਿ ਬੇਸ਼ਕ ਭਗਵਾਨ ਦਤ ਨੂੰ ਭੀ ਤੇਜ ਸਿੰਘ ਨੇ ਫੜਿਆ ਹੋਇਆ ਹੈ ਅਰ ਏਥੋਂ ਦੋ ਕੋਹ ਉਤਰ ਵਲ ਇਕ ਕੰਦ ਵਿਚ ਕੈਦ ਕੀਤਾ ਹੋਇਆ ਹੈ, ਏਹ ਸੁਣਕੇ ਸਭਨਾਂ ਨੇ ਉਸ ਖੋਹ ਦਾ ਰਸਤਾ ਫੜਿਆ, ਜੋਤਸ਼ੀ ਜੀ ਘੜੀ ਮੁੜੀ ਰਮਲ ਸੁਟਦੇ ਤੇ ਸੋਚਦੇ ਜਾਂਦੇ ਓਸ ਖੋਹ ਤਕ ਪਹੁੰਚੇ ਅਰ ਅੰਦਰ ਗਏ ਜਦ ਚਾਨਣ ਨਜ਼ਰ ਆਯਾ ਤਾਂ ਵੇਖਿਆ ਕਿ ਸਾਹਮਣੇ ਫਾਟਕ ਹੈ ਪਰ ਇਹ ਪਤਾ ਨਹੀਂ ਕਿ ਇਹ ਖੁਲੇਗਾ ਕਿਸਤਰਾਂ ਜੋਤਸ਼ੀ ਜੀਨੇ ਫੇਰ ਰਮਲ ਸੁਟਿਆ ਅਰ ਕੁਝ ਰੋਚਕੇ ਕਿਹਾ ਕਿ ਇਹ ਦਰਵਾਜਾ ਇਕ ਤਲਿਸਮ ਨਾਲ ਮਿਲਿਆ ਹੋਇਆ ਹੈ ਅਰ ਤਲਿਸਮ ਵਿਚ ਰਮਲ ਕੁਝ ਕੰਮ ਨਹੀਂ ਕਰ ਸਕਦਾ। ਇਸਦੇ ਖੋਲਣ ਦੀ ਕੋਈ ਦੂਸਰੀ ਕਾਢ ਕਢੀ ਜਾਵੇ ਤਾਂ ਕੰਮ ਚਲੇ। ਲਾਚਾਰ ਓਹ ਸਭ ਓਸ ਖੋਹ ਵਿਚੋਂ ਬਾਹਰ ਨਿਕਲ ਆਏ ਅਰ ਏਯਾਰੀ ਦ ਫਿਕਰ ਵਿਚ ਲਗੇ॥

ਸੋਲਵਾ ਕਾਂਡ

ਇਕ ਦਿਨ ਤੇਜ ਸਿੰਘ ਭੇਦ ਲੈਣ ਲਈ ਇਕ ਗੜ ਤੋਂ ਬਾਹਰ ਨਿਕਲੇ ਪਹਰ ਕੁ ਦਿਨ ਬਾਕੀ ਸੀ ਜਦ ਕੋਂਦੇ ਫਿਰਦੇ ਬਾਹਰ ਦੂਰ ਨਿਕਲ ਗਏ ਦੇਖਿਆ ਕਿ ਇਕ ਦਰਖਤ ਦੇ ਹੇਠਾਂ ਕੁਮਾਰ ਬੀਰੇਂਦਰ ਸਿੰਘ ਬੈਠੇ ਹਨ ਓਨਾਂ ਦੀ ਸਵਾਰੀ ਦਾ ਘੋੜਾ ਦੂਸਰੇ ਦਰਖਤ ਨਾਲ ਬਧਾ ਹੋਇਆ ਹੈ। ਸਾਹਮਣੇ ਇਕ ਬਾਰਾਂ ਸਿੰਗਾ ਮੋਇਆ ਪਿਆ ਹੈ ਇਕ ਪਾਸੇ ਅਗ ਬਲ ਰਹੀ ਹੈ। ਪਾਸ ਜਾਕ ਵੇਖਿਆ ਕਿ ਕੁਮਾਰ ਦੇ ਸਾਹਮਣੇ ਪਤਿਆਂ ਓਤੇ

CC-0. Kashmir Research Institute. Digitized by eGangotri

ਕੁਝ ਟੁਕੜੇ ਮਾਸਦੇ ਭੀ ਪਏ ਹੋਏ ਹਨ॥

ਤੇਜ ਸਿੰਘ ਨੂੰ ਦੇਖਕੇ ਕੁਮਾਰ ਨੇ ਕਿਹਾ ਆਓ ਜੀ ਤੇਜ ਸਿੰਘ ਤੁਸੀ ਤਾਂ ਬਿਜੈਗੜ ਅਜੇਹੇ ਗਏ ਕਿ ਮੁੜਕੇ ਖਬਰ ਵੀ ਨਾ ਲਈ ਤੁਸੀ ਤਾਂ ਸਾਨੂੰ ਬਿਲਕੁਲ ਹੀ ਭੁਲਾ ਦਿਤਾ॥

ਤੇਜ ਸਿੰਘ—ਹਸਕੇ ਬਿਜੈਗੜ ਵਿਚ ਮੈਂ ਤੁਹਾਡਾ ਕੰਮ ਕਰਦਾ ਹਾਂ ਕਿ ਆਪਣੇ ਪਿਓ ਦਾ ?

ਬੰਰੇਂਦਰ ਸਿੰਘ—ਆਪਣੇ ਪਿਓ ਦਾ॥

ਏਹ ਕਹਕੇ ਹਸ ਪਏ, ਤੇਜ ਸਿੰਘ ਨੇ ਏਸ ਗਲ ਦਾ ਕੁਝ ਉਤਰ ਨਾ ਦਿਤਾ ਅਰ ਹਸਦੇ ਹੋਏ ਕੁਮਾਰ ਦੇ ਪਾਸ ਜਾ ਬੈਠੇ॥ ਕੁਮਾਰ ਨੇ ਪੁੱਛਿਆ ਸੁਨਾਓ ਚੰਦਰਕਾਂਤਾ ਨਾਲ ਮੁਲਾਕਾਤ ਹੋਈ ਸੀ ਕਿ ਨਹੀਂ ? ਕੀ ਹਾਲ ਹੈ ? ਕਦੀ ਮੈਨੂੰ ਯਾਦ ਵੀ ਕਰਦੀ ਹੈ ਕਿ ਨਹੀਂ ? ਤੇਜ ਸਿੰਘ ਨੇ ਉਤਰ ਦਿਤਾ ਏਧਰ ਜਦ ਤੋਂ ਮੈਂ ਗਿਆ ਹਾਂ ਚੰਦਰਕਾਂਤਾ ਦਾ ਮੇਲ ਨਹੀਂ ਹੋਇਆ, ਮੈਂ ਆਪਣੇ ਕੰਮ ਦੇ ਖਿਆਲ ਵਿਚ ਰਝਾ ਰਹਿੰਦਾ ਹਾਂ ਇਕ ਏਯਾਰ ਨੂੰ ਫੜਿਆ ਸੀ ਮਹਾਰਾਜ ਨੇ ਓਸਨੂੰ ਕੈਦ ਕਰਨ ਦਾ ਹੁਕਮ ਦਿਤਾ ਅਰ ਕੈਦਖਾਨੇ ਤਕ ਪਹੁੰਚਾਇਆ ਹੀ ਨਹੀਂ ਸੀ ਕਿ ਰਸਤੇ ਵਿਚ ਹੀ ਮੇਰੀ ਸੂਰਤ ਬਨ ਓਸਦੇ ਸਾਥੀ ਏਯਾਰ ਛੁਡਾਕੇ ਲੈ ਗਏ ਅਰ ਅਜ ਤਕ ਕੋਈ ਫੜਿਆ ਨਹੀਂ ਗਿਆ॥

ਕੁਮਾਰ--ਓਹ ਲੋਕ ਭੀ ਬੜੇ ਸ਼ੈਤਾਨ ਹਨ॥

ਤੇਜ ਸਿੰਘ—ਹੋਰਤਾਂਜੇ ਹੈਨ ਸੋ ਹਨ ਬਦਰੀਨਾਥ ਭੰ ਚੁਨਾਰੋ ਏਨਾਂ ਦੇ ਨਾਲ ਆਇਆ ਹੈ ਓਹ ਬੜਾ ਭਾਰਾ ਚਲਾਕ ਹੈ ਮੈਨੂੰ ਕੁਝ ਡਰ ਹੈ ਤਾਂ ਕੇਵਲ ਓਸੇ ਦਾ, ਦੇਖਿਆ ਜਾਵੇਗਾ ਕੀ ਕਰ ਹੈ ਏਹ ਤਾਂ ਦਸ ਕਿ ਏਥੇ ਬੈਠੇ ਕੀ ਕਰਦੇ ਹੋ ਕੋਈ ਆਦਮੀ ਭੀ ਨਾਲ ਹੈ ਕਿ ਨਹੀਂ ?

CC-0. Kashmir Research Institute. Digitized by eGangotri

ਕੁਮਾਰ—ਅਜ ਮੈਂ ਕਈਆਂ ਆਦਮੀਆਂ ਨੂੰ ਨਾਲ ਲੈਕੇ ਸਵੇਰੇ ਹੀ ਸ਼ਿਕਾਰ ਨੂੰ ਨਿਕਲਿਆ ਸਾਂ ਦੋ ਪਹਰ ਤਕ ਭੌਂਦਾ ਰਿਹਾ ਪਰ ਕੁਝ ਹਥ ਨਾ ਲਗਾ। ਛਕੜ ਏਹ ਬਾਰਾਂ ਸਿੰਗਾਂ ਮਰੇ ਅਗੋਂ ਦੀ ਲੰਘਿਆ ਏਹਦੇ ਪਿਛੇ ਘੋੜਾ ਸੁਟਿਆ ਏਸਨੇ ਮੈਨੂੰ ਬੜਾ ਹੈਰਾਨ ਕੀਤਾ, ਨਾਲ ਦੇ ਕੁਲ ਆਦਮੀ ਪਿਛੇ ਰਹ ਗਏ ਹੁਣ ਤੀਰ ਖਾਕੇ ਤਿਗਾ ਹੈ ਮੈਨੂੰ ਭੁਖ ਬੜੇ ਜੋਰ ਬੀ ਲਗੀ ਹੋਈ ਸੀ ਏਹੋ ਦਿਲ ਵਿਚ ਆਇਆ ਕਿ ਕੁਝ ਮਸ ਭੁੰਨਕੇ ਖਾਈਏ ਏਸੇ ਫਿਕਰ ਵਿਚ ਸਾਂ ਕਿ ਤੁਸੀ ਨਜਰ ਪਏ, ਲੌ ਹੁਣ ਤੁਸੀ ਹੀ ਏਸਨੂੰ ਭੁਨੋ ਮੇਰੇ ਪਾਸ ਕੁਝ ਮਸਾਲਾ ਸੀ ਸੋ ਮੈਂ ਲਾ ਦਿਤਾ ਹੈ ਹੁਣ ਤਿਆਰ ਕਰ ਤੁਸੀ ਭੀ ਖਾਓ ਤੇ ਮੈਂ ਭੀ ਖਾਂਦਾ ਹਾਂ ਛੇਤੀ ਕਰੋ ਕਿਉਂਕਿ ਅਜ ਸਵੇਰ ਦਾ ਕੁਝ ਨਹੀਂ ਖਾਧਾ ॥

ਤੇਜ ਸਿੰਘ ਨੇ ਬਹੁਤ ਛੇਰੀ ਮਾਸ ਤਿਆਰ ਕੀਤਾ ਅਤਇਕ ਸੋਤੇ ਦੇ ਕੰਢੇ ਜਿਥੇਂ ਸਾਫ ਪਾਣੀ ਵਗ ਰਿਹਾ ਸੀ ਦੋਵੇਂ ਜਣੇ ਬੈਠਕੇ ਖਾਣ ਲਗੇ, ਬੀਰੇਂਦਰ ਸਿੰਘ ਮਸਾਲਾ ਪੁੱਛ ਕੇ ਖਾਂਦੇਹਨ ਤੇਜ ਸਿੰਘ ਨੇ ਪੁਛਿਆ ਮਸਾਲਾ ਕਿਉਂ ਪੁੱਛਦੇ ਹੋ? ਕੁਮਾਰ ਨੇ ਉੱਤਰ ਦਿਤਾ ਫਿਕਾ ਸੁਆਦ ਲਗਦਾ ਹੈ। ਦੋ ਤਿੰਨ ਟੁਕੜੇ ਮਾਸਦੇ ਖਾਕੇ ਕੁਮਾਰ ਨੇ ਬੁਕ ਭਰ ਕ ਸੋਤੇ ਵਿਚੋਂ ਪਾਣੀ ਪੀਤਾ ਅਰ ਕਿਹਾ ਬਸ ਜੀ ਸਾਰਾ ਦਿਨ ਭੁਖੇ ਰਹਨ ਕਰਕੇ ਭੁਖ ਮਰ ਗਈ ਹੈ ਕੁਝ ਖਾਧਾ ਨਹੀਂ ਜਾਂਦਾ ਤੇਜ ਸਿੰਘ ਨ ਕਿਹਾ ਤੁਸੀ ਭਾਵੇਂ ਖਾਓ ਨਾ ਖਾਓ ਪਰ ਮੈਂ ਤਾਂ ਨਹੀਂ ਛਡਦਾ ਬੜਾ ਸੁਆਦੀ ਬਣਿਆ ਹੈ। ਜਿਨਾਂ ਕੁ ਹੋ ਸਕਿਆ ਤੇਜ ਸਿੰਘ ਨੇ ਖੂਬ ਰਜਕੇ ਖਾਧਾ ਹਥ ਮੂਹ ਧਕੇ ਬੋਲੇ ਚਲੋ ਹੁਣ ਤੁਹਨੂ ਨੋਗਜ ਛਡਕੇ ਫੇਰ ਮੁੜੀਗ। ਬੀਰੇਂਦਰ ਸਿੰਘ ਚਲੋ ਕੈਦਕੇ ਘੋੜੇ ਉਤੇ ਸਵਾਰ ਹੋਏ ਅਰ ਤੇਜ ਸਿੰਘ ਪੈਦਲ ਨਾਲ ਤੁਰ ਪਿਆ ॥

CC-0. Kashmir Research Institute. Digitized by eGangotri

ਥੋੜੀ ਦੂਰਜਾਕੇ ਤੇਜਸਿੰਘ ਨੇ ਕਿਹਾ ਪਤਾ ਨਹੀਂ ਜੋ ਮੇਰਾ ਸਿਰ ਕਿਉਂ ਭੌਦਾ ਹੈ, ਕੁਮਾਰ ਨੇ ਕਿਹਾ ਤੁਸੀ ਮਾਸ ਬਹੁਤਾ ਖਾਗਏ ਹੋ ਓਸਨੇ ਗਰਮੀ ਕੀਤੀ ਹੈ ਥੋੜੀ ਦੂਰ ਹੋਰ ਗਏ ਸਨ ਕਿ ਤੇਜ ਸਿੰਘ ਭੁੜਾਂਤਨੀ ਖਾਕੇ ਜਮੀਨ ਉਤੁ ਡਿਗ ਪਏ, ਅਰ ਬੀਰੇਂਦਰ ਸਿੰਘ ਨੇ ਝਟ ਘੋੜੇ ਉਤੋਂ ਉਤਰਕੇ ਓਸਦੇ ਹਥ ਪੈਰ ਕਸਕੇ ਬੰਨ ਲਏ ਅਰ ਗੰਢ ਬੰਨਕੇ ਪਿਠ ਉਤੇ ਲਦ ਲਿਆ ਅਰ ਘੋੜੇ ਦੀ ਵਾਗ ਹਥ ਵਿਚ ਫੜਕੇ ਬਿਜੈਗੜ ਨੂ ਤੁਰ ਪਏ, ਥੋੜੀ ਦੂਰ ਜਾਕੇ ਜੋਰਦੀ ਸੀਟੀ ਮਾਰੀ ਜਿਸਦੀ ਅਵਾਜ ਜੰਗਲ ਵਿਚ ਗੂੰਜ ਗਈ। ਥੋੜੇ ਚਿਰ ਵਿਚ ਹੀ ਕੂਰ ਸਿੰਘ, ਰਾਮਨਰੈਣ ਪੰਨਾ ਲਾਲ ਤੇ ਜੋਤਸੀ ਜੀ ਆ ਪਹੁਚੇ, ਕੂਰ ਸਿੱਘ ਤਾਂ ਮਾਰੇ ਖੁਸੀ ਦੇ ਉਛਲ ਪਿਆ। ਪੰਨਾਲਾਲ ਨੇ ਖੁਸ ਹੋਕੇ ਕਿਹਾ ਵਾਹ ਜੀ ਵਾਹ ਬਦ੍ਰੀਨਾਥ ਤੁਸਾਂ ਤਾਂ ਬੜਾ ਕੁਰਾ ਕੰਮ ਕੀਤਾ ਬੜੀ ਮੋਟੀ ਮੁਰਗੀ ਫਾਹੀ ਜੋ ਬਸ ਹੂਣ ਕੀ ਹੈ ਲੈ ਲਿਆ ਸਭ ਕੁਝ। ਬਦ੍ਰੀਨਾਥ ਨੇ ਜੋ ਅਜੇ ਤਕ ਬੀਰੇਂਦਰ ਸਿੰਘ ਬਲਿਆਂ ਹੋਇਆ ਸੀ ਗਠੜੀ ਪਿਠ ਉਤੋਂ ਲਾਹ ਕੇ ਰਖ ਦਿਤੀ, ਅਰ, ਰਾਮ ਨਰੈਣ ਨੂ ਕਿਹਾ ਕਿ ਤੁਸੀ ਏਸ ਘੋੜੇ ਨੂ ਨੌਗੜ ਛਡ ਆਓ, ਜਿਸ ਤਬੇਲੇ ਵਿਚੋਂ ਚੁਰਾਕੇ ਲਿਆਏ ਸੀ ਓਸਦੇ ਪਾਸ ਹੀ ਛਡਕੇ ਚਲੇ ਆਓ ਲੋਕੀ ਆਪੇ ਬੰਨ ਲੈਣਗੇ। ਏਹ ਸੁਣਕੇ ਰਾਮ ਨਰੈਣ ਘੋੜੇ ਉਤੇ ਸਵਾਰ ਹੋਕੇ ਨੌਗੜ ਵਲ ਚਲਾ ਗਿਆ ਬਦ੍ਰੀਨਾਥ ਨੇ ਤੇਜ ਸਿੰਘ ਦੀ ਗਠੜੀ ਫੇਰ ਆਪਣੀ ਪਿਠ ਉਤ ਲਦੀ ਤੇ ਏਯਾਰਾਂ ਨੂ ਕੁ ਸਮਝਾ ਬੁਝਾਕੇ ਚੁਨਾਰ ਗੜ੍ਹ ਦਾ ਰਸਤਾ ਲਿਆ॥

ਤੇਜ ਸਿੰਘ ਦਾ ਦਸਤੂਰ ਸੀ ਕਿ ਰੋਜ ਮਹਾਰਾਜ ਜੈ ਸਿੰਘ ਦੇ ਦਰਬਾਰ ਵਿਚ ਜਾਂਦੇ ਅਰ ਸਲਾਮ ਕਰਕੇ ਆਪਣੀ ਕੁਰਸੀ ਤੇ ਬੈਠ ਜਾਂਦੇ ਇਕ ਦੇ ਦਿਨ ਮਹਾਰਾਜ ਨੇ ਤੇਜ ਸਿੰਘ ਦੀ ਕੁਰਸੀ

CC-0. Kashmir Research Institute. Digitized by eGangotri

ਖਾਲੀ ਵੇਖਕੇ ਹਰਦਿਆਲ ਸਿੰਘ ਤੋਂ ਪੁਛਿਆ ਕਿ ਅਜ ਕਲ ਤੇਜ ਸਿੰਘ ਨਜਰ ਨਹੀਂ ਆਉਂਦਾ, ਕੀ ਤੁਹਾਨੂ ਨਹੀਂ ਮਿਲਿਆ? ਦੀਵਾਨ ਜੀ ਨੇ ਕਿਹ ਨਹੀਂ ਮਹਾਰਾਜ! ਮੈਨੂ ਤਾਂ ਨਹੀਂ ਮਿਲੇ ਅਜ ਪਤਾ ਕਢਕੇ ਬਨਤੀ ਕਰਾਂਗਾ। ਦਰਬਾਰ ਬਰਖਾਸਤ ਹੋਣਨੇ ਪਿਛੋਂ ਦੀਵਾਨ ਜੀ ਤੇਜ ਸਿੰਘ ਦੇ ਡੇਰੇ ਗਏ ਨੌਕਰਾਂ ਚਾਕਰਾਂ ਤੋਂ ਪੁਛਿਆ ਪਰ ਉਨਾ ਤੋਂ ਭੀ ਕੁਝ ਪਤਾ ਨਾ ਲਗਾ ਓਨਾਂ ਨੇ ਏਹੋ ਹੀ ਕਿਹ। ਕਿ ਕਈਆਂ ਦਿਨਾਂ ਤੋਂ ਡੇਰੇ ਨਹੀਂ ਆਏ॥

ਦੀਵਾਨ ਹਰਦਿਆਲ ਸਿੰਘ ਏਹ ਸੁਨਕੇ ਹੈਰਾਨ ਹੋਗਏ ਆਪਣੇ ਘਰ ਆਕੇ ਸੋਚਨ ਲਗੇ ਕਿ ਹੁਣ ਕੀ ਕੀਤਾ ਜਾਵੇ, ਜੇਕਰ ਤੇਜ ਸਿੰਘ ਦਾ ਪਤਾ ਨਾ ਲਗੇਗਾ ਤਾਂ ਬੜੀ ਭਾਰੀ ਬਦਨਾਮੀ ਹੋਵੇਗੀ ਜਿਥੋ ਤਕ ਹੋ ਸਕੇ ਪਤਾ ਲਾਉਨਾ ਚਾਹੀਦਾ ਹੈ। ਛੇਕੜ ਬਹੁਤ ਸਾਰੇ ਆਦਮੀਆਂ ਨੂ ਪਤਾ ਲਾਉਣ ਲਈ ਐਧਰ ਓਧਰ ਭੇਜਿਆ, ਅਰ ਆਪਣੇ ਵਲੋਂ ਇਕ ਚਿਠੀ ਨੌਗੜ ਦੇ ਦੀਵਾਨ ਜੀਤ ਸਿੰਘ ਪਾਸ ਭੇਜੀ ਅਰ ਹਲਕਾਰੇ ਨੂ ਤਾਕੀਦ ਕਰ ਦਿਤੀ ਕਿ ਕਲ ਦਰਬਾਰ ਤੋਂ ਪਹਿਲਾਂ ੨ ਆਜਾਂਵੀ। ਓਹ ਆਦਮੀ ਖਤ ਲੈਕੇ ਨੌਗੜ ਪਹੁੰਚਾ ਅਰ ਦੀਵਾਨ ਜੀਤ ਸਿੰਘ ਦੇ ਘਰ ਪਹੁਚਾ ਆਪਣੇ ਆਉਣ ਦੀ ਖਬਰ ਕਰਾਈ, ਦੀਵਾਨ ਸਾਹਿਬ ਨੇ ਆਪਣੇ ਸਾਹਮਣੇ ਸਦਕੇ ਹਾਲ ਪੁਛਿਆ, ਓਸਨੇ ਸਲਾਮ ਕਰਕੇ ਖਤ ਦੇ ਦਿਤਾ, ਖਤ ਪੜਕੇ ਦੀਵਾਨ ਸਾਹਿਬ ਦੇ ਦਿਲ ਵਿਚ ਯਕੀਨ ਹੋਗਿਆ ਕਿ ਤੇਜ ਸਿੰਘ ਜਰੂਰ ਏਯਾਰਾਂ ਦੇ ਹਥ ਫਸ ਗਿਆ ਹੈ, ਖਤ ਦਾ ਇਹ ਜਵਾਬ ਲਿਖਕੇ ਕਿ "ਨਹੀ ਓਹ ਏਥੇ ਨਹੀ ਹੈ" ਹਲਕਾ ਰੇ ਨੂ ਤਾਂ ਵਿਦਾ ਕਰ ਦਿਤਾ ਤੇ ਆਪਣੇ ਕਈਆਂ ਜਸੂਸਾਂ ਨੂ ਸਦਕੇ ਪਤਾ ਲਾਉਨ ਲਈ

CC-0. Kashmir Research Institute. Digitized by eGangotri

ਚੌਹੀਂ ਪਾਸੀ ਭੇਜ ਦਿਤਾ ਦੂਸਰੇ ਦਿਨ ਦਰਬਾਰ ਵਿਚ ਦੀਵਾਨ ਜੀਤ ਸਿੰਘ ਨੇ ਰਾਜਾ ਸੁਰੇਂਦਰ ਸਿੰਘ ਪਾਸ ਬੇਨਤੀ ਕੀਤੀ ਕਿ ਕਲ ਬਿਜੈ ਗੜ੍ਹੋਂ ਦੀਵਾਨ ਹਰਦਿਆਲ ਸਿੰਘ ਦਾ ਖਤ ਲੈਕੇ ਇਕ ਆਦਮੀ ਆਯਾ ਸੀ ਓਨਾਂ ਪੁਛਿਆ ਸੀ ਕਿ ਤੇਜ ਸਿੰਘ ਨੌਗੜ ਵਿਚ ਹੈ ਕਿ ਨਹੀਂ ਕਿਉਂਕਿ ਬਿਜੈਗੜ ਵਿਚ ਓਹ ਕਈਆਂ ਦਿਨਾਂ ਤੋਂ ਨਹੀਂ ਹੈ। ਮੈਂ ਉਤਰ ਲਿਖ ਦਿਤਾ ਹੈ ਕਿ ਓਹ ਏਥੇ ਨਹੀ ਹੈ ॥

ਰਾਜਾ ਸੁਰੇਂਦਰ ਸਿੰਘ ਇਹ ਸੁਣਕੇ ਬੜਾ ਹੈਰਾਨ ਹੋਯਾ ਅਰ ਦੀਵਾਨ ਨੂੰ ਪੁਛਿਆ ਕਿ ਤੇਜ ਸਿੰਘ ਓਥੇ ਭੀ ਨਹੀਂ ਅਰ ਏਥੇ ਵੀ ਨਹੀ ਆਇਆ ਤਾਂ ਫੇਰ ਗਿਆ ਕਿਦੇ, ਕਿਤੇ ਇਹ ਨਾ ਹੋਯਾ ਹੋਵੇ ਕਿ ਓਹ ਏਯਾਰਾਂ ਦੇ ਹਥ ਫਸਾ ਗਿਆ ਹੋਵੇ ਕਿਉਂਕਿ ਮਹਾਰਾਜ ਸ਼ਿਵਦਤ ਦੇ ਕਈ ਏਯਾਰ ਬਿਜੈਗੜ੍ਹ ਵਿਚ ਆਏ ਹੋਏ ਹਨ ਜਿਨਾਂ ਦਾ ਮੁਕਾਬਲਾ ਕਰਨ ਵਾਸਤੇ ਕਲਾ ਤੇਜ ਸਿੰਘ ਗਿਆ ਸੀ। ਦੀਵਾਨ ਸਾਹਿਬ ਨੇ ਕਿਹਾ ਮੈਂ ਜਿਥੋਂ ਤਕ ਸਮਝਦਾ ਹਾਂ ਓਹ ਏਯਾਰਾਂ ਦੇ ਹਥ ਵਿਚ ਹੀ ਫਸ ਗਿਆ ਹੈ, ਹਛਾ ਜੋ ਕੁਝ ਹੋਵੇਗਾ ਦੋ ਚਾਰ ਦਿਨ ਤਕ ਆਪੇ ਪਤਾ ਲਗ ਜਾਵੇਗਾ ॥

ਕੌਰ ਬੀਰੇਂਦਰਸਿੰਘ ਭੀ ਦਰਬਾਰ ਵਿਚ ਆਪਣੇ ਪਿਤਾ ਦੇ ਸਨੇ ਪਾਸੇ ਕੁਰਸੀ ਉਤੇ ਬੈਠੇ ਹੋਏ ਸਨ, ਓਨਾਂ ਨੇ ਬੇਨਤੀ ਕੀਤੀ ਕਿ ਜੇਕਰ ਹੁਕਮ ਹੋਵੇ ਤਾਂ ਮੈਂ ਤੇਜ ਸਿੰਘ ਦਾ ਪਤਾ ਲਾਉਣ ਜਾਵਾਂ। ਦੀਵਾਨ ਜੀਤ ਸਿੰਘ ਨੇ ਇਹ ਸੁਣਕੇ ਕੁਮਰ ਵਲ ਵੇਖਿਆ ਤੇ ਹਸਕੇ ਆਖਿਆ ਕਿ ਤੁਹਾਡੀ ਹਿੰਮਤ ਤੇ ਜਵਾਂ ਮਰਦੀ ਵਿਚ ਕੋਈ ਸ਼ਕ ਨਹੀ ਪਰ ਤੇਜ ਸਿੰਘ ਵਾਸਤੇ ਜਿਸਦਾ ਕੰਮ ਹੀ ਏਯਾਰੀ ਹੈ, ਅਰ ਓਹ ਏਯਾਰਾਂ ਦੇ ਹਥ ਫਸ ਗਿਆ ਹੈ ਤੁਸੀਂ ਲਭਣ ਜਾਓ ਏਸਦੀ ਕੀ ਲੋੜ ਹੈ? ਇਹ ਤਾਂ ਤੁਸੀਂ

CC-0. Kashmir Research Institute. Digitized by eGangotri

ਜਾਣਦੇ ਹੀ ਹੋ ਕਿ ਜੇ ਕਿਸੇ ਏਜਾਰ ਨੂੰ ਕੋਈ ਏਜਾਰ ਫੜਦਾ ਹੈ ਤਾਂ ਸਿਵਾਏ ਕੈਦ ਰਖਨ ਦੇ ਜਾਨੋਂ ਨਹੀਂ ਮਾਰਦਾ ਸੋ ਜੇਕਰ ਤੇਜ ਸਿੰਘ ਓਨਾਂ ਦੇ ਹਥ ਫਸ ਗਿਆ ਹੈ ਤਾਂ ਕੈਦ ਹੋਵੇਗਾ ਕਿਸੇ ਨਾ ਕਿਸੇ ਤਰਾਂ ਛਟ ਹੀ ਆਵੇਗਾ ਕਿਉਂਕਿ ਓਹ ਆਪਣੇ ਕੰਮ ਵਿਚ ਹੁਸ਼ਿਆਰ ਹੇ, ਏਸਦੇ ਸਿਵਾ ਜੋ ਏਜਾਰੀ ਦਾ ਕੰਮ ਕਰੇਗਾ ਭਾਵੇਂ ਉਹ ਕਿੰਨਾ ਹੀ ਚਲਾਕ ਕਿਉਂ ਨਾ ਹੋਵੇ ਕਦੀ ਨਾ ਕਦੀ ਜਰੂਰ ਫਸ ਹੀ ਜਾਵੇਗਾ, ਫੇਰ ਏਸ ਲਈ ਕੀ ਸੋਚਣਾ ਪੰਜ ਚਾਰ ਦਿਨ ਸਬਰ ਕਰੋ ਵੇਖੋ ਕੀ ਹੁਦਾ ਹੈ ? ਏਨੇ ਤਕ ਜੇ ਨਾ ਪਤਾ ਲਗੇਗਾ ਤਾਂ ਫੇਰ ਜੋ ਤੁਸਾਂ ਕਰਨਾ ਹੋਊ ਸੋ ਕਰਨਾ ॥

ਬੀਰੇਂਦਰ ਸਿੰਘ ਨੇ ਉਤ੍ਰ ਦਿਤਾ ਹਾਂ ਤੁਹਾਡਾ ਕਹਿਣਾ ਠੀਕ ਹੈ ਪਰ ਪਤਾ ਲਾਉਣਾ ਭੀ ਜਰੂਰੀ ਹੈ ਇਹ ਸੋਚਕੇ ਕਿ ਓਹ ਆਪ ਚਲਾਕ ਹੈ ਆਪੇ ਛੁਟ ਆਵੇਗਾ ਖੋਜ ਨਾ ਕਰਨੀ ਚੰਗੀ ਗਲ ਨਹੀਂ। ਜਤ ਸਿੰਘ ਨੇ ਕਿਹਾ ਸਚ ਹੈ ਤੁਹਾਡੀ ਮੁਹਬਤ ਕਰਕੇ ਬਹੁਤਾ ਖਿਆਲ ਹੈ ਪਰ ਤੁਸੀ ਕੋਈ ਫਿਕਰ ਨਾ ਕਰੋ। ਇਹ ਸੁਣਕੇ ਰਾਜਾ ਮੁਰੇਂਦਰ ਸਿੰਘ ਨੇ ਕਿਹਾ ਹਛਾ ਹੋਰ ਤਾਂ ਨਾਂ ਸਹੀ ਕਿਸੇ ਹੋਰ ਆਦਮੀ ਨੂੰ ਹੀ ਪਤਾ ਲਾਉਨ ਲਈ ਭੇਜ ਦੇਵੋ। ਏਸਦੇ ਉਤ੍ਰ ਵਿਚ ਦੀਵਾਨ ਜੀ ਨੇ ਕਿਹਾ ਹਾਂ ਮੈ ਕਈ ਜਾਸੂਸਾਂ ਨੂੰ ਪਤਾ ਲਾਉਣ ਲਈ ਭੇਜ ਚੁਕਾ ਹਾਂ। ਰਾਜਾ ਤੇ ਕੌਰ ਬੀਰੇਂਦਰ ਸਿੰਘ ਚੁਪ ਹੋ ਰਹੇ ਪਰ ਤੇਜ ਸਿੰਘ ਦਾ ਧਿਆਨ ਕਿਸੇ ਦੇ ਦਿਲ ਵਿਚੋਂ ਨਾ ਗਿਆ॥

ਬਿਜੈ ਗੜ ਵਿਚ ਦੂਸਰੇ ਦਿਨ ਦਰਬਾਰ ਵਿਚ ਮਹਾਰਾਜ ਜੈ ਸਿੰਘ ਨੇ ਫੇਰ ਦੀਵਾਨ ਹਰਦਿਆਲ ਸਿੰਘ ਤੋਂ ਪੁਛਿਆ ਕਿ ਕਿਤੇ ਤੇਜ ਸਿੰਘ ਦਾ ਪਤਾ ਲਗਾ ? ਦੀਵਾਨ ਜੀ ਨੇ ਕਿਹਾ

CC-0. Kashmir Research Institute. Digitized by eGangotri

ਕਿ ਏਥੇ ਤਾਂ ਤੇਜ ਸਿੰਘ ਦਾ ਕੋਈ ਪਤਾ ਨਹੀ ਲਗਦਾ ਸ਼ਾਇਦ ਨੌਗੜ ਵਿਚ ਹੋਵੇ ਓਥੇ ਭੀ ਮੈਂ ਆਦਮੀ ਭੇਜਿਆ ਹੈ ਹੁਣ ਆਉਂਦਾ ਹੀ ਹੋਵਗਾ ਜੋ ਕੁਝ ਹੋਊ ਪਤਾ ਲਗ ਜਾਵੇਗਾ ਇਹ ਗਲਾਂ ਹੋ ਹੀ ਰਹੀਆਂ ਸਨ ਕਿ ਖਤ ਦਾ ਜਵਾਬ ਲੈਕੇ ਓਹ ਆਦਮੀ ਆ ਪਹੁੰਚਾ ਜੋ ਨੌਗੜ ਗਿਆ ਸੀ ਹਰ ਦਿਆਲ ਸਿੰਘ ਨੇ ਉਤਰ ਪੜ੍ਹਿਆ ਅਰ ਬੜੇ ਅਫਸੋਸ ਨਾਲ ਮਹਾਰਾਜ ਪਾਸ ਬੇਨਤੀ ਕੀਤੀ ਕਿ ਤੇਜ ਸਿੰਘ ਨੌਗੜ ਵਿਚ ਭੀ ਨਹੀਂ ਹੈ, ਇਹ ਓਸਦੇ ਪਿਤਾ ਚੇਤ ਸਿੰਘ ਦ ਹਥਾਂ ਦਾ ਖਤ ਮੇਰ ਖਤ ਦੇ ਉਤਰ ਵਿਚ ਆਯਾ ਹੈ, ਮਹਾਰਾਜ ਨ ਕਿਹਾ ਫੇਰ ਓਸਦਾ ਪਤਾ ਲਾਉਣ ਦਾ ਕੋਈ ਫਿਕਰ ਕੀਤਾ ਕਿ ਨਹਾਂ ? ਹਰਦਿਆਲ ਨੇ ਕਿਹਾ ਹਾਂ ! ਕਈ ਜਾਸੂਸਾਂ ਨੂੰ ਭੇਜ ਚੁਕਾ ਹਾਂ।

ਮਹਾਰਜ ਨੂੰ ਤੇਜ ਸਿੰਘ ਦਾ ਬੜਾ ਅਫਸੋਸ ਰਿਹਾ, ਦਰਬਾਰ ਬਰਖਾਸਤ ਕਰਕੇ ਮਹਲ ਵਿਚ ਚਲੇ ਗਏ, ਗਲਾਂ ਗਲਾਂ ਵਿਚ ਹੀ ਮਹਾਰਾਜ ਨੇ ਤੇਜ ਸਿੰਘ ਦਾ ਜਿਕਰ ਮਹਾਰਾਣੀ ਨਾਲ ਕੀਤਾ ਅਰ ਕਿਹਾ ਦੇਖੋ ਕਿਸਮਤ ਦਾ ਫ਼ਰ ਏਹਨੂ ਕਹਿੰਦੇ ਹਨ । ਕੁਰ ਸਿੰਘ ਨੇ ਤਾਂ ਹਲ ਚਲ ਮਚਾ ਹੀ ਰਖੀ ਹੈ, ਮਦਦ ਚਲ ਇਕ ਤੇਜ ਸਿੰਘ ਆਯਾ ਸੀ ਸੋ ਕਇ ਆਂ ਦਿਨਾਂ ਤੋਂ ਓਹਦਾ ਵੀ ਕੋਈ ਪਤਾ ਨਹੀਂ ਲਗਦਾ, ਹੁਣ ਮੈਨੂ ਓਹਦੇ ਵਾਸਤੇ ਭੀ ਸੁਰੇਂਦਰ ਸਿੰਘ ਤੋਂ ਸ਼ਰਮਿੰਦਾ ਹੋਣਾ ਪਵਗਾ, ਤੇਜ ਸਿੰਘ ਦੇ ਚਾਲ ਚਲਨ ਗਲ ਬਾਤ, ਅਕਲ ਤੇ ਚਲਾਕੀ ਵਲ ਜਦ ਧਿਆਨ ਜਾਂਦਾ ਹੈ ਤਾਂ ਦਿਲ ਭਰ ਆਉਂਦਾ ਹੈ ! ਬੜਾ ਹੀ ਲਾਇਕ ਮੁਡਾ ਸੀ ਓਸਦੇ ਚੇਹਰੇ ਉਤੇ ਕਦੀ ਉਦਾਸੀ ਵੇਖੀ ਹੀ ਨਹੀ । ਮਹਾਰਾਣੀ ਨੇ ਭੀ ਤੇਜ ਸਿੰਘ ਦੇ ਹਾਲ ਉਤੇ ਬੜਾ ਅਫਸੋਸ ਕੀਤਾ, ਇਤਫਾਕ

CC-0. Kashmir Research Institute. Digitized by eGangotri

ਨਾਲ ਚਪਲਾ ਭੀ ਓਸ ਵੇਲੇ ਓਥੇ ਖਲੋਤੀ ਸੀ, ਇਹ ਹਾਲ ਸੁਣਕੇ ਓਥੋਂ ਚਲੀ ਗਈ ਅਰ ਚੰਦਰਕਾਂਤਾ ਦੇ ਪਾਸ ਪਹੁੰਚੀ, ਤੇਜ ਸਿੰਘ ਦਾ ਹਾਲ ਜਦ ਕਹਿਣਾ ਚਾਹੁੰਦੀ ਤਾਂ ਜੀ ਭਰ ਜਾਂਦਾ ਸੀ ਤੇ ਕੁਝ ਕਹਿ ਨਹੀਂ ਸੀ ਸਕਦੀ, ਚੰਦਰਕਾਂਤਾ ਨੇ ਓਸਦਾ ਇਹ ਹਾਲ ਦੇਖਕੇ ਪੁਛਿਆ ਕਿਉ ਕੀ ਹੈ ? ਐਸ ਵੇਲੇ ਤੇਰਾ ਅਜਬ ਹਾਲ ਹੋ ਰਿਹਾ ਹੈ ਕੁਝ ਮੂਹੋ ਤਾਂ ਕਹੋ, ਏਸ ਗਲ ਦਾ ਉਤਰ ਦੇਣ ਲਈ ਚਪਲਾ ਨੇ ਮੂੰਹ ਖੋਲਿਆ ਹੀ ਸੀ ਕਿ ਗਲ ਭਰ ਆ ਗਾ ਅਖਾਂ ਵਿਚੋਂ ਹੰਝੂ ਵਗ ਤੁਰੇ ਤੇ ਕੁਝ ਜਵਾਬ ਨਾਂ ਦੇ ਸਕੀ, ਚੰਦ੍ਰਕਾਂਤਾ ਨੂੰ ਹੋਰ ਭੀ ਹੈਰਾਨੀ ਹੋਈ ਤੇ ਪੁਛਿਆ ਤੂ ਰੋਂਦੀ ਕਿਉ ਹੈ ਕੁਝ ਬਲ ਤਾਂ ਸਹੀ ?

ਫੇਕਰ ਚਪਲਾ ਨੇ ਆਪਣੇ ਆਪਨੂ ਬਹੁਤ ਸੰਭਲਿਆ ਤੇ ਬੜੀ ਮੁਸ਼ਕਲ ਨਾਲ ਕਿਹਾ ਕਿ ਮਹਾਰਾਜ ਦੀ ਜਬਾਨੀ ਸੁਣਿਆਂ ਹੈ ਕਿ "ਤੇਜ ਸਿੰਘ ਨੂ ਮਹਾਰਾਜ ਸਿਵਦਤ ਦੇ ਏਯਾਰਾਂ ਨੇ ਫੜ ਲਿਆ ਹੈ" ਹੁਣ ਬੀਰੇਂਦਰ ਸਿੰਘ ਦਾ ਆਉਣਾ ਜਾਣਾ ਭੀ ਔਖਾ ਹੀ ਹੋਵੇਗਾ ਕਿਉਂਕਿ ਓਹ ਓਨਾਂ ਦਾ ਬੜਾ ਭਾਰਾ ਸਹਾਰਾ ਸੀ, ਏਨਾਂ ਕਿਹਾ ਹੀ ਸੀ ਕਿ ਚੰਗੀ ਤਰਾਂ ਹੰਝੂ ਭਰ ਆਏ ਤੇ ਉਚੀ ੨ ਰੋਣ ਲਗ ਪਈ, ਓਸਦਾ ਇਹ ਹਾਲ ਵੇਖਕੇ ਚੰਦਰਕਾਂਤ ਸਮਝ ਗਈ ਕਿ ਚਪਲਾ ਵਿਚ ਤੇਜ ਸਿੰਘ ਉਤੇ ਆਸ਼ਕ ਹੈ ਚਲੋ ਚੰਗਾ ਹੋਇਆ ਏਹਦੇ ਵੀ ਸਾਡਾ ਹੀ ਭਲਾ ਹੈ ਪਰ ਤੇਜ ਸਿੰਘ ਦੇ ਹਾਲ ਤੇ ਚਪਲਾ ਦੀ ਹਾਲਤ ਉਤੇ ਬਹੁਤ ਅਫਸੋਸ ਕੀਤਾ, ਫੇਰ ਚਪਲਾ ਨੂ ਕਿਹਾ ਕਿ ਓਸਨੂ ਛੁਡਾਉਣ ਦਾ ਕੋਈ ਫਿਕਰ ਕੀਤਾ ਹੈ ਕਿ ਤੇਰੇ ਰੋਣ ਨਾਲ ਛੁਟ ਜਾਵੇਗਾ ? ਜੇ ਤੈਥੋਂ ਕੁਝ ਨਹੀ ਹੋ ਸਕਦਾ ਤਾਂ ਮੈਂ ਹੀ ਕੁਝ ਕਰਾਂ, ਚੰਪਾ ਭੀ ਓਥੇ ਬੈਠੀ ਹੋਈ ਸੀ ਇਹ ਸੁਣਕੇ ਬੋਲੀ ਜੇ

CC-0. Kashmir Research Institute. Digitized by eGangotri

ਹੁਕਮ ਹੋਵੇ ਤਾਂ ਮੈਂ ਤੇਜ ਸਿੰਘ ਦਾ ਪਤਾ ਲਾਉਣ ਜਾਵਾਂ ਚਪਲਾ ਨੇ ਕਿਹਾ ਅਜੇ ਤੂੰ ਏਸ ਲਾਇਕ ਨਹੀਂ ਹੋਈ ਚੰਪਾ ਨੇ ਕਿਹਾ ਕਿਉਂ ਹੁਣ ਮੇਰੇ ਵਿਚ ਕੀ ਕਸਰ ਬਾਕੀ ਹੈ ? ਕਿਉਂ ਮੈਂ ਏਯਾਰੀ ਨਹੀਂ ਕਰ ਸਕਦੀ ? ਚਪਲਾ ਨੇ ਕਿਹਾ ਹਾਂ ਏਯਾਰੀ ਤਾਂ ਤੂੰ ਕਰ ਸਕਦੀ ਹੈਂ ਪਰ ਓਨਾਂ ਲੋਕਾਂ ਦਾ ਮੁਕਾਬਲਾ ਨਾਹੀਂ ਕਰ ਸਕਦੀ ।ਜਨਾਂ ਲੋਕਾਂ ਨੇ ਤੇਜ ਸਿੰਘ ਜੇਹੇ ਚਾਲਾਕ ਨੂੰ ਫੜ ਲਿਆ ਹੈ ਹਾਂ ਜੇ ਮੈਨੂੰ ਕੁਮਾਰੀ ਹੁਕਮ ਦੇਵੇ ਤਾਂ ਮੈ ਖੋਜਵਿਚ ਜਾਵਾਂ,ਚੰਦਰਕਾਂਤਾ ਨੇ ਕਿਹ ਏਸ ਵਿਚ ਹੁਕਮ ਦੀ ਕੀ ਲੋੜ ਹ ? ਤੇਰੀ ਮੇਹਨਤ ਨਾਲ ਜੇ ਓਹ ਛੁਟ ਜਾਊ ਤਾਂ ਸਾਰੀ ਉਮਰ ਤੇਰਾ ਅਹਸਾਨ ਰਹੇਗਾ। ਸੁਣ ਤੂੰ ਜਾਣ ਵਿਚ ਢਿਲ ਨਾ ਕਰ ਜਾਹ, ਚਪਲਾ ਨੇ ਚੰਪਾ ਨੂੰ ਕਿਹਾ ਦੇਖ ਮੈਂ ਜਾਂਦੀ ਹਾਂ ਏਯਾਰ ਲੋਕ ਆਏ ਹੋਏ ਹਨ ਅਜੇਹਾ ਨਾ ਹੋਵੇ ਕਿ ਮੇਰੇ ਜਾਨ ਪਿਛੋਂ ਕੋਈ ਹੋਰ ਬਖੇੜਾ ਮਚ ਜਾਵੇ, ਹੋਰ ਤਾਂ ਜੋ ਹੋਵੇਗਾ ਵੇਖਿਆ ਜਾਵੇਗਾ ਤੂੰ ਰਾਜ ਕੁਮਾਰੀ ਵਲੋਂ ਹੁਸ਼ਿਆਰ ਰਹੀਂ ਜੇ ਤੈਥੋਂ ਕੋਈ ਭੁਲ ਹੋਈ ਜਾਂ ਕੁਮਾਰੀ ਉਤੇ ਕੋਈ ਬਿਪਤਾ ਪਈ ਤਾਂ ਯਾਦ ਰਖ ਸਾਰੀ ਉਮਰ ਮੈਂ ਮਥੇ ਨਾਂ ਲਗਾਂਗੀ। ਚੰਪਾ ਨੇ ਕਿਹਾ ਤੁਸੀਂ ਖਾਤਰ ਜਮਾ ਰਖੋ ਮੈਂ ਬੜੀ ਹੁਸ਼ਿਆਰੀ ਨਾਲ ਰਹਾਂਗੀ।

ਚਪਲਾ ਆਪਣੇ ਏਯਾਰੀ ਦੇ ਸਮਾਨ ਨਾਲ ਲੈਸ ਹੋ ਅਰ ਕੁਝ ਵਾਧਣੀ ਢੰਗ ਦ ਗੋਹਣੇ ਕਪੜੇ ਲੈਕੇ ਤੇਜ ਸਿੰਘ ਦੀ ਖੋਜ ਨੂ ਤੁਰ ਪਈ।

ਸਤਾਰਵਾਂ ਕਾਂਡ

ਚਪਲਾ ਕੋਈ ਸਾਧਾਰਨ ਤੀਵੀ ਨਹੀਂ ਸੀ ਸੁੰਦਰਤਾ ਅਰ ਹਾਵ

CC-0. Kashmir Research Institute. Digitized by eGangotri

ਭਾਵ ਦੇ ਸਿਵਾ ਓਹ ਤਾਗਤਵਰ ਭੀ ਬਹੁਤ ਦੋ ਚਾਰ ਆਦਮੀਆਂ ਨਾਲ ਲੜਨਾ ਤੇ ਓਨਾਂ ਨੂੰ ਫੜ ਲੇਣਾ ਓਹਦੇ ਅਗੇ ਕੋਈ ਗਲ ਹੀ ਨਹੀਂ ਸੀ, ਸ਼ਸਤ੍ਰ ਵਿਦਯਾ ਚੰਗੀ ਤਰਾਂ ਜਾਣ ਸੀ, ਏਜਾਰੀ ਦੇ ਕੰਮ ਤੋਂ ਬਿਨਾ ਹੋਰ ਕਈ ਗਲਾਂ ਓਹ ਜਾਣਦੀ ਸੀ ਗਾਉਣ ਵਜਾਉਣ ਵਿਚ ਉਸਤਾਦ, ਨਚਨ ਵਿਚ ਕਾਰੀਗਰ ਅਛਤ ਬਾਜੀ ਬਨਾਉਨ ਦਾ ਬੜਾ ਸੌਕ ਗਲ ਕੀ ਹਰ ਇਕ ਤੋਂ ਵਾਕਫ ਸੀ, ਰੰਗ ਓਸਦਾ ਗੋਰਾ ਹਥ ਪੈਰ ਨਾਜਕ ਓਸਦੇ ਵਲ ਧਿਆਨ ਕਰਨ ਨਾਲ ਮਲੂਮ ਹੁੰਦਾ ਸੀ ਕਿ ਏਸਨੂੰ ਇਕ ਫੁਲ ਮਾਰਨਾ ਭੀ ਖੂਨ ਕਰਨ ਦੇ ਬਰਾਬਰ ਹੈ, ਓਸਨੂੰ ਜਦ ਕਦੀ ਬਾਹਰ ਜਾਣ ਦੀ ਲੋੜ ਹੁੰਦੀ ਸੀ ਤਾਂ ਜਾਲ ਬੁਰਕੇ ਆਪਣੀ ਸੁੰਦਰਤਾ ਨੂ ਵਿਗਾੜ ਲੈਂਦੀ ਸੀ, ਜਾਂ ਭੇਸ ਬਦਲ ਲਦੀ ਸੀ, ਹੁਣ ਐਸ ਵੇਲੇ ਤ੍ਰਿਕਾਲਾਂ ਦਾ ਵੇਲਾ ਹੈ ਅਗੇ ਕੁਝ ਕੁਝ ਰਾਤ ਭੀ ਪੈਗਈ ਹੈ, ਚਾਨਣੀ ਆਪਣੇ ਪੂਰੇ ਜੋਬਨ ਉਤੇ ਹੈ, ਚਪਲਾ ਆਪਣੀ ਅਸਲੀ ਸੂਰਤ ਵਿਚ ਤੁਰੀ ਜਾਂਦੀ ਹੈ, ਬਟੂਆ ਏਜਾਰੀ ਦਾ ਲਫਕਾਈ ਕਮੰਦ ਕਮਰ ਤੇ ਖੰਜਰ ਲਕ ਨਾਲ ਬਧਾ ਹੋਇਆ ਹੈ ਜੰਗਲ ਹੀ ਜੰਗਲ ਵਿਚ ਪੈਰ ਚੁਕੀ ਛੇਤੀ ਨਾਲ ਜਾ ਰਹੀ ਹੈ, ਤੇਜ ਸਿੰਘ ਦੀ ਯਾਦ ਨੇ ਓਸ ਨੂ ਐਸਾ ਬੇਸੁਧ ਕਰ ਦਿਤਾ ਹੈ ਕਿ ਆਪਣੇ ਬਚਨ ਦੀ ਭੀ ਸੁਰਤ ਨਹੀ ਹੈ ਓਸਨੂ ਇਹ ਪਤਾ ਹੀ ਨਹੀ ਕਿ ਓਹ ਕਿਸ ਕੰਮ ਜਾ ਰਹੀ ਹੈ ਕਿਥੇ ਜਾ ਰਹੀ ਰਸਤਾ ਕਿਧਰ ਹੈ ਅਗੇ ਪਥਰ ਹੈ ਕਿਟੋਆ ਨਦੀ ਹੈ ਕਿ ਨਾਹਾ ਬਸ ਛੇਤੀ ਨਾਲ ਤੁਰੇ ਜਾਣਾ ਇਹੋ ਓਸਦਾ ਕੰਮ ਹੈ ਅਖਾਂ ਵਿਚੋ ਅਥਰੂ ਵਗ ਰਹੇ ਹਨ ਇਨਾਂ ਨਾਲ ਸਾਰਾ ਕੁੜਤਾ ਭਿਜ ਗਿਆ ਹੈ ਠੋਕਰਾਂ ਲਗ ਰਹੀਆਂ ਹਨ ਪਰਾਂ ਦੀਆਂ ਉਂਗਲਾਂ ਵਿਚੋਂ ਲਹੂ ਵਗ ਰਿਹਾ

CC-0. Kashmir Research Institute. Digitized by eGangotri

ਹੈ ਓਹ ਓਸਨੂੰ ਏਸਦਾ ਕੁਝ ਧਿਆਨ ਹੀ ਨਹੀਂ । ਅਗੇ ਇਕ ਨਾਲਾ ਆਗਿਆ ਜਿਸਦਾ ਚਪਲਾ ਨੇ ਕੁਝ ਧਿਆਨ ਨਾ ਕਿਤਾ ਅਰ ਧਮ ਕਰਕੇ ਨਾਲੇ ਦੇ ਵਿਚ ਜਾ ਪਈ, ਜਿਨ ਪਟ ਗਿਆ ਲਹੂ ਵਗਨ ਲਗ ਪਿਆ ਕਪੜੇ ਸਾਰੇ ਭਿਜ ਗਏ ਸਾਹੁਣ ਉਸਨੂੰ ਇਸ ਗੱਲ ਦੀ ਸੁਧ ਆਈ ਕਿਮੈਂ ਤਾਂ ਤੇਜ ਸਿੰਘ ਨੂੰ ਛਡਾਉਣ ਚਲੀ ਹਾਂ ਓਸਦੇ ਮੂੰਹੋਂ ਝਟ ਇਹ ਗਲ ਨਿਕਲੀ "ਹਾਇ! ਪਿਆਰੇ ਮੈਂ ਤੁਹਾਨੂੰ ਬਿਲਕੁਲ ਭੁਲ ਗਈ ਸਾਂ ਮੈਨੂੰ ਤੁਹਾਡੇ ਛੁਡਾਉਣ ਦਾ ਚੇਤਾ ਹੀ ਨਹੀਂ ਸੀ ਰਿਹਾ ਏਸੇ ਦੀ ਹੀ ਇਹ ਸਜ਼ਾ ਮਿਲੀ ਹੈ" ਹੁਣ ਚੰਪਲਾ ਸੰਭਲ ਗਈ ਅਰ ਸੋਚਣ ਲਗੀ ਕਿ ਮੈਂ ਕਿਧਰ ਆਗਈ ਹਾਂ। ਚੰਗੀ ਤਰਾਂ ਧਿਆਨ ਕਰਨ ਨਾਲ ਓਸਨੂੰ ਪਤਾ ਲਗਾ ਕਿ ਮੈਂ ਤਾਂ ਬਿਲਕੁਲ ਰਸਤਾ ਭੁਲ ਗਈ ਹਾਂ ਅਰ ਇਕ ਸੰਘਣੇ ਜੰਗਲ ਵਿਚ ਆ ਫਸੀ ਹਾਂ ਇਕ ਵਾਰੀ ਤਾਂ ਡਰ ਗਈ ਪਰ ਫੇਰ ਦਿਲ ਨੂੰ ਹੌਸਲਾ ਦੇਕੇ ਓਸ ਭਿਆਨਕ ਨਾਲੇ ਤੋਂ ਪਿਛਾਹਾਂ ਮੜੀ ਅਰ ਸੋਚਨ ਲਗੀ ਕਿ ਏਸ ਵਿਚ ਤਾਂ ਕੋਈ ਸ਼ਕ ਨਹੀਂ ਕਿ ਤੇਜ ਸਿੰਘ ਨੂੰ ਮਹਾਰਾਜ ਸ਼ਿਵਦਤ ਦੇ ਏਜਾਨਾਂ ਨੇ ਫੜ ਲਿਆ ਹੈ, ਓਹ ਜਰੂਰ ਚੁਨਾਰ ਲੈਗਏ ਹੋਣਗੇ ਹੁਣ ਪਹਿਲਾਂ ਓਥੇ ਹੀ ਚਲਕੇ ਢੂੰਡਨਾ ਚਾਹੀਦਾ ਹੈ ਜਦ ਓਥੇ ਨਾ ਲਭੇਗਾ ਤਾਂ ਦੂਸਰੀ ਥਾਂ ਢੂੰਡਾਗੀ। ਇਹ ਸੋਚਕੇ ਰਸਤਾ ਲਭਨ ਲਗੀ ਬੜਾ ਚਿਰ ਟਕਰਾਂ ਮਾਰ ਮਾਰਕੇ ਅਧੀ ਰਾਤ ਤੋਂ ਉਪਰੰਤ ਹਸਤੇ ਦਾ ਪਤਾ ਲਗਾ ਬੱਸ ਹੁਣ ਸਿਧੀ ਚੁਨਾਰ ਨੂੰ ਪਹਾੜੇ ਪਹਾੜ ਤੁਰ ਪਈ, ਜਦ ਦਿਲ ਚੜ੍ਹ ਆਇਆ ਤਾਂ ਓਸਨੇ ਆਪਣਾ ਸੂਰਤ ਇਕ ਸਪਾਹੀ ਵਰਦੀ ਬਣਾ ਲਈ ਨਹਾਉਣ ਧੋਣ ਖਾਣ ਪੀਣ ਦਾ ਕੋਈ ਫਿਕਰ ਹੀ ਨਹੀਂ, ਸਿਰਫ ਪੈਂਡਾ ਮੁਕਾਉਣ ਦੀ ਧੁਨ ਲਗੀ ਹੋਈ ਸੀ, ਭੁਖੀ ਤਿਹਾਈ

CC-0. Kashmir Research Institute. Digitized by eGangotri

ਤਿਕਾਲਾਂ ਪੈਂਦਿਆਂ ਨੂੰ ਚੁਨਾਰ ਪਹੁੰਚੀ ਦਿਲ ਵਿਚ ਇਹ ਪ੍ਰਣ ਕੀਤੀ ਕਿ ਜਿੰਨਾਂ ਚਿਰ ਤੇਜ ਸਿੰਘ ਦਾ ਪਤਾ ਨਾ ਲਗੇਗਾ ਓਨਾਂ ਚਿਰ ਰੋ ਪਾਣੀ ਨਾ ਖਾਂਵਾਂਗੀ ਚੁਨਾਰ ਪਹੁੰਚਕੇ ਭੀ ਅਰਾਮ ਨਾਂ ਕੀਤਾ ਅਰ ਐਧਰ ਓਧਰ ਢੂੰਡਨ ਲਗ ਪਈ ਅਚਾਨਕ ਓਸਨੂੰ ਇਕ ਚਲਾਕੀ ਸੁਝੀ ਅਰਥਾਤ ਓਸਨੇ ਆਪਣੀ ਸੂਰਤ ਪੰਨਾ ਲਾਲ ਵਰਗੀ ਬਨਾਈ ਅਰ ਘਸੀਟਾ ਸਿੰਘ ਏਯਾਰ ਦੇ ਘਰ ਪਹੁੰਚੀ।

ਅਸੀਂ ਪਹਿਲਾਂ ਲਿਖ ਆਏ ਹਾਂ ਕਿ ਛੇ ਏਯਾਰਾਂ ਵਿਚੋਂ ਚਾਰ ਬਿਜੈ ਗੜ ਗਏ ਸਨ ਅਰ ਘਸੀਟਾ ਸਿੰਘ ਤੇ ਚੂਨੀ ਲਾਲ ਚੁਨਾਰ ਵਿਚ ਹੀ ਰਹੇ ਸਨ, ਘਸੀਟਾ ਸਿੰਘ ਪੰਨਾਲਾਲ ਨੂੰ ਵੇਖਕੇ ਉਠ ਖਲੋਤਾ ਅਰ ਰਾਮ ਰਵਾਜਾ ਕਰਨ ਦੇ ਪਿਛੋਂ ਪੁਛਿਆ ਸੁਣਓ ਜੀ ਪੰਨਾ ਲਾਲ ਐਤਕੀ ਕਿਸਨੂੰ ਲਿਆਏ ਹੋ ?

ਪੰਨਾ– ਐਤਕੀ ਲਿਆਯਾ ਤਾਂ ਕਿਸੇ ਨੂੰ ਨਹੀਂ। ਸਿਰਫ ਇਹ ਪਛਣ ਆਯਾ ਸਾਂ ਕਿ ਨਾਜ਼ਮ ਏਥੇ ਤਾਂ ਨਹੀ ਆਯਾ ? ਕਿਉਂਕਿ ਦੋ ਦਿਨ ਤੋਂ ਓਸਦਾ ਕੋਈ ਪਤਾ ਨਹੀਂ ਲਗਦਾ।

ਘਸੀਟ – ਨਹੀ ਏਥੇ ਤਾਂ ਨਹੀਂ ਆਯਾ।

ਪੰਨਾ–ਫੇਰ ਓਸਨੂੰ ਫੜਿਆ ਕਿਸਨੇ ? ਓਥੇ ਤਾਂ ਹਣ ਕੋਈ ਏਯਾਰ ਨਹੀਂ।

ਘਸੀਟਾ–ਮੈਂ ਇਹ ਨਹੀਂ ਕਹਿ ਸਕਦਾ ਕਿ ਓਥੇ ਕੋਈ ਏਯਾਰ ਨਹੀਂ ਸਿਰਫ ਇਕ ਤੇਜ ਸਿੰਘ ਦਾ ਨਾਂ ਮਸ਼ਹੂਰ ਸੀ ਸੋ ਕੈਦ ਹੋ ਹੀ ਗਿਆ ਹੈ ਅਰ ਐਸ ਵੇਲੇ ਕਿਲੇ ਵਿਚ ਬੈਠਾ ਹੋਇਆ ਹੋਉ।

ਪਨਾ– ਫਿਰ ਕੋਈ ਹਰਜ ਨਹੀਂ ਪਤਾ ਲਗ ਹੀ ਜਾਵੇਗਾ ਭਾਲਣ ਮੈਂ ਜਾਂਦਾ ਹਾਂ ਠਹਿਰ ਨਹੀਂ ਸਕਦਾ।

CC-0. Kashmir Research Institute. Digitized by eGangotri

ਏਹ ਕਹਿਕੇ ਨਕਲੀ ਪੰਨਾ ਲਾਲ ਓਥੋਂ ਤੁਰ ਪਿਆ ॥

ਹੁਣ ਚਪਲਾ ਦੇ ਜੀ ਨੂੰ ਸੋਤੋਖ ਹੋਇਆ ਏਹ ਸੋਚਕ ਕਿ ਤੇਜ ਸਿੰਘ ਦਾ ਪਤਾ ਤਾਂ ਲਗ ਹੀ ਗਿਆ ਹੈ ਅਰ ਏਥੇ ਹੀ ਹੈ ਕੋਈ ਹਰਜ ਨਹੀਂ ਜਿਸਤਰਾਂ ਹੋ ਸਕੇਗਾ ਛੁਡਾ ਲਵਾਂਗੀ। ਏਹ ਏਹ ਸੋਚ ਕੇ ਮੈਦਾਨ ਗਈ ਅਰ ਗੰਗਾ ਕਿਨਾਰੇ ਪਹੁੰਚ ਕੇ ਆਪਣੇ ਬਟੂਏ ਵਿਚੋਂ ਕੁਝ ਕਢਕੇ ਖਾਧਾ ਅਰ ਗੰਗਾ ਜਲ ਪੀਕੇ ਨਿਸਚਿੰਤ ਹੋਗਈ। ਅਰ ਆਪਣੀ ਸੂਰਤ ਇਕ ਗਾਉਣ ਵਾਲੀ ਔਰਤ ਜੇਹੀ ਬਨਾਈ। ਚਪਲਾ ਨੂੰ ਸੋਹਣੀ ਬਣਨ ਦੀ ਕੋਈ ਲੋੜ ਨਹੀਂ ਸੀ ਕਿਉਂਕਿ ਓਹ ਆਪ ਹਜਾਰਾਂ ਸੋਹਣੀਆਂ ਤੋਂ ਚੰਗੀ ਸੀ, ਪਰ ਏਸ ਗਲ ਕਰਕੇ ਕਿ ਮਤਾਂ ਕੋਈ ਪਛਾਣ ਲਵੇ ਓਸਨੂੰ ਆਪਣੀ ਸੂਰਤ ਬਦਲ ਉਨੀ ਪਈ। ਜਦ ਹੋਰ ਤਰਾਂ ਲੈਸ ਹੋਗਈ ਤਾਂ ਇਕ ਬੰਸਰੀ ਹਥ ਵਿਚ ਲੈਕੇ ਰਾਜ ਮਹਲ ਦੇ ਪਿਛਵਾੜੇ ਵਲ ਜਾਕੇ ਇਕ ਸਾਫ ਥਾਂ ਦੇਖਕੇ ਬੈਠ ਗਈ ਅਰ ਚੜੀ ਅਵਾਜ ਵਿਚ ਬਿਹਾਗ ਗਾਉਣ ਲਗ ਪਈ। ਇਕ ਵਾਰੀ ਗਾਉਂਕੇ ਫਿਰ ਓਸੇ ਗੀਤ ਨੂੰ ਬੰਸਰੀ ਵਿਚ ਵਜਾਯਾ ॥

ਰਾਤ ਅਧੀ ਤੋਂ ਵਧੇਕ ਬੀਤ ਚੁਕੀ ਸੀ, ਮਹਾਰਾਜ ਸ਼ਿਵਦਤ ਮਹਲ ਦੇ ਉਪਰ ਮਹਾਰਾਣੀ ਨਾਲ ਮਿਠੀਆਂ ਮਿਠੀਆਂ ਗਲਾਂ ਕਰ ਰਹੇ ਸਨ, ਅਚਾਨਕ ਗਾਉਣ ਦੀ ਅਵਾਜ ਓਨਾਂ ਦੇ ਕੰਨਾਂ ਵਿਚ ਪਈ, ਆਵਾਜ ਮਹਾਰਾਣੀ ਨੇ ਭੀ ਸੁਣੀ ਦੋਹਾਂ ਨੇ ਗਲਾਂ ਕਰਨੀਆਂ ਛਡ ਦਿਤੀਆਂ ਅਰ ਕੰਨ ਲਾਕ ਸੁਣਨ ਲਗ ਪਏ ਥੋੜੇ ਚਿਰ ਪਿਛੋ ਬੰਸਰੀ ਦੀ ਅਵਾਜ ਆਉਣ ਲਗ ਪਈ ਜਿਸਦਾ ਬੋਲ ਸਾਫ ਮਲੂਮ ਹੁੰਦਾ ਸੀ ਮਹਾਰਾਜ ਦਾ ਦਿਲ ਬੇਚੈਨ ਹੋਗਿਆ ਝਟ ਲੌਂਡੀ ਨੂੰ ਬੁਲਾਕੇ ਹੁਕਮ ਦਿਤਾ ਕਿ ਕਸੇ ਨੂੰ ਕਹੋ ਕਿ ਜਿਸਦੇ ਗਾਉਣ ਦੀ ਅਵਾਜ ਆਉਂਦੀ ਹੈ

CC-0. Kashmir Research Institute. Digitized by eGangotri

ਓਸਨੂ ਮਹਲ ਦੇ ਹੇਠਾਂ ਲੈ ਆਵੇ।

ਹੁਕਮ ਹੁੰਦਿਆਂ ਹੀ ਪੈਹਰੇਦਾਰ ਦੌੜੇ ਆਏ, ਦੇਖਿਆ ਕਿ ਇਕ ਨਾਜ਼ਕ ਬਦਨ ਔਰਤ ਬੈਠੀ ਗਾਉਂਦੀ ਹੈ, ਓਸਦੀ ਸੂਰਤ ਦੇਖਕੇ ਓਨਾਂ ਲੋਕਾਂ ਦੀ ਹੋਸ਼ ਟਕਾਣੇ ਨਾ ਰਹੀ, ਬਹੁਤ ਚਿਰ ਪਿਛੋਂ ਬੋਲੇ, ਕਿ ਮਹਾਰਾਜ ਨੇ ਮਹਲ ਦੇ ਪਾਸ ਤੁਹਾਨੂ ਬੁਲਾਯਾ ਹੈ ਅਰ ਤੁਹਾਡਾ ਗਾਉਣ ਸੁਨਣਾ ਚਾਹੁੰਦੇ ਹਨ॥

ਚਪਲਾ ਨੇ ਕੁਝ ਨਾਂਹ ਨਾ ਕੀਤੀ ਤੇ ਓਨਾਂ ਲੋਕਾਂ ਦੇ ਨਾਲ ਹੀ ਮਹਲ ਦੇ ਹੇਠਾਂ ਆਈ ਅਰ ਗਾਉਣ ਲਗ ਪਈ, ਓਸਦੇ ਗਾਉਣ ਨੇ ਮਹਾਰਾਜ ਨੂ ਬੇਤਾਬ ਕਰ ਦਿਤਾ, ਦਿਲ ਨੂੰ ਨਾ ਰੋਕ ਸਕੇ, ਹੁਕਮ ਦਿਤਾ ਕਿ ਏਸਨੂੰ ਦੀਵਾਨ ਖਾਨੇ ਵਿਚ ਲਜਾਕੇ ਬਿਠਾਓ ਅਰ ਰੋਸ਼ਨੀ ਦਾ ਬੰਦੋਬਸਤ ਕਰੋ ਅਸੀ ਆਉਂਦੇ ਹਾਂ ਮਹਾਰਾਣੀ ਨੇ ਕਿਹਾ ਅਵਾਜ ਤੋਂ ਤਾਂ ਏਹ ਤੀਵੀ ਮਲੂਮ ਹੁੰਦੀ ਹੈ ਕੀ ਹਰਜ ਹੈ ਜੇ ਮਹਲ ਵਿਚ ਸਦ ਲਈਏ ? ਮਹਾਰਾਜ ਨੇ ਕਿਹਾ ਪੈਹਲਾਂ ਅਸੀ ਦੇਖ ਸਮਝ ਲਈਂਦੇ ਤਾਂ ਫੇਰ ਜੇਹਾ ਹੋਵੇਗਾ ਦੇਖਿਆ ਜਾਊ ਜੇ ਏਥੇ ਆਉਨ ਲਾਇਕ ਹੋਵੇਗੀ ਤਾਂ ਤੁਹਾਡੀ ਮਨਸ਼ਾ ਭੀ ਪੂਰੀ ਕੀਤੀ ਜਾਵੇਗੀ॥

ਹੁਕਮ ਦੀ ਦੇਰ ਸੀ ਸਭ ਕੰਮ ਲੈਸ ਹੋਗਿਆ, ਮਹਾਰਾਜ ਦੀਵਾਨ ਖਾਨੇ ਵਿਚ ਜਾ ਬਰਾਜੇ, ਬੀਬੀ ਚਪਲਾ ਨੇ ਝੁਕਕੇ ਮਹਾਰਾਜ ਨੂੰ ਸਲਾਮ ਕੀਤੀ, ਮਹਾਰਾਜ ਨੇ ਦੇਖਿਆ ਕਿ ਇਕ ਸੁੰਦਰੀ ਸੁਰਮਈ ਰੰਗ ਦੀ ਸਾੜੀ ਤੇ ਧਾਨੀ ਰੰਗ ਦੀ ਬੂਟੇਦਾਰ ਚੋਲੀ ਦਖਿਨੀ ਢੰਗ ਉਤੇ ਪਾਈ ਪਿਛੇ ਲੀਰ ਏਨ, ਖੁਲਾ ਸਿਰ ਗਰਾਰੀ ਦਾਰ ਜੂੜਾ ਕਾਂਟੇ ਨਾਲ ਬੰਨੀ ਓਹਦੇ ਉਤੇ ਇਕ ਸੋਨੇ ਦਾ ਛੋਟਾ ਜੇਹਾ ਫਲ, ਮਥੇ ਤੇ ਇਕ ਵਡਾ ਸਾਰਾ ਹੋਲੀ ਦਾ ਟਿਕਾ ਲਾਈ ਕੰਨ ਵਿਚ ਬੜੀਆਂ ਸੋਹਣੀਆਂ ਸੋਨੇ ਦੀਆਂ

CC-0. Kashmir Research Institute. Digitized by eGangotri

ਜੜਾਊ ਵਾਲੀਆਂ ਪਹਨੀਂ, ਨਕ ਵਿਚ ਸਰਜੇ ਦੀ ਨਥ, ਸੋਨੇ ਦੀ ਜੰਜੀਰੀ ਗਲ ਵਿਚ ਹਥਾਂ ਵਿਚ ਕੜੇ ਤੇ ਉਪਰ ਕਲੀਆਂ ਤੇ ਦੂੜੀਆਂ, ਲਕ ਨਾਲ ਲਛੇਦਾਰ ਕਰਧਨੀ ਤੇ ਪੈਰਾਂ ਵਿਚ ਸਾਂਕੜਾ ਪਾਈ ਬੜੇ ਹਾਵ ਭਾਵ ਨਾਲ ਸਾਹਮਣੇ ਖਲੋਤੀ ਹੋਈ ਗੋਹਣਾ ਤਾਂ ਬੜਾ ਹੀ ਹੈ ਪਰ ਸਰੀਰ ਦੀ ਸਫਾਈ ਤੇ ਮੁਡੋਲ ਗਜਬ ਕਰ ਰਹੀ ਹੈ, ਬੀਕ ਨਿਗਾਹ ਨਾਲ ਦਖਨ ਨਾਲ ਇਕ ਛੋਟਾ ਜਿਹਾ ਤਿਲ ਠੋਡੀ ਦੇ ਪਾਸ ਦੇਖਿਆ ਜੋ ਹੋਰ ਭੀ ਦੌਣਕ ਦੇ ਰਿਹਾ ਸੀ। ਮਹਾਰਾਜ ਦੀ ਹੋਸ਼ ਜਾਂਦੀ ਰਹੀ ਆਪਣੇ ਮਹਾਰਾਣੀ ਸਾਹਿਬਾ ਨੂੰ ਭੁਲ ਗਏ ਜਿਸਦੇ ਉਤੇ ਨਸ਼ੇ ਹੋਏ ਸਨ, ਝਟ ਮੂਹੋ ਨਿਕਲ ਪਿਆ ਕਿ ਵਾਹ ਕੀ ਕਹਿਣਾ ਹੈ ਟਿਕਟਕੀ ਬਝ ਗਈ। ਮਹਾਰਾਜ ਨੇ ਕਿਹਾ ਆਓ ਐਥੇ ਬੈਠੋ ਸ਼ੀਬ ਚਪਲਾ ਲਕ ਨੂੰ ਵਲ ਦੇਂਦੀ ਹੋਈ ਬੜੇ ਅਦਾ ਦੇ ਨਾਲ ਕੁਝ ਨੇੜੇ ਜਾਕੇ ਸਲਾਮ ਕਰਕੇ ਬੈਠ ਗਈ। ਮਹਾਰਾਜ ਉਸਦੇ ਹੁਸਨ ਦਰੋਅਬ ਵਿਚ ਆਗਏ ਹੋਰ ਕੁਝ ਕਹਿ ਨਾ ਸਕੇ ਇਕਟਿਕ ਮੂੰਹ ਵਲ ਦੇਖਣ ਲਗ ਕਿੰਨੇ ਚਿਰ ਪਿਛੋਂ ਪੁਛਿਆ ਕਿ ਤੁਹਾਡਾ ਮਕਾਨ ਕਿਥੇ ਹੈ ਕੌਣ ਹੁਦੇ ਹੋ ਤ ਨਾਂ ਕੀ ਹੈ ? ਤੁਹਾਡ ਕੇਹੀ ਔਰਤ ਦਾ ਰਾਤ ਦੇ ਸਮੇਂ ਕਲੇ ਫਿਰਨਾ ਹੈਰਾਨੀ ਵਿਚ ਸੁਟਦਾ ਹੈ। ਉਸਨੇ ਜਵਾਬ ਦਿਤਾ "ਮੈਂ ਗਵਾਲੀਅਰ ਮੇ ਰਹਿਨ ਵਾਲੀ ਪਟਲਾਪਾ ਕਬਰ ਦੀ ਧੀ ਹਾਂ ਅਰ ਰੌਂਗਾ ਮੇਰਾ ਨਾਂ ਹੈ" ਮੇਰਾ ਪਿਉ ਬੜਾ ਹੀ ਨਾਮੀ ਸੀ, ਇਕ ਆਦਮੀ ਉਤੇ ਮੇਰੀ ਆਗਿਆ, ਅਰ ਓਹ ਗਲਾਂ ਵਿਚ ਹੀ ਮੈਥੋਂ ਤੁਰ ਚਲਿਆ ਗਿਆ ਹੈ ਓਸ ਦੀ ਖੁਜ ਵਿਚ ਮਾਰੀ ਮਾਰੀ ਫਿਰਦੀ ਹਾਂ ਕੀ ਕਰਾਂ ਬਹੁਤਾ ਦਰਬਾਰਾਂ ਵਿਚ ਜਾਂਦ ਹਾਂ ਸ਼ਾਇਦ ਮਿਲ ਪਵੇ ਕਿਉਂਕਿ ਓਹ ਭੀ ਬੜਾ ਗਵਯਾ ਸੀ, ਪਤਾ ਨਹੀਂ

CC-0. Kashmir Research Institute. Digitized by eGangotri

ਜੇ ਕਿਸੇ ਦਰਬਾਰ ਵਿਚ ਹੋਵੇ, ਐਸ ਵੇਲੇ ਦਿਲ ਦੀ ਉਦਾਸੀ ਅਰਕੇ ਕੁਝ ਗਾਉਂਦੀ ਪਈ ਸਾਂ ਜੋ ਸਰਕਾਰ ਨੇ ਯਾਦ ਕੀਤਾ ਮੈਂ ਹਾਜਰ ਹੋ ਗਈ ਹਾਂ। ਮਹਾਰਾਜ ਨੇ ਕਿਹਾ ਤੁਹਾਡੀ ਅਵਾਜ ਬਹੁਤ ਚੰਗੀ ਹੈ ਅਰ ਗਾਉਂਦੀ ਭੀ ਹਛਾ ਹੈ ਹੁਣ ਕੁਝ ਗਾਕੇ ਸਨਾਓ ਜੋ ਚੰਗੀ ਤਰਾਂ ਸਨਿਆਂ ਜਾਵੇ। ਚਪਲਾ ਨੇ ਕਿਹਾ "ਮਹਾਰਾਜ ਨੇ ਇਸ ਨਾਚਜ ਉਤੇ ਬੜੀ ਮੇਹਰਬਾਨੀ ਕੀਤੀ ਹੈ ਜੋ ਪਾਸ ਸਦਕੇ ਬੈਠਾਯਾ ਅਰ ਲੌਂਡੀ ਨੂ ਇਜਤ ਦਿਤੀ ਹੈ ਪਰ ਜੇ ਆਪ ਮੇਰਾ ਗਾਨਾ ਸੁਣਨਾ ਚਾਹੁਦੇ ਹੋ ਤਾਂ ਆਪਣੇ ਨੌਕਰ ਮਰਾਸੀਆਂ ਨੂ ਸਦਵਾਓ ਓਹ ਕੁਝ ਵਜਾਉਨ ਤਾਂ ਗਾਉਣ ਦਾ ਸਵਾਦ ਆਵ ਨਹੀਂ ਤਾਂ ਮੈ ਹਾਜਰ ਹੀ ਹਾਂ। ਏਹ ਸੁਣ ਕੇ ਮਹਾਰਾਜ ਬਹੁਤ ਖੁਸ਼ ਹੋਏ ਅਰ ਹੁਕਮ ਦਿਤਾ ਕਿ ਸਫਰ ਦਾ ਮਰਾਸੀ ਹਾਜਰ ਕੀਤੇ ਜਾਨ। ਪਿਆਦੇ ਦੌੜ ਮਰਾਸੀਆਂ ਨੂੰ ਜਾ ਕੇ ਸਰਕਾਰੀ ਹੁਕਮ ਸੁਨਾਯਾ ਓਹ ਸਭ ਹੈਰਾਨ ਹੋ ਗਏ ਕਿ ਤਿੰਨ ਪਹਿਰ ਰਾਤ ਗੁਜਰੇ ਏਹ ਕੀ ਮਹਾਰਾਜ ਨੂ ਸੁਝੀ ਹੈ ਛਤਰਾ ਲਚਾਰ ਰੋਕ ਆਉਨਾ ਹੀ ਪਿਆ, ਆਕੇ ਇਕ ਚੰਦ ਦੇ ਟੋਟ ਨੂ ਸਾਹਮਣੇ ਦੇਖਿਆ, ਦਿਲ ਖੁਸ਼ ਹੋਗਿਆ, ਆਏ ਤਾਂ ਕੁੜੇ ਹੋਏ ਸਨ ਪਰ ਖਿੜ ਗਏ, ਝਟ ਸਾਜ ਵਾਜ ਮਿਲਾਕੇ ਸਾਂ ਸਿਰ ਜਾ ਬੈਠੇ ਚਪਲਾ ਨੇ ਗਾਉਣਾ ਸ਼ੁਰੂ ਕੀਤਾ, ਉਨ ਕੀ ਸਾ ਸਾਜ ਸਮਾਜ ਨਾਲ ਗਾਉਣਾ ਤੇ ਪਿਛਲੀ ਰਾਤ ਦਾ ਵੇਲਾ ਮਹਾਰਾਜ ਨੂ ਬੁਤ ਬਨਾ ਦਿਤਾ ਮਰਾਸੀ ਭੀ ਦੰਗ ਹੋ ਗਏ, ਭਾਰੀ ਵਿਦਯਾ ਅਜ ਖਰਚ ਕਰਨੀ ਪੈਂਦੀ ਭਾਵੇਂ ਬੇਵਕਤੀ ਅਹਫਲ ਸੀ ਪਰ ਤਾਂ ਵੀ ਬਹੁਤ ਸਾਰੇ ਆਦਮੀ ਕੰਠੇ ਹੋ ਗਏ, ਅਜੇ ਦੋ ਗੀਤ ਹੀ ਗਾਏ ਸਨ ਕਿ ਸਵੇਰ ਹੋ ਗਈ ਇਕ ਭੈਰਵੀ ਗਾਉਨ ਦੇ ਪਿਛੋ ਚਪਲਾ ਨ ਗਾਉਨਾ ਬੰਦ ਕਰ ਦਿਤਾ। ਨਰ

CC-0. Kashmir Research Institute. Digitized by eGangotri

ਬੇਨਤੀ ਕੀਤੀ ਕਿ ਮਹਾਰਾਜ ਹੁਣ ਦਿਨ ਚੜ ਅਯਾ ਹੈ, ਮੈਂ ਕਲ੍ਹ ਦੀ ਥਕੀ ਹੋਈ ਹਾਂ ਕਿਉਂ ਕਿ ਦੂਰੋਂ ਆਈ ਹਾਂ ਹੁਕਮ ਹੋਵੇ ਤਾਂ ਜਾਵਾਂ ? ਚਪਲਾ ਦੀ ਗਲ ਸੁਣਕੇ ਮਹਾਰਾਜ ਚੌਕ ਉਠੇ ਵੇਖਿਆ ਕਿ ਸਚ ਮੁਚ ਸਵੇਰਾ ਹੋਗਿਆ ਹੈ। ਆਪਣੇ ਗਲ ਵਿਚੋਂ ਮੋਤੀਆਂ ਦੀ ਮਾਲਾ ਲਾਹਕੇ ਇਨਾਮ ਦਿਤਾ ਅਤ ਕਿਹਾ ਅਜੇ ਸਾਡਾ ਦਿਲ ਤੇਰੇ ਗਾਉਣ ਨਾਲ ਨਹੀਂ ਰਜਿਆ ਕੁਝ ਦਿਨ ਏਥੇ ਠਹਰੋ ਫੇਰ ਜਾਣਾ। ਰੰਭਾ ਨੇ ਕਿਹਾ ਜੇਕਰ ਮਹਾਰਾਜ ਦੀ ਏਤਨੀ ਮੇਹਰਬਾਨੀ ਮੇਰੇ ਉਤ ਹੈ ਤਾਂ ਮੈਨੂੰ ਰਹਨ ਵਿਚ ਕੋਈ ਉਜ਼ਰ ਨਹੀਂ॥

ਮਹਾਰਾਜ ਨੇ ਹੁਕਮ ਦਿਤਾ ਕਿ ਰੰਭਾ ਦੇ ਰਹਨ ਦਾ ਪੂਰਾ ਬੰਦੋਬਸਤ ਕੀਤਾ ਜਾਵੇ ਅਤ ਰਾਤ ਨੂੰ ਆਮ ਮਹਫਲ ਦਾ ਸਾਮਾਨ ਕੀਤਾ ਜਾਵ। ਹੁਕਮ ਹੁੰਦਿਆਂ ਹੀ ਸਾਰਾ ਪ੍ਰਬੰਧ ਹੋਗਿਆ ਅਤ ਇਕ ਸੁੰਦਰ ਮਕਾਨ ਵਿਚ ਰੰਭਾ ਦਾ ਡੇਰਾ ਹੋਗਿਆ ਨੌਕਰ ਦਾਸੀਆਂ ਸਭ ਮੌਜੂਦ ਕਰ ਦਿਤੀਆਂ॥

ਅਜ ਰਾਤ ਨੂੰ ਅਮ ਮਹਿਫਲ ਸੀ ਚੜ੍ਹੇ ਹੋਏ ਆਦਮੀ ਸਭ ਕਠੇ ਹੋਏ ਹਸਨ, ਰੰਭਾ ਭੀ ਹਾਜਰ ਹੋਈ; ਅਤ ਸਲਾਮ ਕਰਕੇ ਬੈਠ ਗਈ ਮਹਫਲ ਵਿਚ ਕੋਈ ਅਜੇਹਾ ਨਹੀਂ ਸੀ ਜਿਸਦੀ ਨਿਗਾਹ ਰੰਭਾ ਵਲ ਨਾ ਹੋਵੇ, ਜਿਸਨੂੰ ਦੇਖੋ ਹਾਉਕੇ ਭਰ ਰਿਹਾ ਹੈ ਆਪਸ ਵਿਚ ਸਭ ਏਹੋ ਕਹਿੰਦੇ ਸਨ ਵਾਹ ਕਿਆ ਭੋਲੀ ਸੂਰਤ ਹੈ, ਕਿਉਂ ਕਦੀ ਅਜ ਤਕ ਏਹੋ ਜੇਹੀ ਔਰਤ ਤੁਸਾਂ ਦੇਖੀ ਸੀ ?

ਰੰਭਾ ਨੇ ਗਾਉਣ ਸ਼ੁਰੂ ਕੀਤਾ, ਹੁਣ ਜਿਸਨੂੰ ਦੇਖੋ ਮਿਟੀ ਦੀ ਮੂਰਤ ਹੋ ਰਿਹਾ ਹੈ ਇਕ ਗੀਤ ਗਾਕੇ, ਓਸਨੇ ਬੇਨਤੀ ਕੀਤੀ ਕਿ ਇਕ ਵਾਰੀ ਨੌਰਤਾਂ ਵਿਚ ਰਾਜੇ ਸੁਰੇਂਦਰ ਸਿੰਘ ਦੀ ਮਹਫਲ ਵਿਚ ਮੈਂ ਗਾਇਆ ਸੀ ਓਹੋ ਜੇਹਾ ਠਾਠ ਮੁੜ ਕਦੇ ਅਜੇ ਤਕ

CC-0. Kashmir Research Institute. Digitized by eGangotri

ਨਹੀਂ ਬਝਾ; ਕਾਰਨ ਏਹ ਕਿ ਓਨਾਂ ਦੇ ਦੀਵਾਨ ਤੇ ਪੁਤਰ ਤੇਜ ਸਿੰਘ ਨੇ ਮੇਰੀ ਅਵਾਜ਼ ਦੇ ਨਾਲ ਮਿਲਾਕੇ ਬੀਨ ਬਜਾਈ ਸੀ, ਹਾਏ! ਮੈਨੂੰ ਓਹ ਮਾਫ ਕਦੇ ਨਾ ਭੁਲੇਗੀ। ਦੋ ਚਾਰ ਦਿਨ ਹੋਏ ਹਨ ਕਿ ਮੈਂ ਫੇਰ ਨੌਗੜ ਗਈ ਸਾਂ ਮਲੂਮ ਹੋਯਾ ਕਿ ਤੇਜ ਸਿੰਘ ਇਥ ਨਹੀਂ ਹੈ ਕਤੇ ਗੁਮ ਹੋ ਗਿਆ ਹੈ ਤਦ ਮੈਂ ਭੀ ਓਥੇ ਨਾ ਠਹਰੀ ਝਟ ਵਾਪਸ ਚਲੀ ਆਈ। 'ਇਨਾਂ ਕੇਹਕ ਰੰਭਾ ਅਟਕ ਗਈ, ਮਹਾਰਾਜ ਜੋ ਓਸ ਉਤੇ ਦਿਲ ਜਾਨ ਦੇ ਬੈਠੇ ਸਨ ਬੋਲ ਕਿਃ—ਅਜ ਕਲ ਤਾਂ ਓਹ ਸਾਡ ਪਾਸ ਕੈਦ ਹੈ ਮੁਸ-ਕਲ ਤਾਂ ਏਹ ਹੈ ਕਿ ਮੈਂ ਓਸਨੂੰ ਛਡਾਂਗਾ ਨਹੀਂ ਤੇ ਕੈਦੀ ਦੀ ਹਾਲਤ ਵਿਚ ਓਹ ਕਦ ਬੀਨ ਨਾ ਬਜ ਵੇਗਾ। ਰੰਭਾ ਨੇ ਕਿਹਾ ਮਹਾਰਾਜ ਜਦ ਓਹ ਮੇਰਾ ਨਾਂ ਸੁਣੇਗਾ ਤਾਂ ਝਟ ਮਨ ਜਾਵੇਗਾ ਪਰ ਓਸ ਨੂੰ ਇਕ ਤੂੰਬੇ ਨਾਲ ਸਿਵਾਯਾ ਜਾਵ ਨਹੀਂ ਤਾਂ ਓਹ ਮੇਰੀ ਗਲ ਕਦੇ ਨਾ ਮੰਨਗਾ। ਕਿਉਂ ਕਿ ਓਹ ਬੜੀ ਜਿਦੀ ਹੈ ਮਹਾਰਾਜ ਨੇ ਪੁਛਿਆ ਓਹ ਕਹੜੀ ਤੂੰਬਾ ਹੈ? ਰੰਭਾ ਨੇ ਕਿਹਾ ਇਕ ਤਾਂ ਓਸਨੂੰ ਸਵਨ ਲਈ ਬ੍ਰਾਹਮਣ ਜਾਵੇ ਤੇ ਓਹ ਉਮਰ ਵਿਚ ੨੦ ਵਰਹੇ ਤੋਂ ਵਡਾ ਨਾ ਹੋਵੇ, ਦੂਸਰੇ ਜਦ ਓਹ ਓਸਨੂੰ ਲਿਆਵ ਦੂਜ ਕਦੇ ਨਾਲ ਨਾ ਹੋਵੇ, ਜੇ ਭਜ ਜਾਨ ਦਾ ਡਰ ਹੋਵੇ ਤਾਂ ਚਮਦੇ ਪੜਾਂ ਵਿਚ ਏੜੀ ਪਈ ਰਹੇ ਕੋਈ ਡਰ ਨਹੀਂ ਹੈ, ਤੀਸਰੇ ਬਨ ਕੋਏ ਚੰਗੀ ਜੇਹੀ ਹੋਵੇ। 'ਮਹਾਰਾਜ ਨੇ ਕਿਹਾ ਏਹ ਕੋਈ ਵਡੀ ਗੱਲ ਹੈ ਐਧਰ ਓਧਰ ਦੇਖਿਆ ਤਾਂ ਇਕ ਬ੍ਰਾਹਮਣ ਦਾ ਪੁਤ੍ਰ ਚਤਰਮ ਨਾਮੀ ਓਸ ਉਮਰ ਦਾ ਨਜ਼ਰੀ ਆਯਾ, ਓਸਨੂੰ ਹੁਕਮ ਦਿੱਤਾ ।ਕ ਤੂੰ ਜਾਕੇ ਤੇਜ ਸਿੰਘ ਨੂੰ ਲੈ ਆ ਅਤੇ ਮੀਰ ਮੁਨਸ਼ੀ ਨੂੰ ਕਿਹਾ ਕਿ ਤੂੰ ਜਾਕੇ ਪੇਹਰੇ ਵਾਲਿਆ ਨੂੰ ਸਮਝਾ ਦੇਹ ਕਿ ਤੇਜ ਸਿੰਘ ਦੇ ਕਲੇ ਆਉਨ ਵਿਚ ਕੋਈ

CC-0. Kashmir Research Institute. Digitized by eGangotri

ਰੋਕ ਟੋਕ ਨਾ ਕਰਨ ਹਾਂ ਇਕ ਬੇੜੀ, ਓਸਦੇ ਪੈਰਾਂ ਵਿਚ ਪਾ ਦੇਵਨ।

ਹੁਕਮ ਪਾਕੇ ਚੇਤ ਰਾਮ ਤੇਜ ਸਿੰਘ ਨੂੰ ਲੈਣ ਲਈ ਗਿਆ ਅਰ ਮੀਰ ਮੁਨਸ਼ੀ ਨੇ ਪੇਹਰੇ ਵਾਲਿਆਂ ਨੂ ਮਹਾਰਾਜ ਦਾ ਹੁਕਮ ਸੁਨਾਯਾ ਓਨਾਂ ਲੋਕਾਂ ਦਾ ਕੀ ਉਜਰ ਸੀ ਤੇਜ ਸਿੰਘ ਨੂੰ ਕਲਿਆਂ ਭੇਜ ਦਿਤਾ। ਤੇਜ ਸਿੰਘ ਜੀ ਵਿਚ ਸਮਝ ਗਿਆ ਕਿ ਜਰੂਰ ਮੇਰਾ ਕੋਈ ਸਜਨ ਏਥੇ ਆ ਪਹੁੰਚਾ ਹੈ ਜਿਸਨੂੰ ਅਜੇਹੀ ਚਲਾਕੀ ਤੇਸ਼ਰਤ ਨਾਲ ਮੈਨੂੰ ਸਦਵਾਯਾ ਹੈ ਖੁਸ਼ੀ ਖੁਸ਼ੀ ਚੇਤ ਰਾਮ ਦੇ ਨਾਲ ਹੋ ਤੁਰੇ ਜਦ ਮਹਿਫਲ ਵਿਚ ਆਯਾ ਤਾਂ ਅਜਬ ਤਮਾਸ਼ਾ ਦੇਖਿਆ ਕਿ ਇਕ ਬਹੁਤ ਹੀ ਸੋਹਣੀ ਔਰਤ ਬੈਠੀ ਹੈ ਅਰ ਸਭੇ ਓਹਦੇ ਵਲ ਵੇਖ ਰਹੇ ਹਨ, ਜਦ ਤੇਜ ਸਿੰਘ ਮਹਿਫਲ ਦੇ ਵਿਚ ਪਹੁੰਚਾ ਤਾਂ ਰੰਡਾ ਨੇ ਅਵਾਜ ਦਿਤੀ, "ਆਓ ਜੀ ਤੇਜ ਸਿੰਘ ਰੰਡਾ ਚਿਰੋਕਨੀ ਤੁਹਾਨੂੰ ਉਡੀਕ ਰਹੀ ਹੈ ਭਲਾ ਓਹ ਬੀਨ ਕਦ ਕੁਲੇਗਾ ਜੋ ਨੌ ਗੜ ਵਿਚ ਤੁਸਾਂ ਵਜਾਈ ਸੀ ?" ਇਹ ਕਹਿੰਦਿਆ ੨ ਰੰਡਾ ਨੇ ਤੇਜ ਸਿੰਘ ਵਲ ਤਕਕੇ ਖਦੀ ਵਾਰੀ ਅੱਖ ਬੰਦ ਕੀਤੀ, ਤੇਜ ਸਿੰਘ ਭੀ ਸਮਝ ਗਿਆ ਕਿ ਇਹ ਚਪਲਾ ਹੈ ਅਰ ਬੋਲਿਆ ਕਿ ਰੰਡਾ ਤੂੰ ਆ ਗਈ ਜੇਕਰ ਮੌਤ ਵੀ ਸਾਹਮਣੇ ਨਜ਼ਰ ਆਉਂਦੀ ਹੋਵੇ ਤਦ ਵੀ ਤੇਰੇ ਨਾਲ ਬੀਨ ਬਜਾਕੇ ਮਰਾਂਗਾ ਕਿਉਂਕਿ ਤੇਰੇ ਜੇਹੀ ਜਾਉਣ ਵਾਲੀ ਕਿਥੋਂ ਮਿਲਨੀ ਹੈ ? ਤੇਜ ਸਿੰਘ ਤੇ ਰੰਡਾ ਦੀ ਗਲ ਸੁਣਕੇ ਮਹਾਰਾਜ ਬੜੇ ਹੈਰਾਨ ਹੋਏ ਪਰ ਓਨਾਂ ਨੂੰ ਤਾਂ ਇਕ ਧੁੰਨ ਲਗੀ ਸੀ ਕਿ ਕਦ ਬੀਨ ਵਜੇ ਤੇ ਕਦੋਂ ਰੰਡਾ ਗਾਵੇ। ਇਕ ਬਹੁਤ ਚੰਗੀ ਬੀਨ ਲਿਆਕੇ ਤੇਜ ਸਿੰਘ ਦੇ ਅਗੇ ਰਖੀ ਗਈ ਓਨਾਂ ਨੇ ਬਜਾਉਣੀ ਸ਼ੁਰੂ ਕੀਤੀ ਤੇ ਰੰਡਾ ਲਗੀ ਗਾਉਣ ਧੁਣ ਜੋ ਸਮਝ

CC-0. Kashmir Research Institute. Digitized by eGangotri

ਬਾਬਾ ਓਹ ਕਹਿਨ ਤੋਂ ਬਾਹਰ ਹੈ ਮਹਾਂਰਾਜ ਤਾਂ ਸਕਤੇ ਜੀ ਹਾਲਤ ਵਿਚ ਹੋਗਏ, ਹੋਰਨਾਂ ਦਾ ਦੂਸਰਾ ਹੀ ਹਾਲ ਸੀ। ।ਇਕ ਹੀ ਗੀਤ ਗਾਕੇ ਤੇਜ ਸਿੰਘ ਨੇ ਬੀਨ ਹਥੋਂ ਰੱਖ ਦਿਤੀ, ਮਹਾਰਾਜ ਨੇ ਕਿਹਾ ਕਿਉਂ ? ਹੋਰ ਵਜਾਓ, ਤੇਜ ਸਿੰਘ ਨੇ ਕਿਹਾ ਬੱਸ ਜੀ ਮੈਂ ਇਕ ਦਿਨ ਵਿਚ ਇਕ ਬੋਲ ਤੋਂ ਵਧੀਕ ਨਹੀਂ ਵਜਾਉਂਦਾ ਜੇਕਰ ਤੁਹਾਨੂੰ ਸ਼ੌਕ ਹੈ ਤਾਂ ਫੇਰ ਕਲ ਸੁਣ ਲੈਣਾ। ਰੰਭਾ ਨੇ ਵੀ ਕਿਹ:—ਹਾਂ ਮਹਾਰਾਜਾ ਏਨਾਂ ਵਿਚ ਇਹੋ ਤਾਂ ਇਕ ਐਬ ਹੈ ਰਾਜਾ ਸੁਰੇਂਦਰ ਸਿੰਘ ਜਿਨਾਂ ਦੇ ਇਹ ਨੌਕਰ ਹਨ ਕਹਿੰਦੇ ਥਕ ਗਏ ਪਰ ਏਨੇ ਇਕ ਨਾ ਮੰਨੀ ਇਕ ਬੋਲ ਹੀ ਵਜਾ ਕੇ ਰਹਿ ਗਏ ਕੀ ਹਰਜ ਹੈ ਕਲ ਫੇਰ ਸੁਣ ਲੈਣ। ਮਹਾਰਾਜ ਸੋਚਨ ਲਗੇ ਕਿ ਇਹ ਅਜਬ ਆਦਮੀ ਹੈ ਭਲਾ ਏਸ ਵਿਚ ਏਸਨੇ ਕੀ ਫਾਇਦਾ ਸੋਚ ਰਖਿਆ ਹੈ ਅਵਸੋਸ ਕਿ ਇਹ ਮੇਰੇ ਦਰਬਾਰ ਵਿਚ ਨਾ ਹੋਇਆ। ਰੰਭਾ ਨੇ ਭੀ ਬਹੁਤ ਕੁਝ ਉਜਰ ਕਰਕੇ ਗਾਉਣਾਂ ਬੰਦ ਕੀਤਾ। ਸਭਨਾਂ ਦੇ ਦਿਲ ਵਿਚ ਹਸਰਤ ਬਣੀ ਹੀ ਰਹੀ ਮਹਾਰਾਜ ਨੇ ਭੀ ਅਫਸੋਸ ਦੇ ਨਾਲ ਮਹਫਲ ਬਰਖਾਸਤ ਕੀਤੀ ਤੇਜ ਸਿੰਘ ਫੇਰ ਓਸੇ ਚੇਤ ਰਾਮ ਦੇ ਨਾਲ ਕੈਦ ਖਾਨੇ ਵਿਚ ਭੇਜੇ ਗਏ ਮਹਾਰਾਜ ਨੂੰ ਤਾਂ ਇਸ਼ਕ ਇਸ਼ਕ ਹੋਇਆ ਕਿ ਕਦ ਰਾਤ ਹੋਵੇ ਤੇ ਕਦ ਤੇਜ ਸਿੰਘ ਦਾ ਗਾਉਣਾ ਸੁਣੀਏ। ਫੇਰ ਦੂਸਰੇ ਦਿਨ ਓਸੇ ਚੇਤਰਾਮ ਨੂੰ ਭੇਜਕੇ ਤੇਜ ਸਿੰਘ ਨੂੰ ਸਦਿਆ ਗਿਆ ਓਸ ਦਿਨ ਵੀ ਤੇਜ ਸਿੰਘ ਨੇ ਇਕੋ ਬੋਲ ਬਜਾਕੇ ਬੀਨ ਰੱਖ ਦਿਤੀ ਮਹਾਰਾਜ ਦਾ ਦਿਲ ਨਾ ਰਜਿਆ ਹੁਕਮ ਦਿਤਾ ਕਿ ਕਲ ਪੂਰੀ ੨ ਮਹਫਲ ਹੋਵੇ। ਦੂਸਰੇ ਦਿਨ ਫਰ ਮਹਫਲ ਦਾ ਸਾਮਾਨ ਹੋਇਆ ਲੋਕੀ ਪਹਿਲਾਂ ਹੀ ਆਕੇ ਕਠੇ ਹੋ ਗਏ। ਪਰ ਤੇਜਾ ਮਹਫਲ ਵਿਚ ਜਾਨ ਤੋਂ ਘੰਟਾ ਭਰ ਪਹਿਲਾਂ ਹੀ ਵਾ

CC-0. Kashmir Research Institute. Digitized by eGangotri

ਬਚ ਕੇ ਚੇਤਰਾਮ ਦੀ ਸੂਰਤ ਬਣ ਜੇਲ ਵਿਚ ਪਹੁੰਚੀ ਅਰ ਪੈਹਰੇ ਵਾਲਿਆਂ ਨੂੰ ਕਿਹਾ ਕਿ "ਲਿਆਓ ਤੇਜ ਸਿੰਘ ਨੂੰ ਮੇਰੇ ਹਵਾਲੇ ਕਰੋ" ਪੈਹਰੇ ਵਾਲੇ ਤਾਂ ਜਾਣਦੇ ਹੀ ਸਨ ਕਿ ਚੇਤਰਾਮ ਕੱਲਾ ਹੀ ਤੇਜ ਸਿੰਘ ਨੂੰ ਲੈ ਜਾਂਦਾ ਹੈ ਅਰ ਮਹਾਰਾਜ ਦਾ ਹੁਕਮ ਹੀ ਏਹੋ ਹੈ ਓਨਾਂ ਜੰਦਰਾ ਖੋਲਕੇ ਤੇਜ ਸਿੰਘ ਨੂੰ ਕੱਢਿਆ ਅਰ ਪੈਰਾਂ ਵਿਚ ਬੇੜੀ ਪਾਕੇ ਚਤਰਾਮ ਦੇ ਹਵਾਲੇ ਕੀਤਾ। ਚਤਰਾਮ ਚਪਲਾ) ਓਨਾਂ ਨੂੰ ਲੈਕੇ ਤੁਰਦਾ ਹੋਇਆ, ਥੋੜੀ ਦੂਰ ਜਾਕੇ ਚੇਤਰਾਮ ਨੇ ਤੇਜ ਸਿੰਘ ਦੀ ਬੇੜੀ ਵਢ ਦਿਤੀ ਅਰ ਇਕ ਸੰਘਣੇ ਬਨ ਨੂੰ ਤੁਰ ਪਏ। ਕੁਝ ਦੂਰ ਜਾਕੇ ਚਪਲਾ ਨੇ ਆਪਣੀ ਸੂਰਤ ਬਦਲ ਲਈ ਅਰ ਅਸਲੀ ਸੂਰਤ ਵਿਚ ਹੋ ਗਈ ਤਦ ਤੇਜ ਸਿੰਘ ਓਸਦੀ ਉਸਤਤ ਵਡਿਆਈ ਕਰਨ ਲਗ ਪਏ। ਚਪਲਾ ਨੇ ਕਿਹਾ ਤੁਸੀਂ ਮੈਨੂੰ ਸ਼ਰਮਿੰਦਿਆਂ ਨਾ ਕਰੋ ਮੈਂ ਆਪਣੇ ਆਪਨੂੰ ਅਜਹਾ ਨਹੀਂ ਸਮਝਦੀ ਜੇਹੀ ਤੁਸੀਂ ਉਪਮਾਂ ਕਰਦੇ ਹੋ, ਮੈਨੂੰ ਤਹਾਡੇ ਛੁਡਾਉਨ ਦੀ ਕੋਈ ਲੋੜ ਨਹੀਂ ਸੀ, ਪਰ ਚੰਦਰਕਾਂਤਾ ਦੇ ਕਹਨ ਕਰਕੇ ਮੈਂ ਇਹ ਕੰਮ ਕੀਤਾ ਹੈ। ਤੇਜ ਸਿੰਘ ਨੇ ਕਿਹਾ ਹਾਂ ਠੀਕ ਹੈ ਤੁਹਾਨੂੰ ਮੇਰੀ ਲੋੜ ਕਿਉਂ ਹੋਣੀ ਹੈ ਲੋੜਵੰਦ ਤਾ ਹੋਇਆ ਮੈਂ ਜੋ ਤੁਹਾਡ ਨਾਲ (ਸਫਰ ਦਾ) ਮਰ ਸ ਬਣਿਆਂ ਜੋ ਕੰਮ ਮੇਰੇ ਪਿਓ ਦਾਦੇ ਨੇ ਨਹੀ ਸੀ ਕੀਤਾ ਓਹ ਕਰਲਾ ਪਿਆ। ਇਹ ਸੁਣਕੇ ਚਪਲਾ ਹਸ ਪਈ ਤੇ ਬੋਲੀ "ਬਸ ਬਸ ਖਿਮਾਂ ਕਰੋ ਅਜੇਹੀਆਂ ਗਲਾਂ ਨਾ ਕਰੋ। ਤੇਜ ਸਿੰਘ ਨੇ ਕਿਹਾ ਵਾਹ ਕੀ ਖਿਮਾਂ ਕਰਨਾ ਹੈ ? ਹੁਣ ਮੈਂ ਮਜੂਰੀ ਲਏ ਬਿਨਾਂ ਨਾ ਛਡਾਂਗਾ ਚਪਲਾ ਨੇ ਕਿਹਾ ਮੇਰ ਪਾਸ ਕੀ ਹੈ ਜੋ ਮੈਂ ਦੇਵਾਂ ? ਓਨਾਂ ਨੇ ਕਿਹਾ ਜੋ ਕੁਝ ਤੁਹਾਡੇ ਪਾਸ ਹੈ ਮੇਰੇ ਵਾਸ ਓਹੋ ਬਥੇਰਾ ਹੈ। ਚਪਲਾ ਨੇ ਕਿਹਾ ਹਛਾ ਏਨਾਂ ਗਲਾਂ

CC-0. Kashmir Research Institute. Digitized by eGangotri

ਨੂੰ ਜਾਨ ਦੇਵੋ ਹਾ ਇਹ ਦਸੋ ਕਿ ਹੁਣ ਖਾਲੀ ਹੀ ਖਾਲੀ ਚਲਨਾ ਹੈ ਕਿ ਮਹਾਰਾਜ ਸਿਵਦਤ ਨੂੰ ਕੁਝ ਹੋਰ ਭੀ ਹਥ ਵਿਖਾਓਗੇ ? ਤੇਜ ਸਿੰਘ ਨੇ ਕਿਹਾ ਮਨਸ਼ਾ ਤਾਂ ਮੇਰੀ ਭੀ ਇਹੋ ਹੈ ਅਗੇ ਜਿਸ ਤਰਾਂ ਕਹੋ ? ਚਪਲਾ ਨੇ ਕਿਹਾ ਜਰੂਰ ਕੁਝ ਕਰਨਾ ਚਾਹੀਦਾ ਹੈ। ਹੁਣ ਇਨਾਂ ਦੋਹਾਂ ਨੇ ਆਪਸ ਵਿਚ ਢੇਰ ਚਿਰ ਤਕ ਕੁਝ ਸੋਚ ਵਿਚਾਰ ਕੇ ਇਕ ਚਲਾਕੀ ਕਰਨ ਦਾ ਮਤਾ ਪਕਾਇਆ ਅਰ ਓਸਨੂ ਕਰਨ ਵਾਸਤੇ ਇਹ ਓਥਾਂ ਦੂਸਰੇ ਮੰਘਣੇ ਖਨ ਨੂ ਤੁਰ ਪਏ।

ਅਠਾਰਵਾਂ ਕਾਂਡ

ਹੁਣ ਮਹਾਰਾਜ ਸ਼ਿਵਦਤ ਦੀ ਮਹਫਲ ਦਾ ਹਾਲ ਸੁਣੋ ! ਮਹਾਰਾਜ ਸ਼ਿਵਦਤ ਸਿੰਘ ਮਹਫਲ ਦੇ ਵਿਚ ਆ ਬਿਰਾਜੇ ਜਦ ਰੰਭਾ ਦੇ ਆਉਣ ਨ ਚਿਰ ਹੋਗਿਆ ਤਾਂ ਇਕ ਚੋਬਦਾਰ ਨੂ ਕਿਹਾ ਕਿ ਜਾਕੇ ਓਸਨੂ ਸਦ ਲਿਆਵੇ ਅਰ ਚੇਤਰਾਮ ਬਾਹਮਣ ਨੂ ਤੇਜ ਸਿੰਘ ਨੂ ਲਿਆਉਣ ਦਾ ਹੁਕਮ ਦਿਤਾ ਥੋੜੇ ਚਿਰ ਪਿਛੋ ਚੋਬਦਾਰ ਨੇ ਆਕੇ ਬਨਤੀ ਕੀਤੀ ਕਿ ਮਹਾਰਾਜ ਹੰਝਾ ਆਪਣ ਡਰੇ ਵਿਚ ਨਹੀ ਹੈ ਕਿਤੇ ਚਲੀ ਗਈ ਹੈ। ਮਹਾਰਾਜ ਨੂ ਬੜਾ ਹੈਰਾਨੀ ਹੋਈ ਕਿਉਂਕਿ ਓਹ ਓਸਨੂ ਚਾਹੁੰਦੇ ਨ ਦਿਲ ਵਿਚ ਰੰਭਾ ਵਾਸਤੇ ਅਫਸੋਸ ਕਰਨ ਲਗੇ ਅਰ ਹੁਕਮ ਦਿਤਾ ਕਿ ਬਹੁਤ ਸਾਰੇ ਆਦਮੀ ਓਸਨੂ ਲਭਨ ਵਾਸਤੇ ਭੇਜੇ ਜਾਨ। ਏਨੇ ਹੀ ਵਿਚ ਚੇਤਰਾਮ ਮਿਸਰ ਨੇ ਆਕੇ ਦੂਸਰੀ ਖਬਰ ਸੁਨਾਈ ਕਿ ਜੇਹਲ ਵਿਚ ਤੇਜ ਸਿੰਘ ਭੀ ਨਹੀਂ ਹੈ। ਹੁਣ ਤਾਂ ਮਹਾਰਾਜ ਦੇ ਹੋਸ਼ ਉਡ ਗਏ ਸਾਰੀ ਮਹਫਲ ਦੰਗ ਹੋਗਈ ਕਿ ਚੰਗੀ ਗਾਉਣ (ਵਾਜ਼ੀ ਆਈ ਜੋ ਸਭਨਾਂ ਨੂ

CC-0. Kashmir Research Institute. Digitized by eGangotri

ਉਲੂ ਬਨਾਕੇ ਚਲੀ ਗਈ । ਘਸੀਟਾ ਸਿੰਘ ਤੇ ਚੁਨੀ ਲਾਲ ਏਯਾਰਾਂ ਨੇ ਏਨਤੀ ਕੀਤੀ ਕਿ ਮਹਾਰਾਜ ਬੇਸ਼ਕ ਓਹ ਕੋਈ ਏਯਾਰ ਸੀ ਜੋ ਅਜੇਹਾ ਧਖਾ ਦੇਕੇ ਤੇਜ ਸਿੰਘ ਨੂੰ ਛੁਡਕੇ ਲੈ ਗਿਆ । ਮਹਾਰਾਜ ਨੇ ਕਿਹਾ ਠੀਕ ਹੈ ਕੰਮ ਤਾਂ ਓਸਨੇ ਇਮਾਨ ਪਾਇਨ ਦੇ ਲਾਇਕ ਕੀਤਾ ਹੈ। ਚਾਲਾਕਾ ਤੇ ਏਯਾਰਾਂ ਨੇ ਭੀ ਤਾ ਓਸਦਾ ਗਾਉਣਾ ਸੁਣਿਆਂ ਸੀ ਅਰ ਮਹਿਫਲ ਵਿਚ ਮੌਜੂਦ ਸਨ ਓਨਾਂ ਦੀ ਅਕਲ ਉਤੇ ਕੀ ਪੱਥਰ ਪੈਗਏ ਸਨ ਕਿ ਓਹ ਨਾ ਪਛਾਨ ਸਕੇ ? ਲਾਨਤ ਤੁਹਾਡ ਏਯਾਰ ਕਹਾਉਨ ਉਤੇ ! ਏਹ ਕਹਕੇ ਮਹਾਰਾਜ ਗਮ ਤੇ ਗੁਸ ਦੇ ਭਰੇ ਹੋਵੇ ਉਠਕੇ ਮਹਲ ਵਿਚ ਚਲੇ ਗਏ। ਮਹਿਫਲ ਵਿਚ ਜੋ ਲੋਕ ਆਏ ਹੋਏ ਸਨ ਸਭਨਾਂ ਨੇ ਆਪਣੇ ੨ ਘਰ ਦਾ ਰਸਤਾ ਲਿਆ ਸਾਰੇ ਸ਼ੈਹਰ ਵਿਚ ਏਹ ਗਲ ਉਠ ਗਈ ਜਿਥੇ ਦੇਖੋ ਓਥੇ ਹੀ ਗਲ ਦਾ ਚਰਚਾ ਸੀ।

ਦੂਸਰੇ ਦਿਨ ਜਦ ਗੁਸੇ ਵਿਚ ਭਰੇ ਹੋਏ ਮਹਾਰਾਜ ਦਰਬਾਰ ਵਿਚ ਆਏ ਤਾਂ ਇਕ ਚੋਬਦਾਰ ਨੇ ਬੇਨਤੀ ਕੀਤੀ ਕਿ "ਮਹਾਰਾਜ ਓਹ ਜੋ ਗਾਉਣ ਵਾਲੀ ਆਈ ਸੀ ਓਹ ਔਰਤ ਹੀ ਸੀ ਓਹ ਦੇਤ ਰਾਮ ਮਿਸਰ ਦੀ ਸੂਰਤ ਬਨ ਤੇਜ ਸਿੰਘ ਨੂੰ ਛੁਡਾਕੇ ਲੈ ਗਈ, ਮੈਂ ਹਣੇ ਓਨਾਂ ਦੋਹਾਂ ਨੂੰ ਓਸ ਪਿਪਲ ਵਾਲੇ ਬਨ ਵਿਚ ਦੇਖਿਆ ਹੈ।" ਏਹ ਸੁਣਕੇ ਮਹਾਰਾਜ ਨੂੰ ਹੋਰ ਭੀ ਹੈਰਾਨੀ ਹੋਈ ਹੁਕਮ ਦਿਤਾ ਕਿ ਬਹੁਤ ਸਾਰੇ ਆਦਮੀ ਜਾਵਨ ਅਰ ਓਨਾਂ ਨੂੰ ਪਕੜ ਲਿਆਉਨ। ਚੋਬਦਾਰ ਨੇ ਬੇਨਤੀ ਕੀਤੀ ਕਿ ਇਸਤਰਾਂ ਓਹ ਕਦੇ ਨਾਂ ਫੜੇ ਜਾਨਗੇ ਨਸ ਜਾਨਗੇ ਹਾਂ ਘਸੀਟਾ ਸਿੰਘ ਤੇ ਚੁਨੀਲਾਲ ਮੇਰੇ ਨਾਲ ਚਲਨ ਤਾਂ ਮੈਂ ਏਨਾਂ ਨੂੰ ਦੂਰੋਂ ਦਿਖ ਦੇਵਾਗਾ। ਏਹ ਕੋਈ ਚਾਲਾਕੀ ਕਰਕੇ

CC-0. Kashmir Research Institute. Digitized by eGangotri

ਓਨਾਂ ਨੂੰ ਫੜ ਲੈਨ। ਮਹਾਰਾਜ ਨੇ ਏਸ ਸਲਾਹ ਨੂੰ ਪਸੰਦ ਕਰਕੇ ਦੋਹਾਂ ਏਯਾਰਾਂ ਨੂੰ ਚੋਬਦਾਰ ਦੇ ਨਾਲ ਜਾਨ ਦਾ ਹੁਕਮ ਦਿਤਾ , ਚੋਬਦਾਰ ਦੋਹਾਂ ਏਯਾਰਾਂ ਨੂੰ ਨਾਲ ਲੈਕੇ ਓਸ ਥਾਂ ਤੇ ਪਹੁਚਾ ਜਿਥੇ ਤੇਜ ਸਿੰਘ ਦੇ ਹੋਣ ਦਾ ਓਸਨੇ ਪਤਾ ਦਿਤਾ ਸੀ ਦੇਖਿਆ ਕਿ ਓਥੇ ਕੋਈ ਭੀ ਨਹੀਂ ਹੈ ॥ ਤਦ ਘਸੀਟਾ ਸਿੰਘ ਨੇ ਚੋਬਦਾਰ ਤੋਂ ਪੁਛਿਆ ਕਿ ਹੁਣ ਕਿਥੇ ਦੇਖੀਜੇ ? ਓਸਨੇ ਕਹਾ। ਕਿ ਜ਼ਰੂਰ ਓਹ ਏਥੇ ਹੀ ਬੈਠੇ ਹੋਣਗੇ ! ਕਿਤੇ ਏਧਰ ਓਧਰ ਹੋਣਗੇ ਚਲੋ ਦੇਖ ਲੈਂਦੇ ਹਾਂ। ਏਹ ਸੁਣਕੇ ਘਸੀਟਾ ਸਿੰਘ ਨੇ ਕਿਹਾ ਹਛਾ ਚਲੋ ਤੁਸੀ ਹੀ ਅਗੇ ਅਗੇ ਚਲੋ ॥

ਏਹ ਲੋਕ ਏਧਰ ਓਧਰ ਢੂੰਡਨ ਲਗੇ ਸਾਹਮਣੇ ਪਾਸਿਓਂ ਇਕ ਅਹੀਰਨ ਸਿਰ ਉਤੇ ਖਾਰੀ ਵਿਚ ਦੁਧ ਲਈ ਤੁਰੀ ਆਉਂਦੀ ਸੀ, ਚੋਬਦਾਰ ਨੇ ਓਸਨੂੰ ਆਪਣੇ ਪਾਸ ਸਦਕੇ ਪੁਛਿਆ ਕਿ ਤੂੰ ਏਥੇ ਇਕ ਆਦਮੀ ਤੇ ਇਕ ਤੀਵੀਂ ਨੂੰ ਦੇਖਿਆ ਹੈ ? ਓਸਨੇ ਕਿਹਾ ਹਾਂ ਏਸ ਵਨ ਵਿਚ ਮੇਰਾ ਵਾੜਾ ਹੈ ਓਥੇ ਬਹੁਤ ਸਾਰੀਆਂ ਗਾਈਆਂ ਤੇ ਮਹੀਆਂ ਮੇਰੀਆਂ ਹਨ ਮੈਂ ਹੁਣੇ ਅਜੇ ਦੋ ਆਨਿਆਂ ਦਾ ਦੁਧ ਓਨਾਂ ਪਾਸ ਵੇਚਿਆ ਹੈ ਬਾਕੀ ਦੁਧ ਲੈਕੇ ਸ਼ਹਿਰ ਵਿਚ ਵੇਚਨ ਚਲੀ ਹਾਂ । ਏਹ ਸੁਣਕੇ ਚੋਬਦਾਰ ਇਨਾਮ ਦੇ ਚਾਰ ਪੈਸੇ ਓਸ ਨੂੰ ਦੇਣ ਲਗਾ ਓਸਨੇ ਕਿਹਾ ਮੈਂ ਸੈਂਤ ਖੈਰਾਤ ਦੇ ਪੈਸੇ ਨਹੀਂ ਲੈਂਦੀ ਹਾਂ ਜੇ ਤੁਸੀ ਮੈਥੋਂ ਦੁਧ ਲੈ ਲਵੋ ਤਾਂ ਮੈਂ ਸ਼ਹਰ ਜਾਣੇ ਬਚਾਂ ਤੇ ਤੁਹਾਡਾ ਹਸ ਨ ਮੰਨਾਂ ਚੋਬਦਾਰ ਨੇ ਕਿਹਾ ਹਛਾ ਕੀ ਹਰਜ ਹੈ ਤੂੰ ਦੁਧ ਦੇ ਦੇਹ। ਅਹੀਰਨ ਨੇ ਖਾਰੀ ਹੇਠਾਂ ਰਖ ਦਿਤੀ ਅਰ ਦੁਧ ਦੇਣ ਗਲੀ, ਚੋਬਦਾਰ ਨੇ ਓਨਾਂ ਦੋਹਾ ਏਯਾਰਾਂ ਨੂੰ ਕਿਹਾ ਆਓ ਤੁਸੀ ਭੀ ਦੁਧ ਪੀ ਲਵੋ।

CC-0. Kashmir Research Institute. Digitized by eGangotri

ਤਦ ਦੋਹਾਂ ਨੇ ਕਿਹਾ ਸਾਡਾ ਜੀ ਨਹੀਂ ਕਰਦਾ ਤਦ ਓਸਨੇ ਕਿਹਾ ਹਛਾ ਤੁਹਾਡੀ ਮਰਜੀ। ਚੋਬਦਾਰ ਨੇ ਖੂਬ ਦੁਧ ਪੀਤਾ ਤਦ ਫੇਰ ਦੋਹਾਂ ਏਯਾਰਾਂ ਨੂ ਕਿਹਾ "ਵਾਹ ਕੇਹਾ ਚੰਗਾ ਦੁਧ ਹੈ ਸ਼ੇਹਰ ਵਿਚ ਤਾਂ ਰੋਜ ਤੁਸੀਂ ਪੀਂਦੇ ਹੀ ਹੋ ਪਰ ਅਜ ਏਹ ਦੁਧ ਭੀ ਪੀਕੇ ਦੇਖੋ"। ਓਸ ਦੀ ਜਿਦ ਉਤੇ ਏਯਾਰਾਂ ਨੇ ਭੀ ਦੁਧ ਪੀਤਾ ਅਰ ਪੈਸੇ ਦੁਧ ਵਾਲੀ ਨੂ ਦੇ ਦਿਤੇ।

ਏਹ ਤਿੰਨ ਤੇਜ ਸਿੰਘ ਨੂ ਢੂਡਨ ਚਲੇ ਥੋੜੀ ਦੂਰ ਹੀ ਜਾਕੇ ਚੋਬਦਾਰ ਨੇ ਕਿਹਾ ਪਤਾ ਨਹੀ ਜੋ ਮੇਰਾ ਸਿਰ ਕਿਉ ਭੌਂਦਾ ਹੈ। ਘਸੀਟਾ ਸਿੰਘ ਨੇ ਕਿਹਾ ਮੇਰਾ ਭੀ ਏਹੋ ਹਾਲ ਹੈ। ਦੁਨੀ ਲਾਲ ਕੁਝ ਕੈਹਨ ਹੀ ਲਗਾ ਸੀ ਕਿ ਧੜੰਮ ਕਰਦਾ ਜਮੀਨ ਤੇ ਡਿਗ ਪਿਆ ਓਸਦੇ ਪਿਛੋਂ ਚੋਬਦਾਰ ਤੇ ਘਸੀਟਾ ਸਿੰਘ ਭੀ ਪੁਠੇ ਹੋਕੇ ਜਾ ਪਏ, ਦੁਧ ਵੇਚਨ ਵਾਲੀ ਅਜੇ ਬਹੁਤ ਦੂਰ ਨਹੀਂ ਸੀ ਗਈ ਓਨਾਂ ਤਿੰਨਾਂ ਨੂੰ ਡਿਗਦਿਆਂ ਦੇਖਕੇ ਭਜੀ ਆਈ ਅਰ ਖਖਲਖਾ ਸੁੰਘਾਕ ਚੋਬਦਾਰ ਨੂ ਹੇਠਆਰ ਕੀਤਾ, ਚੋਬਦਾਰ ਤੇਜ ਸਿੰਘ ਸੀ ਜਦ ਹੋਸ਼ ਵਿਚ ਆਏ ਤਾਂ ਆਪਣੀ ਅਸਲੀ ਸੂਰਤ ਬਨਾ ਲਈ ਅਤ ਦੋਹਾਂ ਏਯਾਰਾਂ ਦੀਆਂ ਮੁਸ਼ਕਾਂ ਕਸਕੇ ਗੰਢ ਬੰਨਕ ਇਕ ਨੂ ਚਪਲਾ ਤ ਦੂਸਰੇ ਨੂ ਤੇਜ ਸਿੰਘ ਨੇ ਚੁਕ ਲਿਆ ਅਰ ਨੌਗੜ ਦੇ ਰਸਤੇ ਪੈ ਗਏ॥

ਉਨੀਵਾਂ ਕਾਂਡ

ਤੇਜ ਸਿੰਘ ਨੂੰ ਛੁਡਾਉਨ ਵਾਸਤੇ ਜਦ ਚਪਲਾ ਚੁਨਾਰਗਈ ਤਦ ਚੰਪਾ ਨੇ ਜੀ ਵਿਚ ਸੋਚਿਆ ਕਿ ਏਯਾਰ ਬਹੁਤ ਆਏ ਹੋਏ ਹਨ ਮੈ ਕਲੀ ਹਾਂ ਕਿਤੇ ਅਜੇਹਾ ਨਾ ਹੋਵੇ ਕਿ ਕੋਈ ਆਫਤ ਆ ਜਾਵੇ, ਕੋਈ ਅਜੇਹਾ ਕੰਮ ਕਰਨਾ ਚਾਹੀਦਾ ਹੈ ਕਿਹ

CC-0. Kashmir Research Institute. Digitized by eGangotri

ਸਭਨਾਂ ਏਜਾਰਾਂ ਦਾ ਡਰ ਨਾਂ ਰਹੇ ਅਰ ਰਾਤ ਭਰ ਅਰਾਮ ਨਾਲ ਸਵੀਏ। ਏਹ ਸੋਚਕੇ ਓਸਨ ਇਕ ਮਸਾਲਾ ਬਨਾਯਾ ਜਦ ਰਾਤ ਨੂ ਸਭ ਸੌ ਗਏ ਅਰ ਚੰਦਰਕਾਂਤਾ ਭੀ ਪਲੰਘ ਉਤ ਜਾ ਲੰਮੀ ਪਈ ਤਦ ਚੰਪਾ ਨੇ ਮਸਾਲੇ ਨੂ ਪਾਣੀ ਵਿਚ ਘੋਲਕੇ ਜਿਸ ਕਮਰੇ ਵਿਚ ਚੰਦਰਕਾਂਤਾ ਸੁਤੀ ਹੋਈ ਸੀ ਓਸਦੇ ਦਰਵਾਜੇ ਅਗੇ ਨੋਂਦੇ ਗਜ ਐਧਰ ਓਧਰ ਪੋਚਾ ਦੇ ਦਿਤਾ ਅਰ ਆਪ ਨਿਸਚਿੰਤ ਹੋਕੇ ਰਾਜ ਕੁਮਾਰੀ ਦੇ ਪਲੰਘ ਦੇ ਹੇਠਾਂ ਜਾ ਸੁਤੀ। ਓਸ ਮਸਾਲੇ ਵਿਚ ਏਹ ਗੁਣ ਸੀ ਕਿ ਜਿਸ ਜਮੀਨ ਉਤੇ ਓਸਦਾ ਲੇਪ ਕੀਤਾ ਜਾਵੇ ਜਦ ਲੇਪ ਸੁਕ ਜਾਵੇ ਤਾਂ ਜੇਕਰ ਕਿਸੇ ਦਾ ਪੈਰ ਉਤੇ ਆ ਜਾਵੇ ਤਾਂ ਬੜ ਜੋਰ ਨਾਲ ਪਟਾਕ ਵਰਗੀ ਅਵਾਜ ਆਉਂਦੀ ਸੀ ਅਰ ਏਹ ਭੀ ਨਹੀਂ ਮਲੂਮ ਹੁੰਦਾ ਸੀ ਕਿ ਏਸ ਜਮੀਨ ਉਤੇ ਕਿਸੇ ਚੀਜ ਦਾ ਲੇਪ ਕੀਤਾ ਹੋਇਆ ਹੈ॥ ਰਾਤ ਭਰ ਚੰਪਾ ਅਰਾਮ ਨਾਲ ਸੁਤੀ ਭੀ ਕੋਈ ਆਦਮੀ ਓਸ ਕਮਰੇ ਵਿਚ ਨਾ ਆਯਾ। ਸਵੇਰੇ ਤੜਕੇ ਭੀ ਚੰਪਾ ਨੇ ਪਾਣੀ ਨਾਲ ਓਹ ਮਸਾਲਾ ਧੋ ਸੁਟਿਆ ਦੂਸਰੇ ਦਿਨ ਓਸਨੇ ਹੋਰ ਚਲਾਕੀ ਕੀਤੀ ਇਕ ਮਿਟੀ ਦੀ ਖੋਪਰੀ ਬਨਾਈ ਅਰ ਓਸਨੂ ਰੰਗ ਰੋਗਨ ਕਰਕੇ ਠੀਕ ਚੰਦਰਕਾਂਤਾ ਦੀ ਸੂਰਤ ਬਨ ਕੇ ਜਿਸ ਪਲੰਘ ਉਤੇ ਚੰਦਰਕਾਂਤਾ ਸੌਂਦੀ ਸੀ ਓਸ ਪਲੰਘ ਉਤੇ ਸਰਹਾਨੇ ਦੇ ਆਸਰੇ ਓਹ ਖੋਪਰੀ ਰਖ ਦਿਤੀ ਅਰ ਧੜ ਦੀ ਥਾਂ ਤੇ ਕੁਝ ਕਪੜਾ ਰਖਕੇ ਪਤਲੀ ਚਾਦਰ ਓਸਦੇ ਉਤੇ ਪਾ ਦਿਤੀ ਮੂੰਹ ਖੁਲਾ ਰਖਿਆ ਅਰ ਚੰਗੀ ਤਰਾਂ ਚਾਨਣਾ ਕਰਕੇ ਓਸ ਪਲੰਘ ਦੇ ਉਦਾਲੇ ਓਸੇ ਮਸਾਲੇ ਦਾ ਲੇਪ ਕਰ ਦਿਤਾ ਅਤੇ ਚੰਦਰਕਾਂਤਾ ਨੂੰ ਕਿਹਾ ਕਿ ਅਜ ਤੁਸੀ ਦੂਸਰੇ ਕਮਰੇ ਵਿਚ ਜਾ ਸਵੋ। ਚੰਦਰਕਾਂਤਾ ਸਭ ਸਮਝ ਗਈ ਅਰ ਦੂਸਰੇ ਕਮਰੇ ਜਾ ਸੁਤੀ। ਜਿਸ ਕਮਰੇ ਵਿਚ ਚੰਦਰਕਾਂਤਾ

CC-0. Kashmir Research Institute. Digitized by eGangotri

ਸੁਤੀ ਸੀ ਓਸਦੇ ਮੂਹੇ ਉਤ ਭ ਲੇਪ ਕਰ ਦਿਤਾ ਅਤੇ ਜਿਸ ਕਮਰੇ ਵਿਚ ਪਲੰਘ ਉਤੇ ਖੋਪਰੀ ਰਖੀ ਸੀ ਓਸਦੇ ਨਾਲ ਕੋਠੜੀ ਵਿਚ ਦੀਵਾ ਬਲਾ ਕੇ ਆਪ ਸੌ ਰਹੀ ॥

ਅੱਧੀ ਰਾਤ ਤੋਂ ਉਪਰੰਤ ਓਸ ਕਮਰੇ ਦੇ ਅੰਦਰੋਂ ਜਿਸ ਵਿਚ ਖੋਪਰੀ ਰਖੀ ਹੋਈ ਸੀ ਪਟਾਕੇ ਦੀ ਅਵਾਜ ਆਈ ਸੁਣਦਿਆਂ ਹੀ ਚੰਪ ਝਟ ਉਠ ਬਠੀ ਅਰ ਦੌੜਕੇ ਬਾਹਰੋਂ ਬੂਹਾ ਬੰਦ ਕਰ ਦਿਤਾ ਅਰ ਖੂਬ ਰੋਲਾ ਪਉਣ ਲਗ ਪਈ ਏਥੋਂ ਤਕ ਕਿ ਬਹੁਤ ਸਾਰੀਆਂ ਦਾਸੀਆਂ ਆਕੇ ਕਠੀਆ ਹੋ ਗਈਆਂ ਅਰ ਇਕ ਨੇ ਜਾਕੇ ਮਹਾਰਾਜ ਨੂੰ ਖਬਰ ਦਿਤੀ ਕਿ ਚੰਦਰਕਾਂਤਾ ਦੇ ਕਮਰੇ ਵਿਚ ਚੋਰ ਵੜਿਆ ਹੋਯਾ ਹੈ, ਏਹ ਸੁਣਕ ਮਹਾਰਾਜ ਆਪ ਦੌੜ ਆਇ ਅਰ ਹੁਕਮ ਦਿਤਾ ਕਿ ਮਹਲ ਦੇ ਪੈਹਰੇ ਵਿਚੋਂ ਪੰਜ ਦਸ ਸਿਪਾਹੀ ਆ ਜਾਨ । ਜਦ ਸਭ ਕਠੇ ਹੋਗਏ ਤਾਂ ਕਮਰੇ ਦਾ ਬੂਹਾ ਖੋਲਿਆ ਗਿਆ. ਵੇਖਿਆ ਕਿ ਰਾਮ ਨਹੈਣ ਤੇ ਪੰਨਾਂ ਲਾਲ ਦੋਵੇਂ ਏਯਾਰ ਅੰਦਰ ਹਨ ਬਹੁਤ ਸਾਰੇ ਆਦਮੀ ਓਨਾਂ ਨੂੰ ਕੈਦ ਵਿਚ ਰਖਣ ਦਾ ਹੁਕਮ ਦਿਤਾ ਅਰ ਚੰਪਾ ਤੋਂ ਕੁਲ ਹਾਲ ਫੜਨ ਵਾਸਤੇ ਅੰਦਰ ਵੜ ਗਏ ਓਨਾਂ ਏਯਾਰਾਂ ਨੇ ਭੀ ਖੰਜਰ ਕਢਕੇ ਚਲਾਉਣਾ ਸ਼ੁਰੂ ਕੀਤਾ ਅਰ ਚੌਹਾਂ ਪੰਜਾਂ ਸਿਪਾਹੀਆਂ ਨੂੰ ਜਖਮੀ ਕਰ ਦਿਤਾ ਫਿਕਰ ਫੜੇ ਗਏ । ਮਹਾਰਾਜ ਨੇ ਓਨਾਂ ਨੂੰ ਪੁਛਿਆ ਓਸਨੇ ਆਪਣੀ ਸਾਰੀ ਕਾਰਵਾਈ ਸੁਨਾਈ । ਮਹਾਰਾਜ ਸੁਣਕੇ ਬਹੁਤ ਹੀ ਖੁਸ਼ ਹੋਏ ਅਰ ਇਨਾਮ ,ਦੇਕੇ ਪੁਛਿਆ ਤਪਲਾ ਕਿਥ ਹੈ ? ਚੰਪਾ ਨੇ ਕਿਹਾ ਓਹ ਬੰਮਰ ਹੈ। ਫੇਰ ਮਹਾਰਾਜ ਨੇ ਹੋਰ ਕੁਝ ਪੁਛਿਆ ਅਰ ਆਪਣੇ ਕਮਰ ਵਿਚ ਚਲੇ ਗਏ । ਸਵੇਰੇ ਦਰਬਾਰ ਵਿਚ ਮਹਾਰਾਜ ਨੇ ਓਨਾਂ

CC-0. Kashmir Research Institute. Digitized by eGangotri

ਏਜਾਰਾਂ ਨੂੰ ਸਦਵਾਂਦਾ ਜਦ ਓਹ ਆਏ ਤਾਂ ਪੁਛਿਆ ਤੁਹਾਡਾ ਕੀ ਨਾਮ ਹੈ ? ਪੰਨਾ ਲਾਲ ਨੇ ਕਿਹਾ "ਸਿਰਤੋੜ ਸਿੰਘ"। ਮਹਾਰਾਜ ਨੂੰ ਓਸਦੇ ਢੰਠ ਪੁਣੇ ਤੇ ਬੜਾ ਕ੍ਰੋਧ ਆਯਾ ਅਰ ਕਹਨ ਲਗੇ ਇਹ ਲੋਕ ਬੜਬਦਮਾਸ਼ ਹਨ ਜਰਾ ਨਹੀਂ ਡਰਦੇ। ਹਛਾ ਇਨਾਂ ਦੇਹਾਂ ਨੂੰ ਲੈ ਜਾਕੇ ਚੰਗੀ ਤਰਾਂ ਹੋਸ਼ਯਾਰੀ ਨਾਲ ਕੈਦ ਵਿਚ ਰਖੋ। ਹਕਮ ਅਨੁਸਾਰ ਓਹ ਲੋਕ ਕੈਦਖਾਨੇ ਵਿਚ ਭੇਜ ਦਿਤ ਗਏ॥

ਮਹਾਰਾਜ ਨੇ ਹਰਦਿਆਲ ਸਿੰਘ ਤੋਂ ਪੁਛਿਆ ਕੁਝ ਤੇਜ ਸਿੰਘ ਦਾ ਪਤਾ ਲਗਾ ? ਹਰਦਿਆਲ ਸਿੰਘ ਨੇ ਕਿਹਾ ਮਹਾਰਾਜ ਅਜੇ ਤਕ ਤਾਂ ਕੋਈ ਪਤਾ ਨਹੀਂ ਲਗਾ। ਓਹ ਦੋ ਏਜੰਟ ਜੋ ਪਕੜ ਗਏ ਹਨ ਓਨਾਂ ਨੂੰ ਖੂਬ ਮਾਇਆ ਕੁਟਿਆ ਜਾਵੇ ਤਾਂ ਸ਼ਾਇਦ ਓਹ ਲੋਕ ਕੁਝ ਦਸ ਦੇਵਨ। ਮਹਾਰਾਜ ਨੇ ਕਿਹਾ ਹਾਂ ਠੀਕ ਹੈ ਪਰ ਤੇਜ ਸਿੰਘ ਆਵੇਗਾ ਤਾਂ ਗੁਸੇ ਹੋਵੇਗਾ ਕਿ ਏਜਾਰਾਂ ਨੂੰ ਕਿਉਂ ਮਾਰਿਆਂ ਏਹ ਕਾਇਦਾ ਨਿਯਮ ਨਹੀਂ ਹੈ, ਹਛਾ ਹੋਰ ਕੁਝ ਦਿਨ ਤੇਜ ਸਿੰਘ ਨੂੰ ਉਡੀਕੋ ਫੇਰ ਜੋ ਮੁਨਾਸਬ ਹੋਵੇਗਾ ਕੀਤਾ ਜਾਉ। ਹਾਂ ਇਕ ਗਲ ਦਾ ਹੋਰ ਖਿਆਲ ਰਖਨਾਂ ਕਿ ਤੁਸੀ ਫੌਜ ਦਾ ਪ੍ਰਬੰਧ ਤੋਂ ਹੋਸ਼ਯਾਰ ਰਖਣਾਂ ਕਿਉਂਕਿ ਮਹਾਰਾਜ ਸ਼ਿਵਦਤ ਦਾ ਚੜ ਆਉਣਾ ਕੋਈ ਵਡੀ ਗਲ ਨਹੀਂ ਦੀਵਾਨ ਹਰਦਿਆਲ ਸਿੰਘ ਨੇ ਕਿਹਾ ਮੈਂ ਏਸ ਗਲ ਤੋਂ ਹੋਸ਼ਯਾਰ ਹਾਂ ਸਿਰਫ ਇਕ ਗਲ ਏਸ ਵਿਸ਼ੇ ਦੀ ਮਹਾਰਾਜ ਤੋਂ ਪੁਛਨੀ ਸੀ ਸੋ ਇਕਾਂਤ ਵਿਚ ਬੇਨਤੀ ਕਰਾਂਗਾ।

ਜਦ ਦਰਬਾਰ ਹਟ ਗਿਆ ਤਾਂ ਮਹਾਰਾਜ ਨੇ ਹਰਦਿਆਲ ਸਿੰਘ ਨੂੰ ਇਕਾਂਤ ਵਿਚ ਸਦਿਆ ਅਰ ਪੁਛਿਆ ਕਿਉਂ ਕੀ ਗਲ ਹੈ ? ਦੀਵਾਨ ਹਰਦਿਆਲ ਸਿੰਘ ਨੇ ਕਿਹਾ ਮਹਾਰਾਜ ਤੇਜ

CC-0. Kashmir Research Institute. Digitized by eGangotri

ਸਿੰਘ ਨੇ ਕਈ ਵਾਰੀ ਮੇਨੂ ਕਿਹਾ ਸੀ ਸਗੋਂ ਕੌਰ ਬੀਰੇਂਦਰ ਸਿੰਘ ਨੇ ਓਨਾਂ ਦੇ ਪਿਤਾ ਨੂੰ ਭੀ ਕਿਹਾ ਸੀ ਕਿ ਏਥੋ ਦੇ ਸਭ ਮੁਸਲਮਾਨ ਕੂਰ ਸਿੰਘ ਦੇ ਸਾਥੀ ਹਨ ਜਿਥੋ ਤਕ ਹੋਵੇ ਏਨਾਂ ਨੂ ਘਟ ਕਰਨਾ ਚਾਹੀਦਾ ਹੈ, ਮੈਂ ਭੀ ਦੇਖਦਾ ਹਾਂ ਅਰ ਇਹ ਗਲ ਠੀਕ ਮਾਲੂਮ ਹੁਦੀ ਹੈ ਏਸ ਲਈ ਜੋ ਹੁਕਮ ਹੋਵੇ ਕੀਤਾ ਜਾਵੇ। ਮਹਾਰਾਜ ਨੇ ਕਿਹਾ ਠੀਕ ਹੈ ਅਸੀਂ ਆਪ ਤੁਹਾਨੂੰ ਇਹ ਗਲ ਕਰਨ ਵਾਲ ਸਾਂ ਹਛਾ ਹੁਣ ਕਰ ਦਿੰਦੇ ਹਾਂ ਤੁਸੀ ਹੌਲੀ ਹੌਲੀ ਸਭ ਮੁਸਲਮਾਨਾਂ ਨੂ ਵਡੇ ਵਡੇ ਕੰਮਾਂ ਤੋਂ ਹਟਾ ਦੇਵੋ । ਹਰਦਿਆਲ ਸਿੰਘ ਨੇ ਕਿਹਾ ਬਹੁਤ ਹਛਾ ਅਜੇਹਾ ਹੀ ਹੋਵੇਗਾ ਇਹ ਕਹਿਕੇ ਮਹਾਰਾਜ ਤੋਂ ਵਿਦਾ ਹੋਕੇ ਘਰ ਚਲੇ ਆਏ ॥

ਵੀਹਵਾਂ ਕਾਂਡ

ਮਹਾ। ਜ ਸ਼ਿਵਦਤ ਨੇ ਘਸੀਟਾ ਸਿੰਘ ਤੇ ਚੁਨੀ ਲਾਲ ਨੂ ਤੇਜ ਸਿੰਘ ਦੇ ਫੜਨ ਵਾਸਤੇ ਭੇਜਕੇ ਦਰਬਾਰ ਬਰਖਾਸਤ ਕੀਤਾ ਅਰ ਮਹਲ ਵਿਚ ਚਲੇ ਆਏ ਪਰ ਦਿਲ ਓਹਨਾਂ ਦਾ ਰੌਕਾ ਦੀਆਂ ਜੁਲਫਾਂ ਵਿਚ ਅਜੇਹਾ ਫਸ ਗਿਆ ਸੀ ਕਿ ਕਿਸੇ ਤਰਾਂ ਨਿਕਲ ਨਹੀਂ ਸੀ ਸਕਦਾ। ਓਸ ਇਨ ਮਹਾਰਾਣੀ ਨਾਲ ਭੀ ਹਸਣ ਖੇਡਣ ਦਾ ਮੌਕਾ ਹੋਇਆ। ਮਹਾਰਾਣੀ ਨੇ ਪੁਛਿਆ ਕਿ ਅਜ ਤੁਸੀ ਕੁਝ ਉਦਾਸ ਕਿਉਂ ਹੋ ? ਮਹਾਰਾਜ ਨੇ ਕਿਹਾ ਕੁਝ ਨਹੀਂ ਜਾਗਦਿਆਂ ਰਹਿਨ ਕਰਕੇ ਕੁਝ ਸਰੀਰ ਸੁਸਤ ਹੋਇਆ ਹੈ। ਮਹਾਰਾਣੀ ਨੇ ਫੇਰ ਕਿਹਾ ਤੁਸਾਂ ਕਿਹਾ ਸੀ ਕਿ ਓਸ ਗਾਉਣ ਵਾਲੀ ਨੂ ਮਹਲ ਵਿਚ ਸਦਕੇ ਤੈਨੂ ਭੀ ਓਸਦਾ ਗਾਉਣਾ ਸੁਨਾਵਾਂ ਗੇ। ਸ਼ਿਵਦਤ ਨੇ ਕਿਹਾ ਓਹ ਸਾਨੂ ਉਲੂ ਬਨਾਕੇ ਗਚਲੀ ਈ ਹੈ ਤੈਨੂੰ ਕਿਸਦਾ ਗਾਉਣਾ ਸਨਾਈ ? ਮਹਾਰਾਣ

CC-0. Kashmir Research Institute. Digitized by eGangotri

ਨੇ ਕਿਹਾ ਇਹ ਬੜੀ ਹੈਰਾਨੀ ਦੀ ਗਲ ਸੁਨਾਇ ਜੇ; ਪੂਰੀ ਗਲ ਦਸੋ ਜੋ ਕੀ ਹੋਯਾ ਹੇ ? ਏਸ ਵੇਲੇ ਮੇਰਾ ਦਿਲ ਟਿਕਾਨੇ ਨਹੀਂ ਹੈ ਮੈਂ ਬਹੁਤਾ ਬੋਲ ਨਹੀਂ ਸਕਦਾ ਏਹ ਕਹਕੇ ਮਹਾਰਾਜ ਉਠਕੇ ਅਪਣੇ ਕਮਰੇ ਵਿਚ ਚਲੇ ਗਏ ਅਰ ਪਲੰਘ ਉਤੇ ਲੇਟਕੇ ਰੰਭਾ ਨੂੰ ਯਾਦ ਕਰਨ ਲਗੇ ਅਰ ਮਨ ਵਿਚ ਸੋਚਨ ਲਗੇ ਕਿ ਏਹ ਰੰਭਾ ਕੌਣ ਸੀ ? ਏਸ ਵਿਚ ਤਾਂ ਕੋਈ ਸ਼ਕ ਨਹੀ ਕਿ ਓਹ ਔਰਤ ਹੀ ਸੀ ਫੇਰ ਤੇਜ ਸਿੰਘ ਨੂੰ ਕਿਉਂ ਛੁਡਾਕ ਲੈ ਗਈ ! ਕਿਤੇ ਏਸੇਦੇ ਉਤੇ ਤਾਂ ਅ ਸ਼ਕ ਨਹੀਂ ਸੀ ! ਜਿਹਾ ਕਿ ਓਸਨੇ ਕਿਹਾ ਸੀ ! ਹਾਏ ! ਰੰਭਾ ਤੂੰ ਮੈਨੂੰ ਘਾਇਲ ਕਰ ਦਿਤਾ ਹੈ ਕੀ ਤੂੰ ਏਸੇ ਵਾਸਤੇ ਆਈ ਸੀ । ਹਾਏ ਤੇਰਾ ਪਤਾ ਨਹੀਂ ਮਾਲਮ ਜੋ ਤੈਨੂੰ ਕਿਧਰੇ ਢੂੰਡਾਂ ?

ਦਿਲ ਦੀ ਬੇਚੇਨੀ ਤੇ ਰੰਭਾ ਦੀ ਯਾਦ ਵਿਚ ਰਾਤ ਨੀਂਦ ਨਾਂ ਆਈ, ਸਵੇਰ ਮਹਾਰਾਜ ਨੇ ਦਰਬਾਰ ਵਿਚ ਆਕੇ ਪੁਛਿਆ ਕਿ ਘਸੀਟਾ ਸਿੰਘ ਤੇ ਚੁਨੀਲਾਲ ਤੇਜ ਸਿੰਘ ਦਾ ਪਤਾ ਲਾਕੇ ਆਏ ਹਨ ਕਿ ਨਹੀਂ ? ਮਾਲੂਮ ਹੋਇਆ ਕਿ ਅਜੇ ਤਕ ਓਹ ਨਹੀਂ ਆਏ । ਏਹ ਸੁਣਕੇ ਮਹਾਰਾਜ ਨੂੰ ਹੋਰ ਭੀ ਬੇਚੇਨੀ ਹੋਈ ਅਰਜੀਆਂ ਤਾਂ ਸਭ ਦੀਆਂ ਸੁਣਦੇ ਸਨ ਪਰ ਦਿਲ ਰੰਭਾ ਦੀਆਂ ਜੁਲਫਾਂ ਵਿਚ ਹੀ ਫਸਿਆ ਹੋਇਆ ਸੀ ਏਤਨੇ ਵਿਚ ਹੀ ਪੰਡਤ ਬਦਰੀ ਨਾਥ ਜੋਤਸ਼ੀ ਜੀ ਨ ਜਮ ਤੇ ਕੂਰ ਸਿੰਘ ਤੇ ਨਜਰ ਪਈ ਓਨਾਂ ਲੋਕਾਂ ਨੇ ਬੰਦਗੀ ਕੀਤੀ ਅਰ ਇਕੋ ਪਾਸੇ ਹੋਕੇ ਬੈਠ ਗਏ, ਓਨਾਂ ਲੋਕਾਂ ਦੇ ਉਤੇ ਸਸਤੀ ਤੇ ਉਦਾਸੀ ਵੇਖਕੇ ਹੋਰ ਭੀ ਰੰਜ ਮਹਾਰਾਜ ਦਾ ਵਧ ਗਿਆ ਪਰ ਕਚੇਹਰਤ ਵਿਚ ਕੋਈ ਹਾਲ ਓਨਾਂ ਤੋਂ ਨਾ ਪੁਛ ਸਕੇ । ਦਰਬਾਰ ਬਰਖਾਸਤ ਕਰਕੇ ਇਕਾਂਤ ਵਿਚ ਓਨਾਂ ਚੋਹਾਂ ਨੂੰ ਸਦਵਾਯਾ, ਜਦ ਏਹ

CC-0. Kashmir Research Institute. Digitized by eGangotri

ਲੋਕ ਆਏ ਅੰਦਰ ਨਾਲ ਦੰਤਉਤ ਕਰਕੇ ਬੈਠ ਗਏ ਤਦ ਮਹਾਰਾਜਾ ਨੇ ਪੁਛਿਆ ਕਿਉਂ ਬਈ ਕਾਬ ਤੁਸਾ ਬਿਜੇ ਰਤੂ ਜਾਕੇ ਕੀ ਕੰਮ ਕੀਤਾ ? ਬੱਵ ਨਾਥ ਨੇ ਕਿਹਾ ਕਿ ਮਹਾਰਾਜ ਕੰਮ ਤਾਂ ਏਹੋ ਹੋਇਆ ਕਿ ਭਗਵਾਨ ਦਤ ਨੂੰ ਤੇਜ ਸਿੰਘ ਨੇ ਫੜ ਲਿਆ ਨਤ ਪੰਜ ਲਲਾ ਤੇ ਰਾਮ ਨਰਾਣ ਨੂੰ ਇਕ ਚੰਪਾ ਨਾਮੀਂ ਔਰਤ ਨੇ ਬੜੀ ਚਾਲਾਕੀ ਨਾਲ ਫੜ ਲਿਆ ਬਾਕੀ ਮੈਂ ਬਚ ਗਿਆ, ਓਨਾਂ ਦੇ ਆਦਮੀਆਂ ਵਿਚੋਂ ਸਿਰਫ ਤੇਜ ਸਿੰਘ ਫੜਿਆ ਗਿਆ ਸੀ ਜਿਸ ਨੂੰ ਦਾਸ ਨੇ ਆਪਦੀ ਸਵਾ ਵਿਚ ਭਰ ਲਿਤਾ ਸੀ ਇਸ ਏਤੋਂ ਬਿਨਾਂ ਹੋਰ ਕਈ ਕੰਮ ਨਹੀਂ ਹੋਇਆ। ਮਹਾਰਾਜ ਨੇ ਕਿਹਾ ਤੇਜ ਸਿੰਘ ਨੂੰ ਬੀ ਇਕ ਔਰਤ ਛੁਡਾਕ ਲ ਗਈ, ਕੰਮ ਤਾਂ ਓਸਨੇ ਸਜਾ ਪਾਉਣ ਵਾਲਾ ਕੀਤਾ ਹੈ ਪਰ ਅਫਸੋਸ ਇਹ ਤਾਂ ਮੈਂ ਜਰੂਰ ਹੀ ਕਹਾਂਗਾ ਕਿ ਓਹ ਔਰਤ ਹੀ ਸੀ ਜੋ ਤੇਜ ਸਿੰਘ ਨੂੰ ਛਡ ਕ ਲੈਗਈ ਪਰ ਓਹ ਕੌਣ ਸੀ ਕਿਥੋਂ ਆਈ ਏਸ ਗਲ ਦਾ ਪਤਾ ਨਾ ਲਗਾ। ਤੇਜ ਸਿੰਘ ਨੂੰ ਤਾਂ ਲੈ ਹੀ ਗਈ ਪਰ ਜਾਂਦੀ ਵਾਰੀ ਚੂਨੀ ਲਾਲ ਅਰ ਘਸੀਟਾ ਸਿੰਘ ਉਤੇ ਭੀ ਮਲੂਮ ਹੁੰਦਾ ਹੈ ਜੋ ਹਥ ਫੇਰ ਗਈ ਹੈ, ਓਹ ਦੋਵੇਂ ਓਸਨੂੰ ਫੜਨ ਗਏ ਸਨ ਪਰ ਅਜੇ ਤਕ ਨਹੀਂ ਆਏ। ਕੂਰ ਸਿੰਘ ਦੀ ਮਦਦ ਕਰਨ ਵਿਚ ਮੇਰਾ ਨੁਕਸਾਨ ਹੀ ਹੋਯਾ ਹੈ ਪਰ ਹਛਾ ਤੁਸੀ ਏਹ ਪਤਾ ਲਓ ਕਿ ਓਹ ਔਰਤ ਕੋਣ ਸੀ ਜਿਸਨੇ ਗਉਣਾ ਸੁਰਾਂ ਮੈਨੂੰ ਬੇਕਾਬੂ ਕਰ ਛੱਡਿਆ ਹੈ ਅਰ ਸਭਨਾਂ ਦੀਆਂ ਅਖਾਂ ਵਿਚ ਸੁਵਾਹ ਪਾਕੇ, ਤੇਜ ਸਿੰਘ ਨੂੰ ਛਡ ਕੇ ਲੈਗਈ ਹੈ ਅਜ ਤਕ ਓਸਦੀ ਮੋਹਣੀ। ਸੂਰਤ ਮੇਰੀਆਂ ਅਖਾਂ ਅਗੇ ਫਿਰ ਪਈ ਹੈ। ਨਾਜ਼ਮ ਨੇ ਕਿਹਾ ਹਜੂਰ ਮੈਂ ਪਛਾਨ ਗਿਆ ਹਾਂ ਓਹ ਜਰੂਰ ਚੌਇਰ ਰਾਂਝਾ ਦੀ ਨਥੀ ਚਪਲਾ ਹੈ ਏਹ ਕੰਮ ਸਿਵਾਏ

CC-0. Kashmir Research Institute. Digitized by eGangotri

ਉਸਦੇ ਹੋਰ ਕਿਸੇ ਦਾ ਨਹੀਂ। ਮਹਾਰਾਜ ਨੇ ਪੁਛਿਆ ਕੀ ਚਪਲਾ ਚੰਦਰਕਾਂਤਾ ਤੋਂ ਭੀ ਵਧੀਕ ਸੋਹਣੀ ਹੈ? ਨਾਸਮ ਨੇ ਕਿਹਾ ਮਹਾਰਾਜ ਚੰਦਰਕਾਂਤਾ ਨੂੰ ਤ ਚਪਲਾ ਕਿਥੋਂ ਪਾਵੇਗੀ ਪਰ ਉਸਤੋਂ ਹੇਠਾਂ ਦੁਨੀਆਂ ਵਿਚ ਕੋਈ ਸੋਹਣੀ ਹੈ ਚਪਲਾ ਹੀ ਹੈ ਓਹ ਤਜ ਸਿੰਘ ਉਤ ਆਸ਼ਿਕ ਭੀ ਹੈ। ਏਹ ਸੁਣਕੇ ਮਹਾਰਾਜ ਕੁਝ ਚਿਰ ਹੈਰਾਨੀ ਵਿਚ ਰਹੇ ਫਰ ਬੋਲੇ ਭਾਈ ਕੁਝ ਹੋਏ ਪਰ ਜਿਤਨਾ ਚਿਰ ਚੰਦ੍ਰਕਾਂਤਾ ਚਪਲਾ ਮੇਰੇ ਦਬ ਨਹੀ ਲਗਦੀਆਂ ਓਨਾਂ ਚਿਰ ਮੈਨੂੰ ਅਰਾਮ ਨਹੀਂ ਆਉਂਦਾ। ਚੰਗੀ ਗਲ ਹੈਜੋ ਮੈਂ ਇਨਾਂ ਦੋਹਾਂ ਵਾਸਤ ਜੈ ਸਿੰਘ ਚਿਠੀ ਲਿਖਾਂ। ਕੂਰ ਸਿੰਘ ਬੋਲਿਆ। ਮਹਾਰਾਜ ਜੈ ਸਿੰਘ ਚਿਠੀ ਕੁਝ ਵੀ ਪ੍ਰਵਾਹ ਨਹੀਂ ਕਰਨ ਗੇ। ਸ਼ਿਵਦਤ ਨੇ ਕਿਹਾ ਤਾਂ ਕੀ ਹਰਜ ਹੈ ਜੇ ਚਿਠੀ ਉਤੇ ਕੁਝ ਖਿਆਲ ਨਾਂ ਕੀਤਾ ਤਾਂ ਮੈਂ ਬਿਨੈਰੜ ਹੀ ਫਤੇ ਕਰਕੇ ਛਡਾਂਗਾ। ਇਹ ਕਹਿਕੇ ਮੰਤਰ ਮੁਨਸ਼ੀ ਨੂੰ ਸਦਵਾਯਾ ਜਦ ਓਹ ਆਗਿਆ ਤਾਂ ਹੁਕਮ ਦਿਤਾ ਕਿ ਰਾਜਾ ਜੈ ਸਿੰਘ ਨੂ ਮੇਰੇ ਵਲੋਂ ਇਕ ਖਤ ਲਿਖੋ ਕਿ ਚੰਦਰਕਾਂਤਾ ਦਾ ਵਿਆਹ ਮੇਰੇ ਨਾਲ ਕਰ ਦੇਵ ਅਤੇ ਦਾਜ ਵਿਚ ਚਪਲਾ ਦੇ ਦੇਵੇ। ਹੁਕਮ ਅਨੁਸਾਰ ਮਤ ਮੁਨਸ਼ੀ ਨੇ ਖਤ ਲਿਖਿਆ ਅਰ ਮਹਾਰਾਜ ਨੇ ਆਪਣੀ ਮੋਹਰ ਲਾਕ ਪੰਡਤ ਬਦਰੀ ਨਾਥ ਦੇ ਹਵਾਲੇ ਕੀਤਾ ਅਰ ਕਿਹਾ ਇਹ ਕੰਮ ਤੁਹਾਥੋਂ ਹੀ ਹੋਵੇਗਾ ਪੰਡਤ ਬਦਰੀ ਨਾਥ ਨੂ ਕੀ ਉਜਰ ਸੀ ਖਤ ਲੈਕੇ ਓਸੇ ਵੇਲੇ ਬਿਜੇਗੜ ਵਲ ਤੁਰ ਪਏ।

ਇਕੀਹਾਂ ਕਾਂਡ

ਇਕ ਦਿਨ ਮਹਾਰਾਜ ਜੈ ਸਿੰਘ ਦਰਬਾਰ ਵਿਚ ਬੈਠੇ ਹੋਏ ਚੰਦਿਆਲ ਸਿੰਘ ਤੋਂ ਤੇਜ ਸਿੰਘ ਦਾ ਹਾਲ ਪੁਛ ਰਹੇ ਸਨ

CC-0. Kashmir Research Institute. Digitized by eGangotri

ਕ ਅਜੇ ਤਕ ਕੋਈ ਪਤਾ ਲਗਾ ਹੈ ਕਿ ਨਹੀ ਇੰਨੇ ਵਿਚ ਹੀ ਸਾਹਮਣਿਓਂ ਤੇਜ ਸਿੰਘ ਜੀ ਸਿਰ ਉਤੇ ਇਕ ਵਡਾ ਸਾਰਾ ਪੰਡ ਚੁਕੀ ਆ ਪਹੁੰਚੇ। ਪੰਡ ਤਾਂ ਦਰਬਾਰ ਦੇ ਵਿਚਕਾਰ ਰਖ ਦਿਤੀ ਅਰ ਝੁਕ ਕੇ ਮਹਾਰਾਜ ਨੂੰ ਡੰਡੋਵਤ ਕੀਤਾ। ਮਹਾਰਾਜ ਜੀ ਸਿੰਘ ਤੇਜ ਸਿੰਘ ਨੂੰ ਦੇਖਕੇ ਬਹੁਤ ਹੀ ਖੁਸ਼ ਹੋਏ ਅਰ ਤੇਜ ਸਿੰਘ ਨੂੰ ਬੈਠ ਜਾਣ ਦਾ ਇਸ਼ਾਰਾ ਕੀਤਾ, ਜਦ ਤੇਜ ਸਿੰਘ ਬੈਠ ਗਏ ਤਾਂ ਮਹਾਰਾਜ ਨੇ ਪੁਛਿਆ ਕਿਉ ਜੀ ਇਨੇ ਦਿਨ ਤਸੀਂ ਕਿਥੇ ਰਹੇ ? ਅਰ ਏਹ ਕੀ ਲਿਆਏ ਹੋ ? ਤਹਾਡੇ ਵਾਸਤੇ ਅਸੀ ਬੜੇ ਪਰੇਸਾਨ ਹੋਏ, ਦੀਵਾਨ ਜੀ ਸਿੰਘ ਜੀ ਭੀ ਬਹੁਤੇ ਘਬਰਾਏ ਹੋਣਗੇ, ਕਿਉਂਕਿ ਓਥੇ ਭੀ ਅਸਾਂ ਸਨਹਾ ਭੇਜਿਆ ਸੀ। ਤੇਜ ਸਿੰਘ ਨੇ ਬੇਨਤੀ ਕੀਤੀ ਮਹਾਰਾਜ ਮੈਂ ਦੁਸ਼ਮਨਾਂ ਦੇ ਹਥ ਚੜ ਗਿਆ ਸੀ ਹੁਣ ਆਪਦੇ ਪ੍ਰਤਾਪ ਨਾਲ ਛੁਟ ਆਇਆ ਹਾਂ ਸਗੋਂ ਆਉਣੀ ਵਾਰੀ ਦੇ ਏਜਾਂਤਾਂ ਨੂੰ ਭੀ ਫੜ ਗਿਆਇਆ ਹਾਂ ਮਹਾਰਾਜ ਏਹ ਸੁਣਕੇ ਬਹੁਤ ਹੀ ਖੁਸ਼ ਹੋਏ ਅਰ ਓਹਨਾਂ ਨੇ ਆਪਣੇ ਹਥਾਂ ਦੇ ਜੜਾਉ ਕੜੇ ਤੇਜ ਸਿੰਘ ਨੂੰ ਇਨਾਮ ਵਿਚ ਦਿਤੇ ਅਰ ਕਿਹਾ ਕਿ "ਏਥੇ ਭੀ ਦੋ ਏਜੰਟਾਂ ਨੂੰ ਮਹਲ ਵਿਚ ਚੇਤਾ ਨ ਫੜਿਆ ਹੈ ਜੋ ਕੈਦ ਕੀਤੇ ਗਏ ਹਨ; ਏਹਨਾਂ ਨੂੰ ਭੀ ਓਥੇ ਹੀ ਭੇਜ ਦੇਣਾ ਚਾਹੀਦਾ ਹੈ। ਏਹ ਕਹਿਕੇ ਹਰਦਿਆਲ ਸਿੰਘ ਵਲ ਦੇਖਿਆ, ਓਹਨਾਂ ਨੇ ਪਿਆਦਿਆਂ ਨੂੰ ਗੰਢ ਖੋਲਣ ਦਾ ਹੁਕਮ ਦਿਤਾ। ਹੁਕਮ ਅਨੁਸਾਰ ਪਿਆਦਿਆਂ ਨੇ ਗੰਢ ਖੋਹਲ ਤੇਜ ਸਿੰਘ ਨੇ ਓਹਨਾਂ ਦੋਹਾਂ ਨੂੰ ਹੁਸ਼ਿਆਰ ਕੀਤਾ ਅਰ ਪਿਆਦਿਆਂ ਨੇ ਓਨਾਂ ਦੋਹਾਂ ਨੂੰ ਲੈਜਾਕੇ ਓਸ ਜੇਹਲ ਵਿਚ ਬੰਦ ਕਰ ਦਿਤਾ ਜਿਸ ਵਿਚ ਰਾਮ ਨਰੇਣ ਤੇ ਪੰਨਾ ਲਾਲ ਸੀ।

ਤੇਜ ਸਿੰਘ ਨੇ ਮਹਾਰਾਜ ਅਗੇ ਬੇਨਤੀ ਕੀਤੀ ਕਿ ਮੇਰੇ

CC-0. Kashmir Research Institute. Digitized by eGangotri

ਛੜੇ ਜਾਣ ਦਾ ਹਾਲ ਸੁਣਕੇ ਨੌਗੜ ਵਿਚ ਸਭ ਪਰੇਸ਼ਾਨ ਹੋਣਗੇ, ਏਸ ਲਈ ਜੇ ਹੁਕਮ ਹੋਵੇ ਤਾਂ ਮੈਂ ਜਾਕੇ ਸਭ ਨੂ ਮਿਲ ਆਵਾਂ। ਮਹਾਰਾਜ ਨੇ ਕਿਹਾ ਜਰੂਰ ਤੁਹਾਨੂ ਜਾਣਾ ਚਾਹੀਦਾ ਹੈ ਪਰ ਛੇਤੀ ਹੀ ਆ ਜਾਣਾ। ਇਸਤੋਂ ਪਿਛੋਂ ਮਹਾਰਾਜ ਨੇ ਹਰਦਿਆਲ ਸਿੰਘ ਨੂ ਹੁਕਮ ਦਿਤਾ ਕਿ ਤੁਸੀ ਭੀ ਮੇਰੀ ਵਲੋਂ ਸੌਗਾਤ ਲੈਕੇ ਤੇਜ ਸਿੰਘ ਦੇ ਨਾਲ ਜਾਓ। ਬਹੁਤ ਚੰਗਾ ਕਹਿਕੇ ਦੀਵਾਨ ਹਰਦਿਆਲ ਸਿੰਘ ਨੇ ਸੌਗਾਤ ਦਾ ਥਾਲ ਤਿਆਰ ਕੀਤਾ ਅਤੇ ਕੁਝ ਆਦਮੀ ਨਾਲ ਲੈਕੇ ਨੌਗੜ ਵਲ ਤੁਰ ਪਏ।

ਚਪਲਾ ਜਦ ਮਹਿਲ ਵਿਚ ਪਹੁਚ ਉਸਨੂ ਦੇਖਦਿਆਂ ਹੀ ਚੰਦ੍ਰਕਾਂਤਾ ਨੇ ਖੁਸ਼ ਹੋਕੇ ਚਪਲਾ ਨੂ ਗਲ ਨਾਲ ਲਾ ਲਿਆ ਅਤੇ ਥੋੜੇ ਚਿਰ ਪਿਛੋਂ ਹਾਲ ਪੁਛਣ ਲਗੀ। ਚਪਲਾ ਨੇ ਸਾਰਾ ਹਾਲ ਪੂਰਾ ਪੂਰਾ ਚੰਗੀ ਤਰਾਂ ਦਸ ਦਿਤਾ, ਬੜਾ ਚਿਰ ਤਕ ਚਪਲਾ ਤੇ ਚੰਦ੍ਰਕਾਂਤਾ ਦਾ ਹਾਸਾ ਠਠਾ ਹੁੰਦਾ ਰਿਹਾ ਕੁਮਰ ਨੇ ਚੰਪਾ ਦੀ ਚਲਾਕੀ ਦਾ ਹਾਲ ਦਸਿਆ ਅਤੇ ਕਿਹਾ ਕਿ ਤੇਰੀ ਸ਼ਾਗਿਰਦਨ ਨੇ ਭੀ ਦੋ ਏਯਾਰਾਂ ਨੂ ਫੜਿਆ ਹੈ, ਇਹ ਸੁਣਕ ਚਪਲਾ ਬਹੁਤ ਖੁਸ਼ ਹੋਈ ਅਤੇ ਚਪਾ ਨੂ ਜੋ ਓਥੇ ਹੀ ਬੈਠੀ ਹੋਈ ਸੀ ਗਲ ਨਾਲ ਲਾਕ ਸੇਰ ਪਕੀ ਸ਼ਾਬਾਸ਼ ਦਿਤੀ॥

ਇਧਰ ਤੇਜ ਸਿੰਘ ਨੇ ਜੋ ਨੌਗੜ ਗਏ ਰਸਤੇ ਵਿਚ ਹਰਦਿਆਲ ਸਿੰਘ ਨੂ ਕਿਹਾ ਕਿ ਜਤਨ ਅਸੀ ਸਵੇਰੇ ਦਰਬਾਰ ਦੇ ਵਲ ਪਹੁੰਚਦ ਤਾਂ ਚੰਗਾ ਹੁੰਦਾ ਕਿਉਂਕਿ ਓਸੇ ਵੇਲੇ ਸਭ ਓਥ ਮੌਜੂਦ ਹੋਣਗੇ। ਇਸ ਗਲ ਨੂ ਹਰਦਿਆਲ ਸਿਘ ਨੇ ਭੀ ਪਸੰਦ ਕੀਤਾ ਅਤੇ ਰਸਤੇ ਵਿਚ ਹੀ ਠਹਿਰ ਗਏ। ਦੂਸਰੇ ਦਿਨ ਦਰਬਾਰ ਦੇ ਵੇਲੇ ਦੋਵੇਂ ਓਥੇ ਪਹੁਚੇ ਅਤੇ ਸਿਧੇ ਕਚੇਹਰੀ ਵਿਚ ਪਹੁਚੇ। ਰਾਜਾ ਸਾਹਿਬ ਦੇ ਪਾਸ ਹੀ ਬੀਰੇਂਦਰ ਸਿੰਘ ਬੈਠੇ

CC-0. Kashmir Research Institute. Digitized by eGangotri

ਹੋਏ ਸਨ, ਤੇਜ ਸਿੰਘ ਨੂੰ ਦੇਖਕੇ ਏਤਨੇ ਖੁਸ਼ ਹੋਏ ਕਿਮਾਨੋ ਦੋਹਾਂ ਜਹਾਨਾਂ ਦੀ ਦੌਲਤ ਮਿਲ ਗਈ। ਹਰਦਿਆਲ ਸਿੰਘ ਨੇ ਝੁਕਕੇ ਮਹਾਰਾਜ ਨੂੰ ਅਰ ਕੋਰ ਬੀਰੇਂਦਰ ਸਿੰਘ ਨੂੰ ਪ੍ਰਨਾਮ ਕੀਤਾ ਅਰ ਦੀਵਾਨ ਸਿੰਘ ਨਾਲ ਭੀ ਹਥ ਮਿਲਾ ਇਆ, ਤੇਜ ਸਿੰਘ ਨੇ ਭੀ ਰਾਜਾ ਸੁਰੇਂਦਰ ਸਿੰਘ ਦੇ ਪੈਰਾਂ ਉਤੇ ਸਿਰ ਰਖ ਦਿਤਾ, ਰਾਜੇ ਨੇ ਬੜੇ ਪਿਆਰ ਨਾਲ ਓਜ ਦਾ ਸਿਰ ਚੁਕਿਆ ਫੇਰ ਆਪਣੇ ਪਿਤਾ ਨੂੰ ਪੈਰੀਂ ਪੈਣਾ ਕਰਕੇ ਕੁਮਾਰ ਬੀਰੇਂਦਰ ਸਿੰਘ ਦੇ ਪਾਸ ਜਾ ਬੈਠੇ। ਹਰਦਿਆਲ ਸਿੰਘ ਨੇ ਸੌਗਾਤ ਪੇਸ਼ ਕੀਤੀ ਅਰ ਇਕ ਪੋਸ਼ਾਕ ਜੋ ਕੋਰ ਬੀਰੇਂਦਰ ਸਿੰਘ ਵਾਸਤੇ ਲਿਆਏ ਸਨ ਉਨ੍ਹਾਂ ਨੂੰ ਪਹਨਾਈ, ਜਿਸਨੂੰ ਵੇਖਕੇ ਰਾਜਾ ਸੁਰੇਂਦਰ ਸਿੰਘ ਬਹੁਤ ਖੁਸ਼ ਹੋਏ ਅਰ ਕੋਰ ਦੀ ਖੁਸ਼ੀ ਦਾ ਤਾਂ ਕੋਈ ਟਿਕਾਨਾ ਹੀ ਨਹੀਂ ਸੀ। ਰਾਜੇ ਨੇ ਤੇਜ ਸਿੰਘ ਦੇ ਫੜੇ ਜਾਣ ਦਾ ਹਾਲ ਪੁਛਿਆ। ਤੇਜ ਸਿੰਘ ਨੇ ਪੂਰਾ ਪੂਰਾ ਹਾਲ ਆਪਣੇ ਫੜੇ ਜਾਣ ਦਾ ਕੁਝ ਬਨਾਉਟੀ ਹਾਲ ਆਪਣੇ ਛੁਟਣ ਦਾ ਦਸਿਆ ਅਰ ਏਹ ਭੀ ਕਿਹਾ ਕਿ ਆਉਂਦੀ ਵਾਰੀ ਦੋ ਏਯਾਰਾਂ ਨੂੰ ਭੀ ਫੜ ਲਿਆਇਆਹਾਂ ਜੋ ਬਿਜੈ ਗੜ ਵਿਚ ਕੈਦ ਹਨ ਏਹ ਸੁਣਕੇ ਰਾਜੇ ਨੇ ਖੁਸ ਹੋਕੇ ਤੇਜ ਸਿੰਘ ਨੂੰ ਬਹੁਤ ਕੁਝ ਇਨਾਮ ਦਿਤਾ ਅਰ ਕਿਹਾ ਕਿ ਹੁਣ ਤੂੰ ਮਹਲ ਵਿਚ ਜਾਕੇ ਸਭਨਾਂ ਨੂੰ ਮਿਲਕੇ ਆਪਣੀ ਮਾਂ ਨੂੰ ਭੀ ਮਿਲਿਆ ਓਸ ਵਿਚਾਰੀ ਦਾ ਤੇਰੀ ਜੁਦਾਈ ਵਿਚ ਕੀ ਹਾਲ ਹੋਵੇਗਾ ਏਹ ਓਹੋ ਹੀ ਜਾਨਦੀ ਹੈ ਹੁਕਮ ਅਨੁਸਾਰ ਤੇਜ ਸਿੰਘ ਸਭਨਾਂ ਨੂੰ ਮਿਲਨ ਵਾਸਤੇ ਚਲਾ ਗਿਆ। ਹਰਦਿਆਲ ਸਿੰਘ ਦੀ ਪਰਾਉਣਾਚਾਰੀ ਵਾਸਤੇ ਜੀਤ ਸਿੰਘ ਨੂੰ ਹਕਮ ਦੇਕੇ ਦਰਬਾਰ ਬਰਖਾਸਤ ਕੀਤਾ। ਸਭਨਾਂ ਨੂੰ ਮਿਲ ਚੁਕਨ ਦੇ ਪਿਛੋਂ ਤੇਜ ਸਿੰਘ ਬੀਰੇਂਦਰ ਸਿੰਘ

CC-0. Kashmir Research Institute. Digitized by eGangotri

ਦੇ ਕਮਰੇ ਵਿਚ ਗਏ, ਕੌਰ ਨੇ ਬੜੀ ਖੁਸ਼ੀ ਨਾਲ ਉਠਕੇ ਤੇਜ ਸਿੰਘ ਨੂੰ ਗਲ ਨਾਲ ਲਾਇਆ। ਜਦ ਬੈਠ ਗਏ ਤਾਂ ਕਿਹਾ ਕਿ ਆਪਣੇ ਫੜੇ ਜਾਨ ਦਾ ਹਾਲ ਤਾਂ ਤੁਸਾਂ ਦਰਬਾਰ ਵਿਚ ਠੀਕ ੨ ਕਹਿ ਦਿਤਾ ਪਰ ਆਪਣੇ ਛੁਟਨ ਦਾ ਹਾਲ ਝਠ ਕਿਹਾ ਹੈ। ਹੁਣ ਸਚ ਸਚ ਦਸੋ ਤਹਾਨੂੰ ਕਿਸ ਨੇ ਛੁਡਾਯਾ ਹੈ। ਤੇਜ ਸਿੰਘ ਨੇ ਚਪਲਾ ਦੀ ਬੜੀ ਵਡਿਆਈ ਕੀਤੀ ਅਰ ਓਸਦੀ ਮਦਦ ਨਾਲ ਆਪਣੇ ਛੁਟਨ ਦਾ ਪੂਰਾ ਪੂਰਾ ਹਾਲ ਦਸਿਆ। ਕੌਰ ਨੇ ਕਿਹਾ "ਵਧਾਵੀ ਹੋਵੇ" ਤੇਜ ਸਿੰਘ ਬੋਲਿਆ ਪਹਿਲਾਂ ਮੈਂ ਤੁਹਾਨੂ ਵਧਾਈ ਦੇ ਲਵਾਂ ਫੇਰ ਕਿਤੇ ਤੁਹਾਨੂ ਵਧਾਈ ਦੇਣ ਦਾ ਮੌਕਾ ਮਿਲੈਗਾ। ਕੁਮਾਰ ਹਸ ਕੇ ਚੁਪ ਹੋ ਰਹੇ। ਕਈ ਦਿਨ ਤੇਜ ਸਿੰਘ ਰਾਜੀ ਖੁਸ਼ੀ ਨੌਗੜ ਵਿਚ ਰਹੇ ਪਰ ਬਰੇਂਦਰ ਸਿੰਘ ਦਾ ਰੋਜ਼ ਏਹੋ ਝਗੜਾ ਰਿਹਾ ਕਿ ਜਿਸ ਤਰਾਂ ਹੋ ਸਕੇ ਚੰਦਰਕਾਂਤਾ ਦੀ ਮੁਲਾਕਾਤ ਕਰਾਓ। ਏਹ ਵੀ ਧੀਰਜ ਦਿੰਦੇ ਰਹੇ। ਕਈਆਂ ਦਿਨਾਂ ਪਿਛੋਂ ਦੀਵਾਨ ਹਰਦਿਆਲ ਸਿੰਘ ਨੇ ਦਰਬਾਰ ਵਿਚ ਮਹਾਰਾਜ ਪਾਸ ਬੇਨਤੀ ਕੀਤੀ ਕਿ ਦਾਸ ਨੂ ਆਯਾਂ ਬਹੁਤ ਦਿਨ ਹੋ ਗਏ ਹਨ ਪਿਛੇ ਕੰਮ ਦਾ ਬਹੁਤ ਹਰਜ ਹੋਂਦਾ ਹੋਵੇਗਾ ਹੁਣ ਆਗਿਆ ਮਿਲ ਜਾਂਦੀ ਤਾਂ ਚਹਾ ਸੀ। ਅਰ ਮਹਾਰਾਜ ਨੇ ਇਹ ਭੀ ਕਿਹਾ ਸੀ ਕਿ ਆਉਂਦੀ ਵਾਰੀ ਤੇਜ ਸਿੰਘ ਨੂ ਨਾਲ ਲਈ ਆਉਨਾ, ਅਗੇ ਜਿਉਂ ਹੁਕਮ ਹੋਵੇ। ਰਾਜਾ ਸੁਰੇਂਦਰ ਸਿੰਘ ਨੇ ਕਿਹਾ ਬਹੁਤ ਚੰਗੀ ਗਲ ਹੈ ਤੇਜ ਸਿੰਘ ਨੂ ਤੁਸੀ ਆਪਣੇ ਨਾਲ ਲਈ ਜਾਓ ਇਹ ਕਹਿਕੇ ਇਕ ਸਿਰੋਪਾ ਦੀਵਾਨ ਹਰਦਿਆਲ ਸਿੰਘ ਨੂ ਦਿਤਾ ਅਰ ਤੇਜ ਸਿੰਘ ਓਨਾਂ ਦੇ ਨਾਲ ਵਿਦਾ ਕਰ ਦਿਤਾ। ਜਾਂਦੀ ਵਾਰੀ ਤੇਜ ਸਿੰਘ ਕੌਰ ਨੂ ਮਿਲਨ ਗਏ ਓਨਾਂ ਨੇ ਰੋਕੇ ਵਿਦਾ ਕੀਤਾ ਅਰ ਕਿਹਾ ਕਿ

CC-0. Kashmir Research Institute. Digitized by eGangotri

ਮੈਨੂੰ ਬਹੁਤ ਕੌਹਨ ਦੀ ਲੋੜ ਨਹੀਂ ਮੇਰਾ ਹਾਲ ਦੇਖਦੇ ਜਾਓ, ਤੇਜ ਸਿੰਘ ਨੇ ਬਹੁਤ ਕੁਝ ਧੀਰਜ ਦਿਤੀ ਅਰ ਓਥੋਂ ਤੁਰਕ ਓਸ ਦਿਨ ।ਬਜੈ ਰੜ ਪਹੁੰਚੇ ਦੂਸਰੇ ਦਿਨ ਦਰਬਾਰ ਵਿਚ ਦੋਵੇਂ ਆਦਮੀ ਹਾਜਰ ਹੋਏ ਮਹਾਰਾਜ ਨੂੰ ਪ੍ਰਣਾਮ ਕਰਕੇ ਆਪੋ ਆਪਣੀ ਥਾਂ ਤੇ ਬੇਠ ਗਏ, ਤੇਜ ਸਿੰਘ ਤੋਂ ਮਹਾਰਾਜ ਜੈ ਸਿੰਘ ਨੇ ਰਾਜਾ ਸੁਰੇਂਦਰ ਸਿੰਘ ਦੀ ਕੁਸ਼ਲ ਖੇਮ ਪੁਛੀ, ਜਿਸਨੂੰ ਤੇਜ ਸਿੰਘ ਨੇ ਬੜੀ ਦੁਵਿਵਾਨੀ ਨਾਲ ਦਸਿਆ, ਹਰਦਿਆਲ ਸਿੰਘ ਨੇ ਭੀ ਰਾਜਾ ਸੁਰੇਂਦਰ ਸਿੰਘ ਦੀ ਬਹੁਤ ਵਡਿਆਈ ਕੀਤੀ ਓਸ ਵਲੈ ਚਨਾਰੋਂ ਮਹਾਰਾਜ ਸ਼ਿਵਦਤ ਦੀ ਚਿਠੀ ਲੈਕੇ ਪੰਡਿਤ ਬਦ੍ਰੀ ਨਾਥ ਭੀਆ ਪਹੁੰਚੇ ਅਰ ਅਸ਼ੀਰਵਾਦ ਦੇਕ ਚਿਠੀ ਮਹਾਰਾਜ ਦੇਥ ਹਥ ਵਿਚ ਦ ਦਿਤੀ। ਚਿਠੀ ਪੜਨ ਵਾਸਤ ਮਹਾਰਾਜ ਨੇ ਹਰਦਿਆਲ ਸਿੰਘ ਨੂੰ ਦੇ ਦਿਤਾ ਖਤ ਪੜਦਿਆਂ ਪੜਦਿਆ ਹਰਦਿਆਲ ਸਿੰਘ ਦਾ ਮੂਹ ਮਾਰੇ ਗੁਸੇ ਦਾ ਲਾਲ ਹੋਗਿਆ, ਮਾਹਰਾਜ ਤੇ ਤੇਜ ਸਿੰਘ ਹਰਦਿਆਲ ਸਿੰਘ ਦੇ ਮੂੰਹ ਵਲ ਦੇਖ ਰਹੇ ਸਨ ਮੂੰਹ ਦੀ ਰੰਗਤ ਦੇਖਕੇ ਸਮਝ ਗਏ ਕਿ ਚਿਠੀ ਵਿਚ ਕੁਝ ਬਅਦਬੀ ਦੀਆਂ ਗਲਾਂ ਲਿਖੀਆਂ ਹੋਈਆਂ ਹਨ। ਖਤ ਪੜਕੇ ਹਰਦਿਆਲ ਸਿੰਘ ਨੇ ਬਨਤੀ ਕੀਤੀ ਕਿ ਏਹ ਖਤ ਏਕਾਂਤ ਵਿਚ ਸੁਣਨ ਵਾਲਾ ਹੈ। ਮਹਾਰਾਜ ਨੇ ਕਿਹਾ ਹਛਾ ਪਹਲੇ ਬਦ੍ਰੀ ਨਾਥ ਦੇ ਟਿਕਨ ਦਾ ਪ੍ਰਬੰਧ ਕਰੋ ਫਰ ਮੇਰੇ ਪਾਸ ਦੀਵਾਨ ਖਾਨੇ ਵਿਚ ਆ ਜਾਓ ਅਰ ਤੇਜ ਸਿੰਘ ਨੂੰ ਭੀ ਨਾਲ ਲੈ ਆਓ॥

ਮਹਾਰਾਜ ਨੇ ਦਰਬਾਰ ਬਰਖਾਸਤ ਕੀਤਾ ਅਰ ਮਹਿਲ ਵਿਚ ਚਲੇ ਗਏ। ਦੀਵਾਨ ਹਰਦਿਆਲ ਸਿੰਘ ਬਦ੍ਰੀ ਨਾਥ ਦੇ ਰਹਨ ਅਤੇ ਜਰੂਰੀ ਸਾਮਾਨ ਦਾ ਇੰਤਜ਼ਾਮ ਕਰਕੇ ਤੇਜ ਸਿੰਘ

CC-0. Kashmir Research Institute. Digitized by eGangotri

ਨ ਨਾਲ ਲੈਕੇ ਮਹਿਲ ਵਿਚ ਮਹਾਰਾਜ ਦੇ ਪਾਸ ਗਏ ਅਰ ਪਰਣਾਮ ਕਰਕੇ ਬੈਠ ਗਏ॥ ਮਹਾਰਾਜ ਨੇ ਸ਼ਿਵਦਤ ਦਾ ਖਤ ਸਨਾਉਣ ਦਾ ਹੁਕਮ ਦਿਤਾ, ਹਰਦਿਆਲ ਸਿੰਘ ਨੇ ਖਤ ਮਹਾਰਾਜ ਦੇ ਅਗੇ ਰਖਕੇ ਕਿਹਾ ਕਿ ਜੇਕਰ ਮਹਾਰਾਜ ਆਪ ਪੜ ਲੈਂਦੇ ਤਾਂ ਚੰਗੀ ਗਲ ਸੀ। ਮਹਾਰਾਜ ਨੇ ਖਤ ਪੜਿਆ ਪੜਦਿਆਂ ਹੀ ਅਖਾਂ ਮਾਰੇ ਗੁਸੇ ਦੇ ਲਾਲ ਹੋ ਗਈਆਂ ਖਤ ਪੜਕੇ ਪਾੜਕ ਸੁਟ ਦਿਤਾ ਅਰ ਕਿਹਾ ਕਿ ਬਦਰੀ ਨਾਥ ਨੂੰ ਕੈਹ ਦੇਵੋ ਕਿ ਇਸ ਖਤ ਦਾ ਜਵਾਬ ਇਹੋ ਹੈ ਕਿ ਤੂ ਬਹੁਤ ਛੇਤੀ ਸਾਡੇ ਸ਼ਹਿਰੋਂ ਨਿਕਲ ਜਾਹ। ਏਸਦੇ ਪਿਛੋਂ ਥੋੜਾ ਚਿਰ ਪਿਛੋਂ ਮਹਾਰਾਜ ਕੁਝ ਸੋਚਕੇ ਰੰਜ ਭਰੀ ਅਵਾਜ਼ ਵਿਚ ਬੋਲੇ ਕਿ ਕੂਰ ਦੇ ਚੁਨਾਰ ਜਾਨ ਤੋਂ ਹੀ ਅਸਾਂ ਸਮਝ ਲਿਆ ਸੀ ਕਿ ਏਹ ਕੁਝ ਖਖੇੜਾ ਕਰੇਗਾ ਅਰ ਜਿਥੋਂ ਤਕ ਹੋ ਸਕੇਗਾ ਇਹ ਅਗ ਲਾਉਣ ਤੋਂ ਨਾ ਟਲੇਗਾ ਸੋ ਓਹ ਹੋਇਆ। ਹਛਾ ਮਰ ਜੀਉਂਦਿਆਂ ਜਾਗਦਿਆਂ ਤਾਂ ਓਸਦੀ ਮੁਰਾਦ ਪੂਰੀ ਨਹੀਂ ਹੋਈ ਪਰ ਤੁਹਾਨੂ ਭੀ ਹੁਣ ਪੂਰਾ ਪੂਰਾ ਬੰਦੋਬਸਤ ਰਖਨਾ ਚਾਹੀਦਾ ਹੈ। ਤੇਜ ਸਿੰਘ ਨੇ ਹਥ ਜੋੜਕੇ ਬੇਨਤੀ ਕੀਤੀ ਕਿ ਇਸ ਵਿਚ ਕੋਈ ਸ਼ਕ ਨਹੀਂ ਕਿ ਸ਼ਿਵਦਤ ਹੁਣ ਆਪਨੀ ਫੌਜ ਲੈਕੇ ਜਰੂਰ ਚੜ ਆਵੇਗਾ ਇਸ ਲਈ ਸਾਨੂ ਭੀ ਮੁਨਾਸਬ ਹੈ ਕਿ ਆਪਣੀ ਫੌਜ ਦਾ ਪਰਬੰਧ ਤੇ ਲੜਾਈ ਦਾ ਸਾਮਾਨ ਪਹਿਲੋਂ ਹੀ ਕਰ ਛਡੀਏ ਏਸਤਰਾਂ ਤਾਂ ਸ਼ਿਵਦਤ ਦੀ ਨੀਯਤ ਪਹਿਲੋਂ ਓਦੋਂ ਹੀ ਮਲੂਮ ਹੋ ਗਈ ਸੀ ਜਦੋਂ ਓਸਨੇ ਆਪਣੇ ਏਜੰਟਾਂ ਨੂੰ ਭੇਜਿਆ ਸੀ ਪਰ ਹੁਣ ਤਾਂ ਕੋਈ ਸ਼ਕ ਹੀ ਨਾ ਰਿਹਾ। ਮਹਾਰਾਜ ਨੇ ਕਿਹਾ ਮੈਂ ਇਹ ਗਲ ਚੰਗੀ ਤਰਾਂ ਜਾਣਦਾ ਹਾਂ ਕਿ ਸ਼ਿਵਦਤ ਦੇ ਪਾਸ ਤੀਹ ਹਜਾਰ ਫੌਜ ਹੈ ਅਰ ਮੇਰ ਪਾਸ ਦਸ ਹਜਾਰ। ਤਾਂ

CC-0. Kashmir Research Institute. Digitized by eGangotri

ਕੀ ਮੈਂ ਏਸ ਨਾਲ ਡਰ ਜਾਵਾਂਗਾ ? ਤੇਜ ਸਿੰਘ ਨੇ ਕਿਹਾ ਦਸ ਹਜਾਰ ਫੌਜ ਮਹਾਰਾਜ ਦੀ ਤੇ ਪੰਜ ਹਜਾਰ ਫੌਜ ਸਾਡੀ ਸਰਕਾਰ ਦੀ ਕੁਲ ਪੰਦਰਾਂ ਹਜਾਰ ਹੋਗਈ । ਏਹੋ ਜੇਹੇ ਗਿੱਦੜ ਨੂ ਮਾਰਨ ਵਾਸਤੇ ਏਤਨੀ ਫੌਜ ਹੀ ਬਥੇਰੀ ਹੈ। ਹੁਣ ਮਹਾਰਾਜ ਦੀਵਾਨ ਸਾਹਿਬ ਨੂ ਇਕ ਖਤ ਦੇਕੇ ਮੇਰੇ ਨਾਲ ਭੇਜਨ ਮੈਂ ਜਾਕ ਸਾਰੀ ਫੌਜ ਨੂੰ ਤੇ ਜੇ ਮਹਾਰਾਜ ਦੀ ਸਲਾਹ ਹੋਵੇ ਤਾਂ ਕੌਰ ਬੀਰੇਂਦਰ ਸਿੰਘ ਨੂ ਭੀ ਸਦਕ ਫੌਜ ਦਾ ਇੰਤਜਾਮ ਓਨਾਂ ਦੇ ਹਵਾਲੇ ਕੀਤਾ ਜਾਵੇ ਫੇਰ ਦੇਖੋ ਕੀ ਰੰਗ ਢੰਗ ਹੁੰਦਾ ਹੈ।

ਦੀਵਾਨ ਹਰਦਿਆਲ ਸਿੰਘ ਬੋਲੇ "ਕ੍ਰਪਾ ਨਾਥ ਏਸ ਸਲਾਹ ਨੂੰ ਤਾਂ ਮੈਂ ਭੀ ਪਸੰਦ ਕਰਦਾ ਹਾਂ" ਮਹਾਰਾਜ ਨੇ ਕਿਹਾ ਏਹ ਸਭ ਠੀਕ ਹੈ ਪਰ ਬੀਰੇਂਦਰ ਸਿੰਘ ਨੂ ਅਜੇ ਲੜਾਈ ਦਾ ਕੰਮ ਪੂਰਾ ਕਰਨ ਨੂ ਮੇਰਾ ਦਿਲ ਨਹੀਂ ਕਰਦਾ ਭਾਵੇਂ ਏਸ ਕੰਮ ਵਿਚ ਓਹ ਬੜਾ ਹੀ ਹੁਸ਼ਿਆਰ ਹੈ ਪਰ ਕੀ ਹੋਇਆ ਜੇਹਾ ਸੁਰੇਂਦਰ ਸਿੰਘ ਦਾ ਪੁਤਰ ਏਹਾ, ਮੇਰਾ ਮੈਂ ਕਿਸਤਰਾਂ ਓਸਨੂ ਲੜਨ ਵਾਸਤੇ ਕਹਾਂਗਾ ਅਰ ਸੁਰੇਂਦਰ ਸਿੰਘ ਭੀ ਏਸ ਗਲ ਨੂ ਕਦੋਂ ਮੰਨਣਗੇ ? ਤੇਜ ਸਿੰਘ ਨੇ ਉੱਤਰ ਦਿਤਾ ਮਹਾਰਾਜ ਜੀ ਤੁਸੀ ਏਸ ਗਲ ਦਾ ਜਰਾ ਭੀ ਖਿਆਲ ਨਾ ਕਰੋ ਇਹ ਨਹੀਂ ਹੋ ਸਕਦਾ ਕਿ ਮਹਾਰਾਜ ਤਾਂ ਲੜਾਈ ਵਿਚ ਜਾਨ ਤੇ ਬੀਰੇਂਦਰ ਸਿੰਘ ਘਰ ਬੈਠ ਆਰਾਮ ਕਰੇ, ਓਸਦਾ ਦਿਲ ਕਦੀ ਨਾ ਮਨੇਗਾ ਅਰ ਰਾਜਾ ਸੁਰੇਂਦਰ ਸਿੰਘ ਭੀ ਬੀਰ ਦਨ ਕੋਈ ਕਾਇਰ ਨਹੀਂ, ਓਹ ਕਦੇ ਬੀਰੇਂਦਰ ਸਿੰਘ ਨੂ ਘਰ ਵਿਚ ਨਾ ਬੈਠਨ ਦੇਨਗੇ । ਸਗੋਂ ਓਹ ਆਪ ਭੀ ਮੈਦਾਨ ਵਿਚ ਆਕੇ ਲੜਨ ਤਾਂ ਕੋਈ ਵਡੀ ਗਲ ਨਹੀਂ ।

ਮਹਾਰਾਜ ਤੇਜ ਸਿੰਘ ਤੇਜ ਸਿੰਘ ਦੀ ਗਲ ਸਣਕੇ ਬਹੁਤ ਖੁਸ਼

CC-0. Kashmir Research Institute. Digitized by eGangotri

ਹੋਏ, ਦੀਵਾਨ ਹਰਦਿਆਲ ਸਿੰਘ ਨੂੰ ਹੁਕਮ ਦਿਤਾ ਕਿ ਤੁਸੀਂ ਰਾਜਾ ਸੁਰੇਂਦਰ ਸਿੰਘ ਨੂੰ ਸ਼ਿਵਦਤ ਦੀ ਗੁਸ਼ਤਾਖੀ ਦਾ ਹਾਲ ਅਰ ਜੋ ਕੁਝ ਅਸਾਂ ਓਸਦਾ ਉਤਰ ਦਿਤਾ ਹੈ ਓਹ ਭੀ ਲਿਖੋ ਅਰ ਪਿਛੋ ਕਿ ਤੁਹਾਡੀ ਕੀ ਸਲਾਹ ਹੈ ? ਇਸ ਖਤ ਦਾ ਉੱਤਰ ਆ ਲਵੇ ਫੇਰ ਜੋ ਹੋਵੇਗਾ ਕੀਤਾ ਜਾਵੇਗਾ ਅਤੇ ਏਸ ਖਤ ਨੂੰ ਲੈਕੇ ਤੁਸੀ ਹੀ ਜਾਓ ਅਰ ਕਲ ਹੀ ਮੁੜ ਆਓ ਕਿਉਂਕਿ ਹੁਣ ਵੇਲਾ ਢਿਲ ਕਰਨ ਦਾ ਨਹੀ ਹੈ। ਪਰ ਹਰਦਿਆਲ ਸਿੰਘ ਨੇ ਹਕਮ ਅਨੁਸਾਰ ਖਤ ਲਿਖਿਆ ਅਰ ਮਹਾਰਾਜ ਨੇ ਓਸਦੇ ਉਤੇ ਮੋਹਰ ਲਾਕੇ ਓਸੇ ਵਲੇ ਦੀਵਾਨ ਸਾਹਿਬ ਨੂੰ ਵਿਦਾ ਕਰ ਦਿਤਾ। ਦੀਵਾਨ ਸਾਹਿਬ ਮਹਾਰਾਜ ਤੋਂ ਵਿਦਾ ਹੋਕੇ ਨੌਗੜ ਵਲ ਤੁਰ ਪਏ, ਥੋੜਾ ਜਿਹਾ ਦਿਨ ਬਾਕੀ ਸੀ ਜਦ ਓਥ ਪਹੁੰਚ ਸਿਧ ਦੀਵਾਨ, ਜੀਤ ਸਿੰਘ ਦੇਮਰਾਨ ਉਤੇ ਚਲੇ ਗਏ ਅਰ ਖਬਰ ਕਰਾਈ, ਦੀਵਾਨ ਜੀਤ ਸਿੰਘ ਜੀ ਖਬਰ ਸੁਣਦਿਆਂ ਹੀ ਬਾਹਰ ਚਲੇ ਆਏ ਅਰ ਹਰਦਿਆਲ ਸਿੰਘ ਨੂੰ ਲੈਜਕੇ ਆਪਣੇ ਘਰ ਉਤਾਰਿਆ ਅਰ ਹਾਲ ਚਾਲ ਪੁਛਿਆ। ਹਿਰਦਿਆਲ ਸਿੰਘ ਨੇ ਸਾਰਾ ਹਾਲ ਦਸਿਆ ਜੀਤ ਸਿੰਘ ਗੁਸੇ ਵਿਚ ਆਕ ਬੋਲੇ ਕਿ ਅਜ ਕਲ ਸ਼ਿਹਦਤ ਨੂੰ ਸ਼ਦਾ ਹੋਇਆ ਹੈ ਅਰ ਸਾਨੂੰ ਓਸਨੇ ਮਮੂਲੀ ਆਦਮੀ ਸਮਝ ਲਿਆ ਹੈ ਦੇਖਿਆ ਜਾਵੇਗਾ ਕੁਝ ਹਰਜ ਨਨੀਂ ਤੁਸਾ ਰਾਤ ਨੂੰ ਮਹਾਰਾਜ ਸਾਹਿਬਾ ਨੂੰ ਮਿਲੋ।

ਤ੍ਰਿਕਾਲਾਂ ਵੇਲੇ ਦੀਵਾਨ ਹਰਦਿਆਲ ਸਿਘ ਜੀਤ ਸਿੰਘ ਦੇ ਨਾਲ ਰਾਜਾ ਸੁਰੇਂਦਰ ਸਿੰਘ ਨੂੰ ਮਿਲਨ ਵਾਸਤੇ ਗਏ ਓਥ ਕੌਰ ਬੀਰੇਂਦਰ ਸਿੰਘ ਭੀ ਬੈਠੇ ਹੋਏ ਸਨ। ਹਰਦਿਆਲ ਸਿੰਘ ਨੇ ਦੋਹਾਂ ਨੂੰ ਪ੍ਰਣਾਮ ਕਰਕੇ ਰਾਜਾ ਜੀ ਨੂੰ ਨਜਰ ਦਿਤੀ, ਰਾਜਾ

CC-0. Kashmir Research Institute. Digitized by eGangotri

ਸਾਹਿਬ ਨੇ ਬੈਠਨ ਦਾ ਇਸ਼ਾਰਾ ਕੀਤਾ ਅਰ ਹਾਲ ਪੁਛਿਆ। ਏਨਾਂ ਨੇ ਮਹਾਰਾਜ ਜੈ ਸਿੰਘ ਦਾ ਖਤ ਦੇ ਦਿਤਾ ਮਹਾਰਾਜ ਨੇ ਆਪ ਓਸ ਚਿਠੀ ਨੂੰ ਪੜਿਆ, ਗੁਸੇ ਦੇ ਮਾਰ ਕੁਝ ਬੋਲ ਨਾ ਸਕੇ ਅਰ ਖਤ ਕੋਰ ਬੀਰੇਂਦਰ ਸਿੰਘ ਦੇ ਹਥ ਦੇ ਦਿਤਾ, ਕੁਮਾਰ ਨੇ ਓਸਨੂੰ ਚੰਗੀ ਤਰਾਂ ਪੜਿਆ ਓਸਦਾ ਭੀ ਓਹੋ ਹਾਲ ਹੋ ਗਿਆ ਕ੍ਰੋਧ ਦੇ ਨਾਲ ਅੱਖਾਂ ਦੇ ਅਗੇ ਹਨੇਰਾ ਜੇਹਾ ਆਗਿਆ ਥੋੜਾ ਚਿਰ ਕੁਝ ਸੋਚਦੇ ਰਹੇ। ਫੇਰ ਹਥ ਜੋੜਕੇ ਪਿਤਾ ਅਗੇ ਬੇਨਤੀ ਕੀਤੀ ਕਿ ਮੈਨੂੰ ਲੜਾਈ ਦਾ ਬੜਾ ਹੌਸਲਾ ਹੈ ਅਰ ਏਹੋ ਸਾਡਾ ਧਰਮ ਹੈ ਫੇਰ ਖਬਰੇ ਅਜੇਹਾ ਵੇਲਾ ਮਿਲੇ ਕਿ ਨਾਂ ਮਿਲੇ ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਹੁਕਮ ਹੋਵੇ ਤਾਂ ਆਪਣੀ ਫੌਜ ਲੈਕੇ ਜਾਵਾਂ ਅਰ ਬਿਜੈ ਗੜ੍ਹ ਉਪਰ ਚੜਾਈ ਕਰਨ ਤੋਂ ਪਹਿਲਾਂ ਹੀ ਸ਼ਿਵਦਤ ਨੂੰ ਕੈਦ ਕਰ ਲਿਆਵਾਂ ਰਾਜਾ ਸਰੰਦਰ ਸਿੰਘ ਨੇ ਕਿਹਾ ਐਤਨੀ ਛੇਤੀ ਕਰਨ ਦੀ ਕੋਈ ਲੋੜ ਨਹੀਂ ਹੈ ਤੁਸਾਂ ਅਜੇ ਬਿਜੈਗੜ੍ਹ ਜਾਓ ਛਤਰੀਆਂ ਨੂੰ ਲੜ ਦੀ ਤੋਂ ਵਧਾਕ ਪਿਆਰਾ ਪਿਤਾ ਪੁਤਰ, ਭਰਾ, ਭਤੀਜਾ ਕੋਈ ਨਹੀਂ ਹੁੰਦਾ ਏਸ ਲਈ ਮੈਂ ਤੁਹਾਡੀ ਮੁਹਬਤ ਛਡਕੇ ਹੁਕਮ ਦੇਂਦਾ ਹਾਂ ਕਿ ਆਪਨੀ ਕੁਲ ਫੌਜ ਲੈਕੇ ਮਹਾਰਾਜ ਜੈ ਸਿੰਘ ਨੂ ਮਦਦ ਦੇਵੋ ਅਰ ਆਪਣਾ ਨਾਮ ਕਰੋ। ਜੀਤ ਸਿੰਘ ਵਲ ਵੇਖਕੇ ਕਿਹਾ ਕਿ ਫੌਜ ਵਿਚ ਡੌਂਡੀ ਪਿਟਵਾ ਦੇਵੋ ਕਿ ਰਾਤ ਭਰ ਵਿਚ ਸਾਰੀ ਫੌਜ ਲੈਸ ਹੋ ਜਾਵੇ ਸਵੇਰੇ ਕੁਮਾਰ ਦੇ ਨਾਲ ਜਾਣਾ ਹੋਵੇਗਾ। ਇਸ ਦੇ ਪਿਛੋ ਹਰਦਿਆਲ ਸਿੰਘ ਨੂੰ ਕਿਹਾ ਅਜ ਰਾਤ ਤੁਸੀ ਇਥੇ ਹੀ ਰਹੋ ਸਵੇਰੇ ਫੌਜ ਤੇ ਕੁਮਾਰ ਦੇ ਨਾਲ ਹੀ ਜਾਣਾ। ਇਹ ਹੁਕਮ ਦੇਕੇ ਰਾਜਾ ਮਹਲ ਵਿਚ ਚਲੇ ਗਏ ਅਰ ਜੀਤ ਸਿੰਘ ਦੀਵਾਨ ਹਰਦਿਆਲ ਸਿੰਘ ਨੂ

CC-0. Kashmir Research Institute. Digitized by eGangotri

ਨਾਲ ਲੈਕੇ ਘਰ ਆਏ, ਕੌਰ ਆਪਨੇ ਕਮਰੇ ਵਿਚ ਜਾ ਕੇ ਲੜਾਈ ਦਾ ਸਾਮਾਨ ਕਰਨ ਲਗੇ। ਚੰਦਰਕਾਂਤਾ ਨੂੰ ਦੇਖਣ ਅਰ ਲੜਾਈ ਦੇ ਚਾ ਵਿਚ ਪਤਾ ਹੀ ਨਾ ਲਗਾ ਜੋ ਰਾਤ ਕਿਧਰ ਗਈ।

ਬਾਈਵਾਂ ਕਾਂਡ

ਤੜਕਾ ਹੁੰਦਿਆਂ ਹੀ ਕੌਰ ਬੀਰੇਂਦਰ ਸਿੰਘ ਨਹਾ ਧੋ ਜੰਗੀ ਕਪੜੇ ਪਹਿਨ ਹਥਯਾਰਾਂ ਨੂੰ ਸਰੀਰ ਉਤੇ ਸਜਾਕੇ ਮਾਂ ਪਾਸੋਂ ਵਿਦਿਆ ਹਣ ਲਈ ਮਹਿਲ ਵਿਚ ਗਏ, ਰਾਣੀ ਨੂੰ ਮਹਾਰਾਜ ਨੇ ਰਾਤੀ ਹੀ ਸਾਰਾ ਹਾਲ ਦਸ ਛਡਿਆ ਸੀ ਓਹ ਏਹਨਾਂ ਦਾ ਫੌਜੀ ਠਠ ਵੇਖਕੇ ਬਹੁਤ ਹੀ ਖੁਸ਼ ਹੋਈ ਕੌਰ ਨੇ ਤੋਤੋ ਕਰਕ ਵਿਦਾ ਮੰਗ, ਰਾਣੀ ਨੇ ਅਖਾਂ ਵਿਚ ਅੱਥਰੂ ਭਰਕੇ ਕੌਰ ਨੂੰ ਛਾਤੀ ਨਾਲ ਲਾਇਆ ਅਰ ਪਿਠ ਉਤੇ ਹਥ ਫੇਰਕੇ ਕਿਹਾ— "ਪੁਤਰ ਜਾਓ ਬਹਾਦਰਾਂ ਵਿਚ ਨਾਮ ਲਿਖਾਓ ਛਤਰੀ ਕੁਲ ਦਾ ਨਾਮ ਉਚਾ ਕਰੋ ਫਤੇ ਦਾ ਤੁਰਾ ਬਾਜ਼ਾਤੇ ਸੂਰਬੀਰਾਂ ਦਾ ਧਰਮ ਹੈ ਕਿ ਲੜਾਈ ਦੇ ਵੇਲੇ ਮਾਤਾ ਪਿਤਾ ਸਖ ਅਰਾਮ ਕਿਸੇ ਦਾ ਖਿਆਲ ਨਹੀ ਕਰਦੇ ਸੋ ਤੁਸੀ ਭੀ ਜਾਓ ਈਸ਼ਵਰ ਕਰੇ ਵੈਰੀ ਤੁਹਾਡੀ ਪਿਠ ਨਾ ਦੇਖ।"

ਮਾਂ ਤੋਂ ਵਿਦਿਆ ਹੋਕੇ ਕੌਰ ਬਾਹਰ ਆਏ ਦਵਾਨ ਹਰਦਿਆਲ ਸਿੰਘ ਨੂੰ ਤਿਆਰ ਵੇਖਿਆ, ਆਪ ਭੀ ਇਕ ਚਰੇ ਘੋੜ ਉਤੇ ਸਵਾਰ ਹੋਕੇ ਤੁਰਦੇ ਹੋਏ। ਪਿਛੇ ੨ ਫੌਜ ਭੀ ਸਮੁੰਦਰ ਵਾਂਗ ਲੈਹਰਾਂ ਮਾਰਦੀ ਤੁਰ ਪਈ, ਜਦ ਬਿਜੇਗੜ੍ਹ ਦੇ ਨੇੜ ਪਹੁਚੇ ਤਾਂ ਕੌਰ ਘੋੜੇ ਉਤੋਂ ਉਤਰ ਖਲੋਤੇ ਅਰ ਹਰਦਿਆਲ ਸਿੰਘ ਨੂੰ ਕਿਹਾ ਕਿ ਮੇਰੀ ਸਲਾਹ ਹੈ ਕਿ ਏਸੇ ਜੰਗਲ ਵਿਚ ਆਪਣੀ ਫੌਜ ਨੂੰ ਉਤਾਰਾ ਅਤੇ ਸਾਰਾ ਇੰਤਜਾਮ ਕਰਕੇ ਸ਼ੇਹਰ

CC-0. Kashmir Research Institute. Digitized by eGangotri

ਵਿਚ ਜਾਵਾਂ ਹਰਦਿਆਲ ਸਿੰਘ ਨੇ ਕਿਹਾ ਤੁਹਾਡੀ ਸਲਾਹ ਬਹੁਤ ਉੱਤਮ ਹੈ ਮੈਂ ਭੀ ਪਹਿਲਾਂ ਜਾਕੇ ਤੁਹਾਡੇ ਆਉਣ ਦੀ ਖਬਰ ਮਹਾਰਾਜ ਨੂੰ ਕਰਦਾ ਹਾਂ ਫੇਰ ਮੁੜਕੇ ਤੁਹਾਨੂੰ ਨਾਲ ਲੈਕੇ ਚਲਾਂਗਾ। ਕੁਮਾਰ ਨੇ ਕਿਹਾ ਚਲੋ ਜਾਓ। ਹਰਦਿਆਲ ਸਿੰਘ ਬਿਜੈਰੜ ਪਹੁੰਚ ਅਰ ਕੌਰ ਦੇ ਆਉਣ ਦੀ ਖਬਰ ਦੇਣ ਵਾਸਤੇ ਮਹਾਰਾਜ ਦੇ ਪਾਸ ਗਏ ਅਰ ਪੂਰਾ ਹਾਲ ਦਸਕੇ ਕਿਹਾ ਕਿ ਕੌਰ ਸੇਨਾ ਸਮਤ ਇਥਾਂ ਦੇ ਕੋਹ ਤੇ ਉਤਰ ਹੋਏ ਹਨ। ਇਹ ਸੁਣਕੇ ਮਹਾਰਾਜ ਬਹੁਤ ਖੁਸ਼ ਹੋਏ ਅਰ ਕਿਹਾ ਕਿ ਫੌਜ ਵਾਸਤੇ ਓਹ ਥਾਂ ਬਹੁਤ ਹੀ ਚੰਗੀ ਹੈ ਪਰ ਬੀਰੇਂਦਰ ਸਿੰਘ ਨੂੰ ਇਥੇ ਲੈ ਆਉਣਾ ਚੰਗਾ ਹੈ। ਹਣ ਤੁਸੀ ਸਾਡੇ ਸਭਨਾਂ ਸਰਦਾਰਾਂ ਨੂੰ ਕੌਰ ਦੀ ਅਗਵਾਨੀ ਲਈ ਨਾਲ ਲੈਕੇ ਜਾਓ ਅਰ ਕੌਰ ਨੂੰ ਇਥ ਲੈ ਆਓ॥

ਹੁਕਮ ਅਨੁਸਾਰ ਹਰਦਿਆਲ ਸਿੰਘ ਬਹੁਤ ਸਾਰੇ ਸਰਦਾਰਾਂ ਨੂੰ ਨਾਲ ਲੇਕੇ ਤੁਰ ਪਏ, ਇਹ ਖਬਰ ਤੇਜ ਸਿੰਘ ਨੂੰ ਭੀ ਲਗੀ ਝਟ ਸੁਣਦਿਆਂ ਹੀ ਬੀਰੇਂਦਰ ਸਿੰਘ ਦੇ ਪਾਸ ਪਹੁੰਚ ਅਰ ਦੂਰੋਂ ਹੀ ਬਲ "ਵਧਾਈ ਹੋਵੇ" ਤੇਜ ਸਿੰਘ ਨੂੰ ਦੇਖਕ ਕਰ ਬਹੁਤ ਹੀ ਖੁਸ਼ ਹੋਏ ਅਰ ਹਾਲ ਪੁਛਿਆ ਤੇਜ ਸਿੰਘ ਨੇ ਕਿਹਾ ਜੋ ਕੁਝ ਹੈ ਸਭ ਚੰਗਾ ਹੈ ਬਾਕੀ ਹੁਣ ਚੰਗਾ ਹੋ ਜਾਵੇਗਾ। ਇਹ ਕਹਿਕੇ ਤੇਜ ਸਿੰਘ ਲਸ਼ਕਰ ਦੇ ਪਰਬੰਧ ਵਿਚ ਲਗ ਗਏ। ਇਤਨੇ ਵਿਚ ਦੀਵਾਨ ਹਰਦਿਆਲ ਸਿੰਘ ਸਭਨਾਂ ਸਰਦਾਰਾਂ ਸਣੇ ਆ ਪਹੁੰਚੇ ਅਰ ਮਹਾਰਾਜ ਨੇ ਜੋ ਹੁਕਮ ਦਿਤਾ ਸੀ ਸ ਦਸਿਆ। ਕੌਰ ਨੇ ਸਵੀਕਾਰ ਕੀਤਾ ਅਰ ਸਜ ਸਜਾ ਕੇ ਘੋੜੇ ਉਤੇ ਸਵਾਰ ਹੋ ੧੦੦ ਆਦਮੀ ਫੌਜੀ ਸਵਾਰ ਨਾਲ ਲੇਕੇ ਮਹਾਰਾਜ ਨੂੰ ਮਿਲਨ ਵਿਜੈ ਗੜ੍ਹ ਵਲ ਤੁਰ ਪਏ। ਸਾਰੇ ਸ਼ਹਿਰ ਵਿਚ ਇਹ ਗਲ ਉਡ ਗਈ

CC-0. Kashmir Research Institute. Digitized by eGangotri

ਸੀ ਕਿ ਮਹਾਰਾਜ ਦੀ ਮਦਤ ਨੂੰ ਕੌਰ ਬੀਰੇਂਦਰ ਸਿੰਘ ਆਏ ਹਨ ਅਰ ਹੁਣ ਕਿਲੇ ਵਿਚ ਜਾਨਗੇ। ਸਵਾਰੀ ਦੇਖਨ ਵਾਸਤੇ ਆਪਣੇ ਆਪਣੇ ਕੋਠਿਆਂ ਉਤੇ ਔਰਤਾਂ ਮਰਦ ਪਹਿਲੋ ਹੀ ਕਠੇ ਹੋਗਏ ਸਨ ਅਤ ਸੜਕਾਂ ਉਤੇ ਭੀ ਬੜੀ ਭੀੜ ਲਗੀ ਹੋਈ ਸੀ ਅਰ ਸਭਨਾਂ ਦੀ ਅਖਾਂ ਸਵਾਰੀ ਦੀ ਉਡੀਕ ਵਿਚ ਲਗੀਆਂ ਹੋਈਆਂ ਸਨ। ਏਹ ਖਬਰ ਮਹਾਰਾਜ ਨੂੰ ਭੀ ਪਹੁੰਚੀ ਕਿ ਹੁਣ ਕੌਰ ਸਾਹਿਬ ਆ ਰਹੇ ਹਨ ਓਨਾਂ ਨੇ ਮਹਲ ਵਿਚ ਜਾਕੇ ਰਾਣੀ ਨੂੰ ਸਭ ਹਾਲ ਦਸਿਆ ਜਿਸਨੂੰ ਸੁਣਕੇ ਉਹ ਬਹੁਤ ਹੀ ਪ੍ਰਸੰਨ ਹੋਈ ਅਰ ਬਹੁਤ ਸਾਰੀਆਂ ਔਰਤਾਂ ਤੇ ਚੰਦਰਕਾਂਤਾ ਅਰ ਚਪਲਾ ਨੂੰ ਨਾਲ ਲੈਕੇ ਉਚੀ ਅਟਾਰੀ ਉਤੇ ਤਮਾਸ਼ਾ ਦੇਖਨ ਵਾਸਤੇ ਜਾ ਬੈਠੀ, ਮਹਾਰਾਜ ਭੀ ਸਵਾਰੀ ਦੇਖਨ ਵਾਸਤੇ ਦੀਵਾਨ ਖਾਨੇ ਦੀ ਛੱਤ ਉਤੇ ਜਾ ਬੈਠੇ। ਦੂਰੋ ਚਿਰ ਪਿਛੋਂ ਉਤਰ ਵਲੋਂ ਕੁਝ ਧੂੜ ਜਹੀ ਉਡਦੀ ਦਿਸੀ। ਪਲਕੁ ਮਗਰੋਂ ਥੋੜੀ ਜੇਹੀ ਫੌਜ ਸਵਾਰਾਂ ਦੀ ਆਉਂਦੀ ਸਾਫ ਦਿਸਨ ਲਗ ਪਈ।

ਕੁਝ ਸਵਾਰ ਜੋ ਹੌਲੀ ਹੌਲੀ ਮਹਿਲ ਵਲ ਆ ਰਹੇ ਸਨ ਫੌਲਾਦ ਦੀ ਸੰਜੋ ਪੈਹਨੇ ਹੋਏ ਸਨ ਜਿਸ ਉਤੇ ਡੁਬਦੇ ਹੋਏ ਸੂਰਜ ਦੀਆਂ ਕਿਰਨਾਂ ਪੈਨ ਨਾਲ ਅਜਬ ਹੀ ਚਮਕ ਦਮਕ ਮਲੂਮ ਹੁੰਦੀ ਸੀ, ਹਥਾਂ ਵਿਚ ਝੰਡੇਦਾਰ ਨੇਜੇ ਲਈ ਢਾਲ ਤਲਵਾਰ ਲਾਈ ਜਵਾਨੀ ਦੀ ਉਮੰਗ ਵਿਚ ਆਕੜ ਹੋਏ ਬਹੁਤ ਹੀ ਭਲੇ ਮਾਲੂਮ ਹੁੰਦੇ ਸਨ। ਓਨਾਂ ਦੇ ਅਗੇ ਇਕ ਸੋਹਣੇ ਤੇ ਤਕੜੇ ਰੋਹਣਿਆਂ ਨਾਲ ਸਜੇ ਹੋਏ ਘੜ ਉਤੇ ਜਿਸਦੇ ਉਪਰ ਜੜਾਉ ਜੀਨ ਕਸੀ ਹੋਈ ਸੀ ਕੌਰ ਬੀਰੇਂਦਰ ਸਿੰਘ ਸਵਾਰ ਸਿਰ ਉਤੇ ਫੌਲਾਦੀ ਟੋਪ ਜਿਸਦੇ ਉਤੇ ਹੁਮਾ ਦੇ ਪਰ ਦੀ ਲੰਮੀ ਕਲਗੀ ਲਗੀ ਹੋਈ ਸੀ, ਸਰੀਰ ਉਤੇ ਵਢਮੁਲੇ ਕਪੜਿਆਂ ਦੇ ਉਪਰ ਫੌਲਾਦੀ ਸੰਜੋ

CC-0. Kashmir Research Institute. Digitized by eGangotri

ਪਾਈ ਹੋਈ ਸੀ, ਰੰਗ ਸਾਫ ਗੋਰਾ ਤੇ ਬੜੀਆਂ ੨ ਅੱਖਾਂ, ਗੱਲਾਂ ਉਤੇ ਲਾਲੀ ਭਖ ਰਹੀ, ਵਡੇ ੨ ਪਾਨਿਆਂ ਦੇ ਦਾਣਿਆਂ ਦਾ ਕੰਠਾ ਗਲ ਵਿਚ ਮਾਲਾ ਤੇ ਭੁਜਬੰਦ ਭੀ ਪੰਨੇ ਦਾ ਹੀ ਸੀ ਜਿਸਦੀ ਚਮਕ ਚੇਹਰੇ ਉਤੇ ਪੈਕੇ ਸੁਹਪਣ ਨੂੰ ਦੂਣਾ ਕਰ ਰਹੀ ਸੀ, ਲਕ ਵਿਚ ਜੜਾਊ ਪੇਟੀ ਜਿਸ ਉਤੇ ਸਬਜ ਹੀਰਾ ਜੜਿਆ ਹੋਇਆ ਸੀ, ਪਿੰਨੀਆਂ ਤਕ ਦੀ ਜੁਤੀ ਜਿਸ ਉਤੇ ਮੋਤੀ ਜੜੇ ਹੋਏ ਸਨ (ਅਰ ਚਮੜਾ ਨਜਰ ਹੀ ਨਹੀਂ ਸੀ ਆਉਂਦਾ) ਪਾਈ ਹੋਈ ਸੀ। ਢਾਲ ਤਲਵਾਰ, ਖੰਜਰ, ਤੀਰ ਕਮਾਨ ਲਾਈ ਇਕ ਗੁਰਜ ਕਰਬੂਸ ਵਿਚ ਲਟਕਾਯਾ ਹੋਇਆ ਹਥ ਵਿਚ ਨੇਜਾ ਤੜੀ ਘੋੜਾ ਕੁਦਾਈ ਚਲੇ ਆਉਂਦੇ ਸਨ । ਹਿੰਮਤ, ਦਲੇਰੀ, ਬਹਾਦਰੀ ਉਨਾਂ ਦੇ ਚੇਹਰੇ ਤੋਂ ਝਲਕਦੀ ਪਈ ਸੀ । ਸਜਨਾਂ ਦੇ ਦਿਲ ਵਿਚ ਪਿਆਰ ਤੇ ਦੁਸ਼ਮਨਾਂ ਦੇ ਦਿਲ ਵਿਚ ਡਰ ਉਤਪੰਨ ਹੁੰਦਾ ਸੀ। ਸਭ ਤੋਂ ਵਧੀਕ ਆਨੰਦ ਏਹ ਸੀ ਕਿ ਸੌ ਸਵਾਰ ਜੋ ਕੌਰ ਦੇ ਨਾਲ ਆਏ ਸਨ ਸਭ ਉਨਾਂ ਦੀ ਉਮਰ ਦੇ ਹੀ ਸਨ । ਸ਼ਹਿਰ ਵਿਚ ਭੀੜ ਲਗ ਪਈ, ਜਿਸਦੀ ਨਜਰ ਕੁਮਾਰ ਉਤੇ ਪੈਂਦੀ ਸੀ ਅਖਾਂ ਅਗੇ ਬਿਜਲੀ ਚਮਕ ਜਾਂਦੀ ਸੀ, ਮਹਾਰਾਣੀ ਨੇ ਜੋ ਬਹੁਤ ਚਿਰ ਪਿਛੋਂ ਬੀਰੇਂਦਰ ਸਿੰਘ ਨੂੰ ਏਸ ਠਾਟ ਅਰ ਰੋਅਬ ਵਿਚ ਦੇਖਿਆ ਅਰੋ ਕਲੋ ਮੌ ਗੁਣਾਂ ਮੁਹਬਤ ਵਧ ਗਈ ਅਤੇ ਝਟ ਮੂੰਹੋਂ ਨਿਕਲ ਪਿਆ ਕਿ "ਜੇਕਰ ਚੰਦ੍ਰਕਾਂਤਾ ਦਾ ਯੋਗਵਰ ਹੈ ਤਾਂ ਬੀਰੇਂਦਰ ਸਿੰਘ, ਭਾਵੇਂ ਕੁਝ ਹੋਵੇ ਪਰਮੇਸ਼ਰ ਤਾਂਏਸ ਨੂੰ ਜਵਾਈ ਬਨਾਵਾਗੀ" । ਚੰਦਰਕਾਂਤਾ ਤੇ ਚਪਲਾ ਭੀ ਦੂਸਰੀ ਖਿੜਕੀ ਵਿਚ ਖਲੋਤੀਆਂ ਹੋਈਆਂ ਦੇਖ ਰਹੀਆਂ ਸਨ ਚਪਲਾ ਨੇ ਟੇਢੀ ਨਜਰ ਨਾਲ ਚੰਦਰਕਾਂਤਾ ਵਲ ਵੇਖਿਆ ਓਹ ਸ਼ਰਮਾ ਗਈ ਦਿਲ ਹਥੋਂ ਨਿਕਲ ਗਿਆ ਕੌਰ ਦੀ ਜੰਗ ਮੁਹਤ ਅਖਾਂ ਵਿਚ

CC-0. Kashmir Research Institute. Digitized by eGangotri

ਸਾਰਾ ਗਈ ਆਸ਼ਾ ਹੋਈ ਕਿ ਨੇੜੇ ਆਕੇ ਦੇਖਿਆ ਕਰੇਗੀ। ਇਧਰ ਮਹਾਰਾਜ ਦੀ ਟਿਕਟਿਕੀ ਬਝ ਗਈ ਏਤਨੇ ਵਿਚ ਕੌਰ ਕਿਲੇ ਦੇ ਹੇਠਾਂ ਆ ਪਹੁਚੇ, ਮਹਾਰਾਜ ਪਾਸੋ ਨਾ ਰਿਹਾ ਗਿਆ ਆਪ ਹੇਠਾਂ ਉਤਰ ਆਏ, ਬੀਰੇਦਰ ਸਿੰਘ ਦੇ ਕਿਲੇ ਆਵਣ ਤਕ ਹੇਠਾਂ ਮਹਾਰਾਜ ਭੀ ਪਹੁੰਚ ਗਏ ਬੀਰੇਂਦਰਸਿੰਘ ਨੇ ਮਹਾਰਾਜ ਨੂ ਦੇਖਕੇ ਚਰਨ ਬੰਦਨਾਂ ਕੀਤੀ ਮਹਾਰਾਜ ਨੇ ਚੁਕਕੇ ਛਾਤੀ ਨਾਲ ਲਾਲਿਆ ਅਰ ਹਥ ਫੜਕੇ ਸਿਧਾ ਮਹਲ ਵਲ ਲੈ ਗਏ। ਮਹਾਰਾਣੀ ਓਨਾਂ ਦੋਹਾਂ ਨੂ ਆਉਂਦਿਆਂ ਦੇਖਕੇ ਅਗੇ ਵਧ ਆਈ ਕੌਰ ਨੇ ਮਥਾ ਟੇਕਿਆ, ਮਹਾਰਾਣੀ ਦੀਆਂ ਅਖਾਂ ਵਿਚ ਪ੍ਰੇਮ ਦਾ ਜਲ ਭਰ ਆਇਆ ਅਰ ਬੜੀ ਪ੍ਰਸੰਨਤਾ ਨਾਲ ਕੁਮਾਰ ਨੂੰ ਬੈਠਨ ਵਾਸਤੇ ਕਿਹਾ ਮਹਾਰਾਜ ਭੀ ਬਠ ਗਏ, ਖਬੇ ਪਾਸੇ ਮਹਾਰਾਣੀ ਅਤੇ ਸਜੇ ਪਾਸੇ ਬੀਰੇਂਦਰ ਸਿੰਘ ਸੀ। ਚੁਤਰਫੀ ਦਾਸੀਆਂ ਦੀ ਭੀੜ ਸੀ ਜੋ ਵਡੇ ਵਡਮੁਲੇ ਗਹਿਣੇ ਕਪੜ ਪਈ ਖਲੋਤੀਆਂ ਸਨ। ਕੌਰ ਦੀ ਨੀਵੀ ਨਜਰ ਦੋਹੀਂ ਪਾਸੀਂ ਫਿਰਨ ਲਗੀ ਮਨੋ ਕਿਸੇ ਨੂੰ ਭਾਲ ਰਹੀ ਹੈ ਚੰਦਰਕਾਂਤਾ ਭੀ ਇਕ ਬੂਹੇ ਦੇ ਪਿਛੇ ਖਲੋਤੀ ਹੋਈ ਇਨ੍ਹਾਂ ਨੂੰ ਦੇਖ ਰਹੀ ਸੀ ਮਿਲਨ ਵਾਸ ਦਿਲ ਘਬਰਾਉਂਦਾ ਸੀ ਪਰ ਕੀ ਕਰੇ ਲਾਚਾਰ ਸੀ। ਥੋੜ੍ਹ ਚਿਰ ਤਕ ਮਹਾਰਾਜ ਅਰ ਕੁਮਾਰ ਮਹਲ ਵਿਚ ਰਹੇ ਏਸ ਦੇ ਪਿਛੋ ਉਠੇ ਅਰ ਕੁਮਾਰ ਨੂੰ ਨਾਲ ਲੇਕੇ ਦੀਵਾਨ ਖਾਨੇ ਵਿਚ ਆਏ ਅਰ ਆਪਣੇ ਖਾਸ ਕਮਰੇ ਦੇ ਲਾਗੇ ਦਾ ਕਮਰਾ ਓਨਾਂ ਵਾਸਤੇ ਮੁਕਰਰ ਕੀਤਾ। ਮਹਾਰਾਜ ਤੋਂ ਵਿਦਾ ਹੋਕੇ ਕੁਮਰ ਆਪਣੇ ਕਮਰੇ ਵਿਚ ਗਏ ਤਜ ਸਿੰਘ ਭੀ ਓਥੇ ਪਹੁਚ ਗਏ ਕੁਝ ਚਿਰ ਹਾਸਾ ਠਠਾ ਹੁੰਦਾ ਰਿਹਾ ਚੰਦਰਕਾਂਤਾ ਨੂੰ ਮਹਲ ਵਿਚ ਨਾ ਦੇਖਨ ਦੇ ਸਬਬ ਇਨਾਂ ਦਾ ਦਿਲ ਉਦਾਸ ਸੀ ਅਰ ਸੋਚਦੇ

CC-0. Kashmir Research Institute. Digitized by eGangotri

ਕਨ ਕਿ ਕਿਸਤਰਾਂ ਮੁਲਾਕਾਤ ਹੋਵੇ ਏਸ ਸੋਚ ਵਿਚ ਅੱਖ ਲਗ ਗਈ। ਸਵੇਰੇ ਜਦ ਮਹਾਰਾਜ ਦਰਬਾਰ ਵਿਚ ਚਲੇ ਗਏ ਬਰੇਂਦਰ ਸਿੰਘ ਭੀ ਇਸ਼ਨਾਨ ਪੂਜਾ ਤੋਂ ਛੁਟੀ ਪਾਕੇ ਦਰਬਾਰੀ ਪੌਸ਼ਾਕ ਕਲਗੀ ਜਿਗਾ ਸਮੇਤ ਪਹਿਨਕੇ ਤੇਜ ਸਿੰਘ ਨੂੰ ਨਾਲ ਲੈਕੇ ਦਰਬਾਰ ਵਿਚ ਪਹੁੰਚੇ। ਮਹਾਰਾਜ ਨੇ ਆਪਣੇ ਤਖਤ ਦੇ ਨਾਲ ਹੀ ਇਕ ਸਫ਼ਾਰੂ ਕਰਕੇ ਉਤੇ ਕੁਮਾਰ ਨੂੰ ਬੈਠਾਯਾ। ਹਰਦਿਆਲ ਸਿੰਘ ਨੇ ਮਹਾਰਾਜ ਦੀ ਚਿਠੀ ਦਾ ਉਤਰ ਦਿਤਾ ਜੋ ਰਾਜਾ ਸੁਰ ਵਰ ਸਿੰਘ ਨੇ ਲਿਖਿਆ ਸੀ ਓਸਨੂੰ ਪੜ੍ਹਕੇ ਮਹਾਰਾਜ ਬਹੁਤ ਖੁਸ਼ ਹੋਏ ਥੋੜ ਚਿਰ ਪਿਛੋਂ ਦੀਵਾਨ ਸਾਹਿਬ ਨੇ ਹੁਕਮ ਦਿਤਾ ਕਿ ਕੁਮਾਰ ਦੀ ਫੌਜ ਵਿਚ ਸਾਡ ਵਲੋਂ ਬਜ਼ਾਰ ਲਾਇਆ ਜਾਵੇ ਅਤੇ ਰਸਦ ਦਾ ਪੂਰਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਕਿਸੇ ਨੂੰ ਤਕਲੀਫ ਨਾ ਹੋਵੇ। ਕੁਮਾਰ ਨੇ ਬੇਨਤੀ ਕੀਤੀ ਕਿ ਮਹਾਰਾਜ ਸਾਮਾਨ ਸਭ ਨਾਲ ਆਯਾ ਹੈ। ਮਹਾਰਾਜ ਨੇ ਕਿਹਾ "ਕੀ ਤੁਸੀਂ ਏਸ ਕੰਮ ਨੂੰ ਦੂਸਰੇ ਦਾ ਸਮਝਿਆ ਹੈ? ਸਾਮਾਨ ਆਯਾ ਹੈ ਤਾਂ ਕੀ ਹੋਇਆ ਲੋੜ ਵੇਲੇ ਓਹ ਭੀ ਕੰਮ ਆ ਜਾਵਗਾ ਛਾ ਹੁਣ ਅਸੀਂ ਕਲ ਫੌਜ ਦ ਇੰਦੋਬਸਤ ਤੁਹਾਡ ਜਿੰਮੇ ਕਰਦੇ ਹਾਂ ਜਿਸ ਤਰਾਂ ਮੁਨਾਸਬ ਸਮਝੋ ਇੰਜ ਕਰੋ" ਕੁਮਾਰ ਨੇ ਤੇਜ ਸਿੰਘ ਵਲ ਦੇਖਕੇ ਕਿਹਾ ਕਿ ਤੁਸੀਂ ਆਓ ਪਹਿਲੋਂ ਸਾਡ ਫੌਜ ਦੇ ਤਿਨ ਹਿਸੇ ਕਰਕੇ ਦੋ ਦੋ ਹਜਾਰ ਬਿਨੈਤਰੂ ਦੇ ਦੋਹਾਂ ਪਾਸੀਂ ਭੁਜ ਦੇਵੋ ਅਤੇ ਹਜਾਰ ਫੌਜ ਦ ਦਸ ਹਿਸੇ ਕਰਕੇ ਇੰਧਰ ਓਧਰ ਪੰਜ ਪੰਜ ਕੋਹ ਤਕ ਭੁਜ ਦੇਵੋ ਅਤੇ ਓਥੋਂ ਦਾ ਪੂਰਾ ਪ੍ਰਬੰਧ ਕਰ ਦੇਵੋ। ਜਸੂਸਾਂ ਨੂੰ ਚੌਹੀ ਪਾਸੀਂ ਭੇਜ ਦੇਵੋ ਬਾਕੀ ਮਹਾਰਾਜ ਦੀ ਫੌਜ ਦੀ ਕਵਾਇਦ ਕਲ ਵਾਂਗੂ ਇੰਤਜ਼ਾਮ ਕਰਾਂਗਾ। ਹੁਕਮ ਸੁਣਕ ਤੇਜ ਸਿੰਘ ਚਲੇ ਗਏ [illegible]

CC-0. Kashmir Research Institute. Digitized by eGangotri

ਤਮਦਰਦੀ ਨੂੰ ਦੇਖਕੇ ਬਹੁਤ ਤਸਲੀ ਹੋ ਗਈ ਅਰ ਹਰਦਿਆਲ ਸਿੰਘ ਨੂ ਹੁਕਮ ਦਿਤਾ ਕਿ ਸਾਡੀ ਫੌਜ ਵਿਚ ਡੌਂਡੀ ਪਿਛਵਾ ਦੇਵੋ ਕਿ ਕਲ ਕਵਾਇਦ ਹੋਵੇਗੀ ਏਤਨੇ ਵਿਚ ਹੀ ਜਾਸੂਸਾਂ ਨੇ ਪੂਣ ਮਾਰਕ ਬੇਨਤੀ ਕੀਤੀ ਕਿ ਮਹਾਰਾਜ ਸ਼ਿਵਦਤ ਆਪਣੀ ਤੀਹ ਹਜਾਰ ਫੌਜ ਲੈਕੇ ਸਰਕਾਰ ਨਾਲ ਲੜਨ ਨੂ ਤੁਰ ਪਿਆ ਹੈ ਦੋ ਤੰਨ ਦਿਨਾਂ ਤਕ ਏਥ ਆ ਪਹੁਚੇਗਾ ਕੁਮਾਰ ਨੇ ਕਿਹਾ ਕੋਈ ਫਿਕਰ ਨਹੀਂ ਸਮਝ ਲਵਾਂਗ ਤੁਸੀ ਆਪਣੇ ਕੰਮ ਉਤੇ ਜਾਓ।

ਦੂਸਰੇ ਦਿਨ ਮਹਾਰਾਜ ਜੈ ਸਿੰਘ ਤੇ ਕੁਮਾਰ ਹਾਥੀ ਉਤੇ ਬੈਠਕੇ ਫੌਜ ਦੀ ਕਵਾਇਦ ਦੇਖਨ ਗਏ ਹਰਦਿਆਲ ਸਿੰਘ ਨੇ ਬਹੁਤ ਮੁਸਲਮਾਨਾਂ ਨੂ ਘਟ ਕਰ ਦਿਤਾ ਸੀ ਪਰ ਨਾਂ ਵੀ ਇਕ ਹਜ਼ਾਰ ਮੁਸਲਮਾਨ ਰਹਿ ਗਏ ਸਨ। ਕਵਾਇਦ ਦੇਖਕੇ ਕੁਮਾਰ ਬਹੁਤ ਪ੍ਰਸੰਨ ਹੋਏ ਪਰ ਮੁਸਲਮਾਨਾਂ ਦੀ ਸੂਰਤ ਦੇਖਕੇ ਤਿਊੜੀ ਚੜ ਗਈ। ਕੁਮਾਰ ਦੀ ਸੂਰਤ ਤੋਂ ਮਹਾਰਾਜ ਸਮਝ ਗਏ ਅਰ ਹੌਲੀ ਕੰਨ ਵਿਚ ਪੁਛਨ ਲਗੇ ਕੀ ਇਹਨਾਂ ਨੂੰ ਕਢ ਦੇਣਾ ਚਾਹੀਦਾ ਹੈ? ਕੁਮਾਰ ਨੇ ਕਿਹਾ ਨਹੀਂ! ਕਢ ਦੇਣ ਨਾਲ ਏਹ ਲੋਕ ਦੁਸ਼ਮਨ ਨਾਲ ਜਾ ਮਿਲਨਗੇ, ਮੇਰੀ ਸਮਝ ਵਿਚ ਤਾਂ ਏਹ ਚੰਗਾ ਹੋਊ ਕਿ ਪਹਿਲੀ ਦੁਸਮਨ ਨੂ ਰੋਕਣ ਵਾਸਤੇ ਏਹਨਾਂ ਨੂ ਹੀ ਭੇਜਿਆ ਜਾਵੇ ਏਨਾਂ ਦੇ ਪਿਛੇ ਇਕ ਤੋਪਖਾਨਾ ਤੇ ਬੇਰੀ ਵਾਲੀ ਫੌਜ ਸਾਡੀ ਰਹੇਗੀ ਓਹ ਲੋਕ ਜੇਹ ਓਹਨਾ ਦੀ ਨੀਤ ਖਰਾਬ ਨਾਂ ਭੁਨ ਜਾਣਦੀ ਮਨਸ਼ਾ ਸਮਝਨਗੇ ਤਾਂ ਪਿਛੋਂ ਤੋਪ ਮਾਰਕੇ ਸਭ ਨਾਂ ਦੀ ਸਫਾਈ ਕਰ ਸੁਟਨਗੇ ਅਜਹਾ ਡਰ ਰਹਿਣ ਕਰਕੇ ਏਹ ਲੋਕ ਇਕ ਵਾਰੀ ਤਾਂ ਖੂਬ ਲੜਨਗੇ ਅਰ ਮੁਖਤ ਮਾਰੇ ਜਾਣ ਪਾਸੋਂ ਲੜਕੇ ਮਰਨਾ ਚੰਗਾ ਸਮਝਨਗੇ। ਏਸ ਰਾਇ ਨੂੰ ਮਹਾਰਾਜ ਨੇ ਬਹੁਤ ਪਸੰਦ ਕੀਤਾ ਅਰ ਦਿਲ ਵਿਚ ਕੁਮਾਰ

CC-0. Kashmir Research Institute. Digitized by eGangotri

ਦੀ ਅਕਲ ਦੀ ਤਾਰੀਫ ਕਰਨ ਲਗ ਪਏ ॥

ਥੋੜੇ ਚਿਰ ਪਿਛੋਂ ਕੁਮਾਰ ਨੇ ਬੇਨਤੀ ਕੀਤੀ ਕਿ ਮੇਰਾ ਦਿਲ ਸ਼ਿਕਾਰ ਖੇਡਨ ਨੂੰ ਕਰਦਾ ਹੈ ਜੇ ਹੁਕਮ ਹੋਵੇ ਤਾਂ ਜਾਵਾਂ ਮਹਾਰਾਜ ਨੇ ਕਿਹਾ ਜਾਓ ਪਰ ਦੂਰ ਨਾ ਜਾਨਾ ਤੇ ਇਕ ਹੁੰਦਿਆਂ ਹੀ ਮੁੜ ਆਉਨਾਂ ਏਹ ਕਹਕੇ ਹਾਥੀ ਬੈਠ ਗਿਆ ਅਤ ਕੁਮਾਰ ਉਤਰਕੇ ਘੋੜੇ ਉਤੇ ਚੜ ਗਏ । ਮਹਾਰਾਜ ਦਾ ਇਸ਼ਾਰਾ ਪਾਕੇ ਦੀਵਾਨ ਹਰਦਿਆਲ ਸਿੰਘਨ ੧੦੦ ਸਵਾਰ ਨਾਲ ਕਰਦਿਤੇ ਕੁਮਾਰ ਸ਼ਿਕਾਰ ਖੇਡਨ ਲਈ ਚਲੇ ਗਏ ਥੋੜੇ ਚਿਰ ਵਿਚ ਇਕ ਜੰਗਲ ਵਿਚ ਪਹੁੰਚ ਗਏ ਅਤ ਦੋ ਹਰਨ ਤੀਰ ਨਾਲ ਮਾਰ ਅਤ ਫੇਰ ਸ਼ਕਾਰ ਢੂਡਨ ਲਗੇ ਏਨੇ ਨੂੰ ਤੇਜ ਸਿੰਘ ਭੀ ਪਹੁੰਚ ਗਏ, ਕੁਮਾਰ ਨੇ ਪੁਛਿਆ ਕਿਉਂ ਸਭ ਇੰਤਜਾਮ ਹੋ ਗਿਆ ਜੋ ਤੁਸੀ ਚਲੇ ਆਏ ਹੋ ? ਤੇਜ ਸਿੰਘ ਨੇ ਕਿਹਾ ਭੀ ਸਾਰਾ ਅਜ ਹੀ ਹੋ ਜਾਵੇਗਾ ਕੁਝ ਹੋਇਆ ਹੈ ਕੁਝ ਕਲ ਦਰੁਸਤ ਹੋ ਜਾਵੇਗਾ ਏਸ ਵੇਲ ਮੇਰ ਜੀ ਵਿਚ ਆਯਾ ਚਲੋ ਤਹਖਾਨੇ ਦੀ ਸੈਰ ਕਰ ਆਈਏ ਜਿਸ ਵਿਚ ਅਹਮਦ ਨੂ ਕੈਦ ਕੀਤਾ ਹੋਯਾ ਹੈ ਏਸ ਲਈ ਤੁਹਾਨੂ ਪੁਛਨ ਆਯਾ ਹਾਂ ਕਿ ਜੇਕਰ ਮਨਸ਼ਾ ਹੋਵੇ ਤਾਂ ਤੁਸੀ ਭੀ ਚਲੋ ਚਲੋ।

ਹਾਂ ਮੈਂ ਭੀ ਚਲਾਂਗਾ ਇਹ ਕਹਿਕ ਕੁਮਾਰ ਨੇ ਓਸੇ ਪਾਸੇ ਘੋੜਾ ਮੋੜਿਆ ਤੇਜ ਸਿੰਘ ਭੀ ਘੋੜ ਦੇ ਨਾਲ ੨ ਤੁਰ ਪਏ ਬਾਕੀ ਸਭਨਾਂ ਨੂ ਹੁਕਮ ਦਿਤਾ ਕਿ ਵਾਪਸ ਚਲੇ ਜਾਓ ਅਰ ਜੋ ਹਰਨ ਜੋ ਮਾਰੇ ਹਨ ਏਨਾਂ ਨੂ ਲੈ ਜਾਓ । ਥੋੜੇ ਹੀ ਚਿਰ ਵਿਚ ਕੁਮਾਰ ਅਰ ਤੇਜ ਸਿੰਘ ਤਹਖਾਨੇ ਦੇ ਪਾਸ ਜਾ ਪਹੁਚੇ ਸੁਰੰਗ ਦੇ ਅੰਦਰ ਵੜ ਗਏ ਜਦ ਚਨਣਾ ਆਗਿਆ ਤਾਂ ਬਾਹਰ ਨਿਕਲੇ ਪਾਹਮਣੇ ਬੁਹਾ ਦਿਸਨ ਲਗ ਪਿਆ ਕੁਮਾਰ ਘੋੜੇ ਉਤੋ

CC-0. Kashmir Research Institute. Digitized by eGangotri

ਉਤਰ ਪਏ ਤਦ ਤੇਜ ਸਿੰਘ ਨੇ ਪੁਛਿਆ ਕਿ ਭਲਾ ਇਹ ਤਾਂ ਦਸੋ ਕਿ ਤੁਸੀਂ ਇਹ ਬੂਹਾ ਖੋਲ ਭੀ ਸਕਦੇ ਹੋ ਕਿ ਨਹੀਂ ? ਕੁਮਾਰ ਨੇ ਕਿਹਾ ਕਿਉਂ ਨਹੀਂ ਏਸਦੇ ਵਿਚ ਕੀ ਕਾਰੀਗਰੀ ਹੈ। ਇਹ ਕਹਿਕੇ ਝਟ ਅਗਾਹਾਂ ਵਧਕੇ ਸ਼ੇਰ ਦੇ ਮੂਹ ਵਿਚੋਂ ਜਬਾਨ ਖਿਚ ਲਈ ਦਰਵਾਜਾ ਖੁਲ ਗਿਆ ਤੇਜ ਸਿੰਘ ਨੇ ਕਿਹਾ ਯਾਦ ਤਾਂ ਹੈ ਕੁਮਾਰ ਨੇ ਕਿਹਾ ਕਿ ਮੈਂ ਕਦੇ ਭੁਲਨ ਵਾਲਾ ਹਾਂ ? ਦੋਵੇ ਅੰਦਰ ਗਏ ਸੈਲ ਕਰਦੇ ਕਰਦੇ ਚਸ਼ਮੇ ਸੋਤੇ ਦੇ ਕਿਨਾਰੇ ਪਹੁੰਚੇ ਦੇਖਿਆ ਕਿ ਅਹਮਦ ਤੇ ਭਗਵਾਨ ਦਤ ਇਕ ਸਿਲਾ ਉਤੇ ਬੈਠ ਹੋਇ ਗਲਾਂ ਕਰ ਰਹੇ ਹਨ ਪੈਰਾਂ ਵਿਚ ਬੇੜੀ ਪਈ ਹੋਈ ਹੈ ਕੁਮਾਰ ਨੂੰ ਦੇਖਕੇ ਦੋਵੇ ਉਠ ਖਲੋਤੇ ਅਰ ਸਲਾਮ ਕਰਕੇ ਕਿਹਾ ਕਿ ਹੁਣ ਤਾਂ ਸਾਡਾ ਕਸੂਰ ਮੁਆਫ ਹੋਣਾ ਚਾਹੀਦਾ ਹੈ। ਕੁਮਾਰ ਨੇ ਕਿਹਾ ਹਾਂ ਥੋੜੇ ਦਿਨ ਹੋਰ ਸਬਰ ਕਰੋ॥

ਕੁਝ ਚਿਰ ਤਕ ਬਰੇਂਦਰ ਸਿੰਘ ਤੇ ਤੇਜ ਸਿੰਘ ਓਸ ਵਿਚ ਸੈਲ ਕਰਦੇ ਰਹੇ ਅਰ ਫਲ ਤੋੜ ਕੇ ਖਾਂਦੇ ਰਹੇ। ਤੇਜ ਸਿੰਘ ਨੇ ਕਿਹਾ ਚਲੋ ਹੁਣ ਚਲਣਾ ਚਾਹੀਦਾ ਹੈ ਦੇਰ ਹੋ ਗਈ ਹੈ। ਕੁਮਾਰ ਨੇ ਕਿਹਾ ਚਲੋ। ਦੋਵੇਂ ਬਾਹਰ ਆਏ, ਤੇਜ ਸਿੰਘ ਨੇ ਕਿਹਾ ਏਸ ਬੂਹੇ ਨੂੰ ਤੁਸਾਂ ਖੋਲਿਆ ਹੈ ਹੁਣ ਤੁਸੀਂ ਹੀ ਬੰਦ ਕਰੋ। ਕੁਮਾਰ ਨੇ ਕਿਹਾ ਹਛਾ ਅਸੀਂ ਹੀ ਬੰਦ ਕਰ ਦੇਂਦੇ ਹਾਂ ਇਹ ਕਹਿਕੇ ਦਰਵਾਜਾ ਬੰਦ ਕਰ ਦਿਤਾ ਅਤੇ ਘੋੜ ਉਤ ਚੜਕੇ ਤੁਰ ਪਏ। ਜਦ ਬਿਜੈਗੜ ਦੇ ਨੇੜੇ ਪਹੁੰਚੇ ਤਾਂ ਤੇਜ ਸਿੰਘ ਨੇ ਕਿਹਾ ਤੁਸੀਂ ਜਾਓ ਮੈਂ ਜਰਾ ਫੌਜ ਦੀ ਖਬਰ ਲੈਕੇ ਆਉਂਦਾ ਹਾਂ ਕੁਮਾਰ ਨੇ ਕਿਹਾ ਹਛਾ ਜਾਓ। ਏਹ ਸੁਣਕੇ ਤੇਜ ਸਿੰਘ ਦੂਸਰੇ ਪਾਸੇ ਚਲੇ ਗਏ ਅਰ ਕੁਮਾਰ ਕਿਲੇ ਵਿਚ ਚਲੇ ਆਏ, ਘੋੜੇ

CC-0. Kashmir Research Institute. Digitized by eGangotri

ਤੋਂ ਉਤਰਕੇ ਆਪਣੇ ਕਮਰੇ ਵਿਚ ਆਏ ਅਰ ਅਰਾਮ ਕਰਨ ਲਈ ਲੇਟ ਗਏ। ਥੋੜੀ ਰਾਤ ਬੀਤੇ ਤੇਜ ਸਿੰਘ ਜੀ ਕੁਮਾਰ ਦੇ ਪਾਸ ਆਏ। ਕੁਮਾਰ ਨੇ ਪੁਛਿਆ "ਕਿਉਂ ਕੀ ਹਾਲ ਹੈ?" ਤੇਜ ਸਿੰਘ ਨੈ ਜਿਹਾ ਸਭ ਇੰਤਜਾਮ ਤੁਹਾਡੇ ਹੁਕਮ ਅਨੁਸਾਰ ਹੋਗਿਆ ਹੈ ਅਜ ਸਾਰੀ ਦਿਹਾੜੀ ਵਿਚ ਇਕ ਘਏ ਦੀ ਭੀ ਮੋਹਲਤ ਨਹੀਂ ਮਿਲੀ ਜੇ ਤੁਹਾਨੂ ਮਿਲ ਜਾਂਦਾ। ਏਹ ਸੁਣਕੇ ਬ ਰੇਂਦਰ ਸਿੰਘ ਜੀ ਹਸ ਪਏ ਅਰ ਬੋਲੇ ਪੈਹਰ ਤਕ ਤੁਸੀ ਸਾਡੇ ਨਾਲ ਰਹੇ ਹੋ ਤੇ ਅਜੇ ਕਹਿੰਦੇ ਹੋ ਮੁਲਾਕਾਤ ਨਹੀ ਹੋਈ। ਏਹ ਸੁਨਕੇ ਤੇਜ ਸਿੰਘ ਹੋਰੀ ਹੈਰਾਨ ਹੋ ਗਏ ਅਰ ਕਿਹਾ ਏਹ ਤੁਸੀ ਕੀ ਕਹਿੰਦੇ ਹੋ? ਕੁਮਾਰ ਨੇ ਕਿਹਾ ਕੀ ਹਾਂ ਤੁਸੀ ਮੇਰੇ ਨਾਲ ਓਸ ਤਹਿਖਾਨੇ ਵਿਚ ਨਹੀਂ ਗਏ ਜਿਥੇ ਐਹਮਦ ਤੇ ਭਗਵਾਨ ਦਤ ਕੈਦ ਹਨ?

ਹੁਣ ਤਾਂ ਤੇਜ ਸਿੰਘ ਦੇ ਚੇਹਰੇ ਦਾ ਰੰਗ ਉਡ ਗਿਆ ਅਰ ਕੁਮਾਰ ਦੇ ਮੂਹ ਵਲ ਤਕਨ ਲਗ ਪਿਆ। ਤੇਜ ਸਿੰਘ ਦਾ ਏਹ ਹਾਲ ਵੇਖਕੇ ਕੁਮਾਰ ਨੂੰ ਭੀ ਹੈਰਾਨੀ ਹੋਈ ਫੇਰ ਤੇਜ ਸਿੰਘ ਨੇ ਕਿਹਾ ਭਲਾ ਏਹ ਤਾਂ ਦਸੋ ਕਿ ਮੈਂ ਤੁਹਾਡੇ ਨਾਲ ਕਿਥੇ ਤਕ ਗਿਆ ਸਾਂ ਤੇ ਕਦੋਂ ਮੁੜਿਆ ਹੀ? ਕੁਮਾਰ ਨੇ ਸਭ ਹਾਲ ਦਸ ਦਿਤਾ। ਤੇਜ ਸਿੰਘ ਨੇ ਕਿਹਾ ਬਸ ਤੁਸਾਂ ਚੌਕਾਂ ਫੇਰ ਦਿਤਾ। ਐਹਮਦਾਂ ਤੇ ਭਗਵਾਨ ਦਤ ਦੇ ਨਿਕਲ ਜਾਨਦਾ ਤਾਂ ਐਤਨਾ ਅਫਸੋਸ ਨਹੀਂ ਜਿਨਾਂ ਓਸ ਦਰਵਾਜੇ ਦਾ ਹਾਲ ਨੂ ਮਲੂਮ ਹੋ ਜਾਨ ਦਾ ਗਮ ਹੈ। ਕੁਮਾਰ ਨੇ ਕਿਹਾ ਤੁਸੀ ਕੀ ਕਹਿਦੇ ਹੋ? ਮੇਰੀ ਸਮਝ ਵਿਚ ਕੁਝ ਨਹੀਂ ਆਇਆ। ਤੇਜ ਸਿੰਘ ਨੇ ਕਿਹਾ ਜੇ ਏਹੋ ਜੇਹੀ ਸਮਝ ਹੁੰਦੀ ਤਾਂ ਧੋਖਾ ਕਿਉਂ ਖਾਂਦੇ? ਤਦ ਨਹੀਂ ਸਮਝੇ ਤਾਂ ਹੁਣ ਸਮਝੋ ਕਿ ਸ਼ਿਵਦਤ ਦੇ

CC-0. Kashmir Research Institute. Digitized by eGangotri

ਇਯਾਰਾਂ ਨੂਹਾਨੂ ਧੋਖਾ ਦਿਤਾ ਹੈ ਅਰ ਤਹਖਾਨੇ ਦਾ ਨਸਤਾ ਵੇਖ ਲਿਆ ਹੈ ਏਹ ਕੰਮ ਬੱਦਰੀ ਨਾਥ ਦਾ ਹੈ ਦੂਸਰੇ ਦਾ ਨਹੀਂ ਜੋਤਸ਼ੀ ਓਸਨੂੰ ਰਲਨ ਨਾਲ ਸਾਰਾ ਪਤਾ ਦੇਂਦਾ ਹੈ ਅਰ ਓਹ ਕੰਮ ਕਰ ਜਾਂਦਾ ਹੈ ਸਤੂਨਾ ਦੇ ਹਾਲ ਤੋਂ ਵਾਕਿਫ ਹਾਂ ॥

ਕੁਮਾਰ ਏਹ ਸੁਣਕੇ ਦੰਗ ਹੋ ਗਏ ਅਰ ਆਪਣੀ ਗਲਤੀ ਉਤੇ ਅਫਸੋਸ ਕਰਨ ਲਗ ਪਏ। ਤੇਜ ਸਿੰਘ ਨੇ ਕਿਹਾ ਹੁਣ ਜੋ ਹੋਨਾ ਸੀ ਸੋ ਹੋਇਆ ਹੁਣ ਅਫਸੋਸ ਕਿਸ ਗਲ ਦਾ ? ਮੈਂ ਹੁਣੇ ਜਾਂਦਾ ਹਾਂ ਕੈਦੀ ਤਾਂ ਨਿਕਲ ਗਏ ਹੋਣਗੇ ਪਰ ਮੈਂ ਜੰਦਰੇ ਦਾ ਬੰਦੋਬਸਤ ਕਰ ਆਵਾਂਗਾ। ਕੁਮਾਰ ਨੇ ਪੁਛਿਆ ਜੰਦਰੇ ਦਾ ਕੀ ਬੰਦੋਬਸਤ ਕਰੋਗੇ ? ਤੇਜ ਸਿੰਘ ਨੇ ਕਿਹਾ ਓਸ ਫਟਾਕ ਵਿਚ ਹੋਰ ਭੀ ਜੰਦਰੇ ਹਨ ਜੋ ਏਸਤੋਂ ਬਹੁਤ ਪਕੇ ਹਨ ਓਨਾਂ ਦੇ ਮਾਰਨ ਬੰਦ ਕਰਨ ਵਿਚ ਬਹੁਤ ਚਿਰ ਲਗਦਾ ਹੈ ਏਸ ਲਈ ਮੈਂ ਓਹ ਨਹੀਂ ਸਾਂ ਲਾਉਂਦਾ ਪਰ ਹੁਣ ਆਪਣੀ ਗੌਂ ਨੂ ਲਾਵਾਂਗਾ। ਕੁਮਾਰ ਨੇ ਪੁਛਿਆ ਓਹ ਜੰਦਰਾ ਮੈਨੂ ਭੀ ਵਿਖਾਓਗੇ ? ਤੇਜ ਸਿੰਘ ਨੇ ਕਿਹਾ ਕਦੀ ਨਹੀ ਜਦ ਤਕ ਚੁਨਾਰ ਫਤੇ ਨਾ ਕਰ ਲਵਾਂਗੇ ਤਦ ਤਕ ਨਹੀਂ ਦਸਨਾ ਨਹੀਂ ਤਾਂ ਫੇਰ ਏਸੇ ਤਰਾਂ ਧੋਖਾ ਮਿਲੇਗਾ। ਕੁਮਾਰ ਨੇ ਕਿਹਾ "ਹੱਛਾ ਤੁਹਾਡੀ ਮਰਜੀ"।

ਤੇਜ ਸਿੰਘ ਜੀ ਓਸੇ ਵੇਲੇ ਤਹਖਾਨੇ ਵਲ ਤੁਰ ਪਏ ਅਰ ਸਵੇਰਾ ਹੋਣ ਤੋਂ ਪਹਿਲਾਂ ਹੀ ਮੁੜ ਆਏ ਸਵੇਰੇ ਜਦ ਕੁਮਾਰ ਸੌਂ ਕੇ ਉਠੇ ਤਾਂ ਤੇਜ ਸਿੰਘ ਤੋਂ ਪੁਛਿਆ ਸੁਨਾਓ ਤਹਖਾਨੇ ਦਾ ਕੀ ਹਾਲ ਹੈ ? ਓਨਾਂ ਨੇ ਉਤੂ ਦਿਤਾ 'ਕੈਦੀ ਨਿਕਲ ਗਏ ਪਰ ਜੰਦਰੇ ਦਾ ਬਦੋਬਸਤ ਕਰ ਆਯਾ ਹਾਂ" ॥

ਨਹਾ ਧੋ ਅਰ ਕੁਝ ਖਾਕੇ ਕੁਮਾਰ ਅਰ ਤੇਜ ਸਿੰਘ ਦਰਬਾਰ

CC-0. Kashmir Research Institute. Digitized by eGangotri

ਵਿਚ ਗਏ ਅਰ ਪ੍ਰਣਾਮ ਕਰਕੇ ਆਪਣੀ ੨ ਥਾਂ ਤੇ ਬੈਠ ਗਏ ਅਰ ਜਾਸੂਸਾਂ ਨੇ ਖਬਰ ਦਿੱਤੀ ਕਿ ਸ਼ਿਵਦਤ ਦੀ ਫੌਜ ਨੇੜੇ ਆ ਗਈ ਹੈ ਅਰ ਏਥੋਂ ਦਸ ਕੋਹ ਦੀ ਵਿਥ ਉਤੇ ਹੈ। ਕੁਮਾਰ ਨੇ ਮਹਾਰਾਜ ਪਾਸ ਬੇਨਤੀ ਕੀਤੀ ਕਿ ਹੁਣ ਵੇਲਾ ਆਗਿਆ ਹੈ ਕਿ ਮੁਸਲਮਾਨੀ ਫੌਜ ਦੁਸ਼ਮਨ ਦੇ ਰੋਕਨ ਵਾਸਤੇ ਭੇਜੀ ਜਾਵੇ। ਮਹਾਰਾਜ ਨੇ ਕਿਹਾ ਚੰਗਾ ਭੇਜ ਦੇਵੋ। ਕੁਮਾਰ ਨੇ ਤੇਜ ਸਿੰਘ ਨੂੰ ਕਿਹਾ ਕਿ ਆਪਣਾ ਇਕ ਤੋਪਖਾਨਾ ਭੀ ਮੁਸਲਮਾਨੀ ਫੌਜ ਦੇ ਪਿਛੇ ਭੇਜ ਦੇਵੋ। ਫੇਰ ਤੇਜ ਸਿੰਘ ਦੇ ਕੰਨ ਵਿਚ ਕਿਹਾ ਕਿ ਆਪਣੇ ਤੋਪਖਾਨੇ ਵਾਲਿਆਂ ਨੂੰ ਸਮਝਾਦਨਾ ਕਿ ਜੇ ਫੌਜ ਦੀ ਨੀਤ ਖਰਾਬ ਵੇਖਨ ਤਾਂ ਕਿਸੇ ਨੂੰ ਭੀ ਜੀਉ ਦਾ ਨਾਂ ਜਾਨ ਦੇਨ॥

ਤੇਜਸਿੰਘ ਇੰਤਜਾਮ ਕਰਨਾਂ ਵਾਸਤੇ ਚਲੇ ਗਏ ਹਰਦਿਆਲ ਸਿੰਘ ਨੂੰ ਨਾਲ ਲਈ ਗਏ ਮਹਾਰਾਜ ਨੇ ਦਰਬਾਰ ਬਰਖਾਸਤ ਕੀਤਾ, ਅਰ ਕੁਮਾਰ ਨੂੰ ਨਾਲ ਲੈਕੇ ਮਹਲ ਨੂੰ ਪਧਾਰੇ ਅਰ ਭੋਜਨ ਭੀ ਕਠੇ ਬੈਠਕੇ ਖਾਧਾ, ਏਸਦ ਪਿਛੋਂ ਕੁਮਾਰ ਆਪਣੇ ਕਮਰੇ ਵਲ ਚਲੇ ਗਏ ਹਨੇਰਾ ਜੋਰ ਲਾਯਾ ਪਰ ਚੰਦਰਕਾਂਤਾ ਦੀ ਸੂਰਤ ਅਜ ਭੀ ਨਾ ਦਿਸੀ ਪਰ ਚੰਦਰਕਾਂਤਾ ਨੇ ਬੂਹੇ ਦੇ ਓਹਲਿਓ ਇਨਾਂ ਨੂੰ ਚੰਗੀ ਤਰਾਂ ਵੇਖ ਲਿਆ॥

ਤੇਈਵਾਂ ਕਾਂਡ

ਸੰਧਯਾਂ ਨੂੰ ਮਹਾਰਾਜ ਦੇ ਮਿਲਨ ਵਾਹਤੇ ਬੀਰੇਂਦਰ ਸਿੰਘ ਗਏ ਮਹਾਰਾਜ ਓਨਾਂ ਨੂੰ ਆਪਣੇ ਪਾਸ ਬੈਠ ਕੇ ਗਲ ਬਾਤ ਕਰਨ ਲਗੇ ਏਤਨੇ ਵਿਚ ਹਰਦਿਆਲ ਸਿੰਘ ਤੇਜ ਸਿੰਘ ਭੀ ਆ ਪਹੁੰਚੇ। ਮਹਾਰਾਜ ਨੇ ਹਾਲ ਪੁਛਿਆ, ਏਨਾਂ ਨੇ ਕਿਹਾ ਕਿ ਫੌਜ

CC-0. Kashmir Research Institute. Digitized by eGangotri

ਮੁਕਾਬਲੇ ਵਾਸਤੇ ਭੇਜਦਿਤੀ ਹੈ, ਫੇਰ ਲੜਾਈ ਦੀਆਂ ਗਲਾਂ ਬਾਤਾਂ ਹੁੰਦੀਆਂ ਰਹੀਆਂ ਸੋਚਦੀਆਂ ਵਿਚ ਰਹਿਆਂ ਅਧੀ ਰਾਤ ਬੀਤ ਗਈ। ਅਚਾਨਕ ਕਈ ਚੋਬਦਾਰਾਂ ਨੇ ਆਕੇ ਬੇਨਤੀ ਕੀਤੀ ਕਿ "ਮਹਾਰਾਜ! ਚੋਰ ਮਹਲ ਵਿਚੋਂ ਕੁਝ ਆਦਮੀ ਨਿਕਲਕੇ ਨਸੇ ਜਿਨਾਂ ਨੂੰ ਦੁਸਮਨ ਸਮਝਕੇ ਪੈਹਰੇਦਾਰਾਂ ਨੇ ਤੀਰ ਮਾਰੇ ਪਰ ਓਹ ਜ਼ਖਮੀ ਹਕ ਭੀ ਨਿਕਲ ਗਏ।

ਏਹ ਖਬਰ ਸੁਣਕੇ ਮਹਾਰਾਜ ਬੜੀ ਡੂਗੀ ਸੋਚ ਵਿਚ ਪੈ ਗਏ ਕੁਮਾਰ ਅਤੇ ਤੇਜ ਸਿੰਘ ਭੀ ਹੈਰਾਨ ਹੋਗਏ। ਏਨੇ ਵਿਚ ਹੀ ਮਹਲ ਵਿਚੋਂ ਰੋਣ ਦੀ ਅਵਾਜ ਆਉਣ ਲਗ ਪਈ ਸਭਨਾਂ ਦਾ ਧਿਆਨ ਓਸ ਪਾਸੇ ਲਗ ਗਿਆ ਪਲੋ ਪਲੀ ਵਿਚ ਰੋਣ ਦੀ ਅਵਾਜ ਵਧਦੀ ਜਾਂਦੀ ਸੀ ਏਥੋਂ ਤਕ ਕਿ ਸਾਰੇ ਮਹਲ ਵਿਚ ਹਾ ਹਾ ਕਾਰ ਮਚ ਗਿਆ ਮਹਾਰਾਜ ਤੇ ਕੁਮਾਰ ਆਦਿਕ ਸਭਨਾਂ ਦੇ ਮੂੰਹ ਤੇ ਉਦਾਸੀ ਛਾਈ ਓਸੇ ਵੇਲੇ ਕਈ ਦਾਸੀਆਂ ਦੌੜੀਆਂ ਆਈਆਂ ਤੇ ਰੋਂਦੇ ੨ ਬੋਲੀਆਂ ਕਿ— ਚੰਦਰਕਾਂਤਾ ਅਤੇ ਚਪਲਾ ਦਾ ਕੋਈ ਮਿਤ ਵਢ ਕੇ ਲੈਗਿਆ ਹੈ। ਏਹ ਖਬਰ ਤੀਰ ਵਾਗੂ ਸਭਨਾਂ ਦੇ ਕਲੇਜੇ ਨੂੰ ਵਿੰਨ ਗਈ ਮਹਾਰਾਜ ਤਾਂ ਇਕ ਵਾਰੀ ਹਾਇ ਕਹਿਕੇ ਡਿਗ ਪਏ ਕੁਮਾਰ ਦਾ ਅਜਬ ਹਾਲ ਹੋਇਆ ਚੇਹਰੇ ਉਤੇ ਮੁਰਦਨੀ ਵਰਤ ਗਈ, ਹਰਦਿਆਲ ਸਿੰਘ ਦੀਆਂ ਅਖਾਂ ਵਿਚੋਂ ਅਥਰੂ ਵਗ ਰਹੇ ਸਨ ਤੇਜ ਸਿੰਘ ਬਾ ਮੂਰਤ ਹੋਇਆ ਖਲੋਤਾ ਸੀ। ਮਹਾਰਾਜ ਨੇ ਆਪਣੇ ਆਪਨੂੰ ਸੰਭਾਲਕੇ ਕੁਮਾਰ ਨੂੰ ਗਲ ਨਾਲ ਲਾ ਲਿਆ ਅਤੇ ਖੂਬ ਰੋਏ। ਰੋਂਦੇ ੨ ਕੁਮਾਰ ਦਾ ਹਥ ਫੜਕੇ ਮਹਲ ਵਿਚ ਲੈ ਗਏ। ਦੇਖਿਆ ਕਿ ਹਾਹਾਕਾਰ ਮਚਿਆ ਹੋਇਆ ਹੈ ਮਹਾਰਾਣੀ ਚੰਦਰਕਾਂਤਾ ਦੀ ਲਾਸ਼ ਉਤੇ ਡਿਗੀ ਪਈ ਹੈ ਸਿਰ

CC-0. Kashmir Research Institute. Digitized by eGangotri

ਪਾਟ ਗਿਆ ਹੈ ਮਹਾਰਾਜ ਭੀ ਜਾਕੇ ਓਸੇ ਲੋਥ ਉਤੇ ਡਿਗ ਪਏ, ਕੁਮਾਰ ਵਿਚ ਤਾਂ ਐਤਨੀ ਭੀ ਤਾਕਤ ਨਾ ਰਹੀ ਕਿ ਅੰਦਰ ਜਾਂਦੇ ਬੁਹੇ ਅਗੇ ਹੀ ਡਿਗ ਪਏ ਦੰਦਨ ਪੈਗਈ ਮੂੰਹ ਪੀਲਾ ਅਰ ਸੂਰਤ ਮੁਰਦੇ ਵਰਗੀ ਹੋ ਗਈ ।

ਚੰਦਰਕਾਂਤਾ ਅਤੇ ਚਪਲਾ ਦੀ ਲੋਥ ਪਈ ਹੋਈਸੀ ਪਰ ਸਿਰ ਨਹੀਂ ਸੀ । ਕਮਰੇ ਵਿਚ ਚੋਹੀਂ ਪਾਸੇ ਲਹੂ ਹੀ ਲਹੂ ਖਿਲਰਿਆ ਹੋਇਆ ਸੀ ਸਭਨਾਂ ਦੀ ਅਜਬ ਹਾਲਤ ਸੀ । ਮਹਾਰਾਨੀ ਰੋ ਰੋ ਕੇ ਕਹਿੰਦੀ ਸੀ ਕਿ "ਹਾਏ ! ਧੀਏ ਤੂੰ ਕਿਥੇ ਗਈ ਓਸਦਾ ਕੇਹਾ ਪਥਰ ਕਲੇਜਾ ਸੀ ਜਿਸਨੇ ਤੇਰਾ ਸਿਰ ਵਢਿਆ ਹਾਏ ਹਾਏ !! ਹੁਨ ਮੈਂ ਜੀਉਕੇ ਕੀ ਕਰਾਂਗੀ ਤੇਰੇ ਵਾਸਤੇ ਐਸਾ ਸਹੇੜਾ ਹੋਇਆ ਅਰ ਤੂੰ ਹੀਏ ਨਾਂ ਰਹੀਓਂ ਹੁਣ ਏਸ ਰਾਜ ਦਾ ਕੀ ਬਨੇਗਾ ?" ਮਹਾਰਾਜ ਕਹਿੰਦੇ ਸਨ ਹੁਣ ਕੂਰ ਦੀ ਛਾਤੀ ਠੰਢੀ ਹੋਗਈ ਸ਼ਿਵਦਤ ਨੂੰ ਮੁਰਾਦ ਮਿਲ ਗਈ ਓਸਨੂੰ ਕਹਦੇ ਕਿ ਆਕੇ ਬਿਜੈਗੜ੍ਹ ਸਾਂਭ ਲਵ ਅਸੀਂ ਤਾਂ ਧੀ ਦੇ ਨਾਲ ਜੀਵਾਂਗੇ। ਅਚਾਨਕ ਮਹਾਰਾਜ ਦੀ ਨਿਗਾਹ ਬੂਹੇ ਵਲ ਗਈ ਦੇਖਿਆ ਕਿ ਬੀਰੇਂਦਰ ਸਿੰਘ ਡਿਗਾ ਪਿਆ ਹੈ ਸਿਰ ਪਾਟਕੇ ਲਹੂ ਵਗ ਰਿਹਾ ਹੈ । ਦੌੜਕੇ ਕੁਮਾਰ ਦੇ ਪਾਸ ਆਏ ਦੇਖਿਆ ਕਿ ਸਰੀਰ ਵਿਚ ਸਾਹ ਨਹੀਂ ਨਾੜੀ ਉਤੇ ਹਥ ਰਖਿਆ ਤਾਂ ਓਸਦਾ ਕੋਈ ਪਤਾ ਨਹੀਂ, ਨੱਕ ਉਤੇ ਹਥ ਰਖਿਆ ਤਾਂ ਸਾਹ ਠੰਢਾ ਆ ਰਿਹਾ ਹੈ ਹੁਣ ਤਾਂ ਜੋਰ ਦੀ ਰੋਰੋ ਕੇ ਕਹਨ ਲਗੇ ਹਾਏ ਹਨੇਰ ਹੋਗਿਆ ਸਾਡੇ ਨਾਲ ਹੀ ਨੌਗੜ ਦਾ ਰਾਜ ਭੀ ਡੁਬ ਗਿਆ ਅਸੀਂ ਤਾਂ ਸਮਝਿਆ ਸੀ ਕਿ ਬੀਰੇਂਦਰ ਸਿੰਘ ਨੂੰ ਰਾਜ ਦੇਕੇ ਜੰਗਲ ਵਿਚ ਚਲੇ ਜਾਵਾਂਗੇ ਫਕੀਰੀ ਕਰਾਂਗੇ ਪਰ ਹਾਏ ਬਿਧਾਤਾ ਨੂੰ ਏਹ ਭੀ ਚੰਗਾ ਨਾ ਲਗਾ ਹਾਏ ਓਏ ਕੋਈ ਛੇਤੀ

CC-0. Kashmir Research Institute. Digitized by eGangotri

ਤੇਜ ਸਿੰਘ ਨੂੰ ਸਦ ਲਿਆਓ ਕਿ ਆਕੇ ਬੀਰੇਂਦਰ ਨੂੰ ਦੇਖੇ ਹਾਏ ਹੁਣ ਤਾਂ ਮੈਂ ਨੂੰ ਭੀ ਏਥੇ ਹੀ ਮਰਨਾ ਪਵੇਗਾ ਮੈਂ ਸਮਝਦਾ ਹਾਂ ਕਿ ਰਾਜ ਸੁਰੇਂਦਰ ਸਿੰਘ ਦੀ ਜਾਨ ਭੀ ਏਥੇ ਹੀ ਨਿਕਲੇਗੀ ਹਾਏ ਹੁਣ ਕੀ ਸੋਚ ਰਹੇ ਸਾਂ ਤੇ ਕੀ ਹੋਗਿਆ ! ਹਾਏ ਰਬਾ ਤੂੰ ਇਹ ਕੀ ਕੀਤਾ !!

ਏਨੇ ਵਿਚ ਤੇਜ ਸਿੰਘ ਭੀ ਆਗਿਆ ਦੇਖਿਆ ਕਿ ਬੀਰੇਂਦਰ ਸਿੰਘ ਪਿਆ ਹੋਇਆ ਹੈ ਅਰ ਮਹਾਰਾਜ ਓਹਦੇ ਉਤੇ ਹਥ ਰਖਕੇ ਰੋਰਹੇ ਹਨ ਤੇਜ ਸਿੰਘ ਦੀ ਜੋ ਕੁਝ ਜਾਨ ਬਚੀ ਹੋਈ ਸੀ ਓਹ ਭੀ ਨਿਕਲ ਗਈ ਬੀਰੇਂਦਰ ਸਿੰਘ ਦੀ ਲੋਥ ਦੇ ਪਾਸ ਬੈਠ ਗਏ ਅਰ ਉਚੀ ਬੋਲ "ਕੰਮਾਰ ! ਮੇਰਾ ਦਿਲ ਦੋਣ ਨੂੰ ਨਹੀਂ ਕਰਦਾ ਕਿਉਂ ਕਿ ਮੈਂ ਹੁਣ ਏਸ ਦੁਨੀਆਂ ਵਿਚ ਨਹੀਂ ਰਹਣਾ ਮੈਂ ਤਾਂ ਪ੍ਰਸ਼ਨਤਾ ਪੂਰਬਕ ਤੇਰੇ ਨਾਲ ਚਲਾਗਾਂ ਏਹ ਕਹਕੇ ਖਜਰ ਕਢਕੇ ਢਿਡ ਵਿਚ ਮਾਰਨ ਹੀ ਲਗਾ ਸੀ ਕਿ ਕੰਧ ਟਪਕੇ ਇਕ ਆਦਮੀ ਨੇ ਆਕੇ ਹਥ ਫੜਲਿਆ ਤੇਜ ਸਿੰਘ ਨੇ ਓਸ ਆਦਮੀ ਨੂੰ ਦੇਖਿਆ ਜੋ ਸਿਰ ਤੋਂ ਪੈਰਾਂ ਤਕ ਸੰਦੂਰ ਨਾਲ ਰੰਗਿਆ ਹੋਇਆ ਸੀ। ਓਸਨੇ ਕਿਹ:—

ਕਾਹੇ ਕੋ ਦੇਤੇ ਹੋ ਜਾਨ । ਮੇਰੀ ਬਾਤ ਸੁਨ ਦੇ ਕਾਨ ॥
ਜੇਹ ਸਭ ਖੇਲ ਠਗੀ ਦਾ ਮਾਨਾ ਲਾਸ਼ ਦੇਖਕੇ ਲਵੋ ਪਛਾਨ ॥
ਉਠੋ ਦੇਖੋ ਭਾਲੋ ਖੋਜੋ ਨਿਕਾਲੋ ॥

ਏਹ ਕਹਿਕੇ ਦੌੜ ਕਰਕੇ ਉਛਲ ਦਾ ਕੁਦਦਾ ਨਸ ਗਿਆ ।

ਪਹਿਲਾ ਹਿਸਾ ਸਮਾਪਤ

ਅਗੇ ਲਈ ਦੇਖੋ ਦੂਸਰਾ ਹਿਸਾ ਮੁਲ ॥) ਪਤਾ—
ਚਤਰ ਸਿੰਘ ਜੀਵਨ ਸਿੰਘ ਸਿੰਘ ਪੁਸਤਕਾਂ ਵਾਲੇ ਅਮਿਤਸਰ

CC-0. Kashmir Research Institute. Digitized by eGangotri

ਦਿਲ ਚਸਪ ਨਾਵਲ

ਸ਼ਾਹੀ ਮਦਾਰੀ

ਇਹ ਇਕ ਅਜੀਬ ਨਾਵਲ ਜੋ ਕਈ ਹਿਸਿਆਂ ਵਿਚ ਛਪਕੇ ਤਿਆਰ ਹੋਇਆ ਹੈ ਇਸ ਨਾਵਲ ਤੇ ਅਸਾਂ ਨੇ ਇਤਨਾਂ ਰੁਪੈ ਖਰਚਿਆ ਹੈ ਕੇ ਵਾਨ ਦੀ ਲੋੜ ਨਹੀਂ ਅਜ ਤਕ ਪਾਠਕ ਜੀ ਤੁਸਾਂ ਅਨੇਕਾਂ ਨਾਵਲ ਪੜ੍ਹੇ ਹੋਣ ਮਗਰ ਅਸੀ ਸਚ ਕੈਂਹਦੇ ਹਾਂ ਕਿ ਅਜਏ ਪਰੇਮ ਦੇ ਰੰਗਨ ਵਿਚ ਅਯਾਰੀ ਭੁਰਿਆ ਰੋਇਆ ਕੋਈ ਨਾਵਲ ਨਹੀਂ ਵੇਖਿਆ ਹੋਵੇਗਾ, ਇਸ ਨਾਵਲ ਦੀ ਇਤਨੀ ਤਰੀਫ ਹੋ ਰਹੀ ਹੈ ਕਿ ਹਰ ਰੋਜ ਖਤਾਂ ਤੇ ਖਤ ਆ ਰਹੇ ਹਨਾਂ ਕਿ ਦੂਜਾ ਭਾਗ ਜਲੀ ਛਾਪੋ।

ਅਗਰ ਤੁਸਾਂ ਇਸ ਨਾਵਲ ਨੂੰ ਨਹੀਂ ਪੜ੍ਹਿਆ ਤਾਂ ਹੁਨੇ ਖਤ ਲਿਖਨ ਦੀ ਕਰੋ। ਭੇਟਾ ਫੀ ਭਾਗ ।।।)

ਮੰਗਾਵਨ ਦਾ ਪਤਾ ਹਰਦਮ ਯਾਦ ਰਖੋਃ--

ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ ਬਜਾਰ ਮਾਈ ਸੇਵਾਂ

ਸ੍ਰੀ ਅਮ੍ਰਿਤਸਰ ਜੀ

CC-0. Kashmir Research Institute. Digitized by eGangotri

ਵਿਸਤਾਰ ਪਿੰਗਲ ਟੀਕਾ

ਦੁਨੀਆਂ ਵਿਚ ਵਿਦਵਾਨ ਬਣਨ ਦੀ ਕਲਾ

ਵਿਦਯਾ ਦੇ ਕਾਰਨਾਂ ਨੂੰ ਲੈਕੇ ਅਸਾਂ ਨੇ ਉਪਰਲੇ ਨਾਮ ਦੀ ਪੁਸਤਕ ਤਿਆਰ ਕਰਵਾਈ ਹੈ, ਪੁਸਤਕ ਕੀ ਹੈ ਸਚ ਜਾਣੋ ਸਮੁੰਦਰ ਨੂੰ ਘਰ ਵਿਚ ਰਖਣ ਵਾਲੀ ਗਲ ਹੈ। ਇਸ ਨੂੰ ਪੜਕੇ ਕਬਿਤ, ਦੋਹਿਰੇ, ਬੈਂਤ, ਛੰਦ ਬਨੌਣੇ ਸੁਖਾਲੇ ਆ ਜਾਂਦੇ ਹਨ ਦੁਨੀਆ ਵਿਚ ਅਵੀਸ਼ਰ ਤੇ ਵਿਦਵਾਨ ਬਣਨਾ ਚੌਂਦੇ ਹੋ ਤਾਂ ਇਹ ਪੁਸਤਕ ਪੜੋ ॥)

ਕਾਰੀਗਰੀ ਦੀ ਮਸ਼ੀਨ ਯਾ ਸਭ ਤੋਂ ਵੱਡਾ ਵਿਸ਼ਕਰਮਾ ਪ੍ਰਕਾਸ਼

ਜਿਸ ਤਰਾਂ ਕਿ ਸ਼ਸ਼ ਉਜਰੀ ਗਿਰਾ, ਸ਼ਸ਼ ਤਾਰਾ ਮਰ ਹੀ ਠੰਡੇ ਦੀ ਤਾਰ, ਮਾਲ ਪਚਕਾਰ ਨਾਮ ਤਾਰ ਸੁਹਾਈ ਮਿਸਰੀ ਨਾਮ ਤਾਰ ਬਜਵ ਨਾਮ ਤਾਰ ਦੋਹਰੀ ਨਾਮ ਸਾਦੀ ਸ਼ਤੀਰੀ ਤਾਰ ਦਾਰ ਗਿਰਹ ਕਿਸਤੀ ਕਿਸਮ ਤੋਲ ਦਾਰ ਗਿਰਹ ਸਭ ਤੋਂ ਵਡਾ ਗਿਰਾਤ, ਦਾਰ ਗਿਰਹ ਬਿਹਾਨ ਕਿਸਮ ਗਿਰਹ ਚਕਰ ਦਾਰ ਫੁਲ ਜੋ ਥਾਂ ਨਾਂ ਹੋਣਦੇ ਕਾਰਨ ਦਰਜ ਨਹੀਂ ਕਰ ਸਕੇ। ਇਸ ਪੁਸਤਕ ਨੂੰ ਪਾਸ ਰਖੋ। ਬਸ ਫੇਰ ਕਿਸੇ ਉਸਤਾਦ ਦੀ ਲੋੜ ਨਹੀਂ ਰਹਿੰਦੀ ਇਸ ਪੁਸਤਕ ਦੇ ਨੇਕਾਂ ਸਾਰਟੀ ਫਕੇਟ ਤੇ ਚਿਠੀਆਂ ਸਾਡ ਪਾਸ ਮੌਜੂਦ ਹਨ, ਇਸ ਵਿਚ ਏਸੇ ਪੰਜਾਂ ਗਿਰਾਂ ਹਨ। ਮੂਲ ੧)

ਪਤਾ- ਕਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ ਬਜਾਰ ਮਾਈ ਸੇਵਾਂ

ਅੰਮ੍ਰਿਤਸਰ

CC-0. Kashmir Research Institute. Digitized by eGangotri

ਬਹੁਤੀਆਂ ਗੱਲਾਂ ਦੀ ਲੋੜ ਨਹੀਂ!

ਇਸ਼ਤਿਹਾਰ ਬਾਜ਼ੀ ਨੇ ਤਜਾਰਤੀ ਦੁਨੀਆਂ ਦੀ ਕਾਇਆਂ ਪਲਟ ਦਿਤੀ ਹੈ ਯੂਰਪ ਦੇ ਵਾਸੀ ਇਸ਼ਤਿਹਾਰ ਬਾਜ਼ੀ ਦੇ ਗੁਣ ਜਾਣਦੇ ਹਨ। ਅਸਲ ਵਿਚ ਤਾਂ ਦੇਸ਼ ਪਰ ਅਜ ਕਲ ਖੋਟੇ ਭਾਗ ਨੂੰ ਸਭ ਦੇਸ਼ ਵਿਚ ਹੀ ਇਸ਼ਤਿਹਾਰ ਬਾਜ਼ੀ ਦਾ ਰਵਾਜ ਤੁਰ ਪਿਆ ਹੈ ਜਿਸ ਨਾਲ ਹੋਰ ਸਭ ਤਰਾਂ ਦੀ ਤਜਾਰਤ ਨੂੰ ਲਾਭ ਹੋ ਰਿਹਾ ਹੈ ਪਰ ਹਕਮਤ ਦੇ ਕੰਮ ਨੂੰ ਤਾਂ ਇਸ ਇਸ਼ਤਿਹਾਰ ਬਾਜ਼ੀ ਨਾਲ ਬਹੁਤ ਨਕਸਾਨ ਪਹੁਚਾ ਹੈ ਕਿਉਂਕਿ ਫਰਬੀ ਲੋਕਾਂ ਨੇ ਦੁਨੀਆਂ ਠੱਗਣ ਲਈ ਇਸ਼ਤਿਹਾਰ ਬਾਜ਼ੀ ਦੀ ਓਟ ਪਕੜ ਲਈ ਹੈ ਨਾ ਕਈ ਦੁਕਾਨ ਨਾ ਘਟ ਨਾਉਂ ਕਾਰਖ ਨਾ ਸੌਦ ਜਵੈਣ ਪਛਾਣ ਕਰੀਂ ਸਕਦੇ ਤੇ ਨਾਮ ਨਨੰਤ ਵੇਖ ਵੇਖਕੇ ਇਸ਼ਤਿਹਾਰ। ਦੇ ਦੇਂਦੇ ਰਨ ਹਲਵਾਈ ਦੀ ਹੱਟੀ ਤੇ ਦਵਾਈਆਂ ਦਾ ਇਸ਼ਤਿਹਾਰ। ਦਰਜੀ ਦੀ ਦੁਕਾਨ ਤੇ ਹਿਕਮਤ ਦਾ ਦਾਹਵਾ। ਕਪੜਾ ਵੇਚਣ ਵਾਲੇ, ਛਾਬੜੀ ਵਾਲੇ ਏਥੋਂ ਤਕ ਕਿ ਜੁਤੀਆਂ ਗੰਢਣ ਵਾਲੇ ਭੀ ਦਵਾਈਆਂ ਦੇ ਇਸ਼ਤਿਹਾਰ ਦੇ ਰਹੇ ਹਨ ਅਰ ਲੜਾਂ ਦੇ ਭੁਲੇ ਪਨ ਤੋਂ ਨਾਜਾਇਜ਼ ਫਾਇਦਾ ਉਠਾ ਰਹੇ ਹਨ, ਇਨਾਂ ਠੱਗਾਂ ਦੇ ਠੱਗੇ ਹੋਏ ਲੋਕ ਅਸਲ ਪਾਸੇ ਜਾਂਦੇ ਭੀ ਡਰਦੇ ਹਨ, ਕਿਉਂਕਿ ਅਗੇ ਦਾ ਸੜਿਆ ਟਟੈਹਣੇ ਤੋ ਭੀ ਡਰਦਾ ਹੈ। ਪਰ ਅਸਲ ਅਸਲ ਹਾ ਹੈ। ਹੁਣ ਅਸਾਂ ਆ ਕੇਆ ਦਵਾਈਆਂ ਦੀ ਵਡਿਆਈ ਆਪਣੇ ਮੂਹੋਂ ਕਰਨ ਦੀ ਥਾਂ ਜਿਰਾ ਏਤਨਾ ਦਸਦ ਹਾਂ ਕਿ ਜੇ ਤੁਸੀਂ ਸਭ ਪਾਸਿਓਂ ਹਾਰ ਚੁਕੇ ਹੋ ਤਾਂ ਇਹ ਦਵਾਈਆਂ ਵਰਤੋ, ਜੇ ਠੱਗਾਂ ਦੇ ਜਾਲ ਵਿਚ ਫਸਕ ਧਨ ਤੇ ਸਰੀਰ ਦਾ ਨਾਸ ਕਰ ਚੁਕੇ ਹੋ ਤਾਂ ਭੀ ਨਿਰਾਸਨਾ ਹੋਵ ਅਰ

CC-0. Kashmir Research Institute. Digitized by eGangotri

ਇਕ ਵਾਰੀ ਇਨਾਂ ਦਵਾਈਆਂ ਨੂ ਅਜ਼ਮਾਕੇ ਸਚ ਝੂਠ ਦਾ ਪ੍ਰਤਾਵਾ ਕਰ ਲਵੋ। ਸਾਡੇ ਪਾਸ ਇਨਾਂ ਦਵਾਈਆਂ ਦੇ ਏਤਨੇ ਸਰਟੀਫੀਕੇਟ ਹਨ ਕਿ ਅਸੀਂ ਉਨਾਂ ਨੂ ਦਰਜ ਹੀ ਨਹੀਂ ਕਰ ਸਕਦੇ॥

(੧) ਤਾਕਤ ਦੀਆਂ ਅਦਭੁਤ ਗੋਲੀਆਂ—ਜੇ ਸਚ ਮੁਚ ਜਵਾਨੀ ਦੀ ਦੌਲਤ ਗਵ ਚੁਕੇ ਹੋ ਤਾਂ ਇਨਾਂ ਗੋਲੀਆਂ ਨੂੰ ਵਰਤਕੇ ਮੁੜ ਜਵਾਨੀ ਦੀ ਬਹਾਰ ਦੇਖ ਲਵੋ। ਗਏ ਗਜਰੇ ਪੁਰਸ਼ਾਂ ਨੂੰ ਜਿਉਂ ਦਿਆਂ ਵਿਚ ਕਰਨਾ ਇਨਾਂ ਦਾ ਹੀ ਕੰਮ ਹੈ। ਮੁਲ ੩)

੨) ਤਿਲ ਦੇ ਬੇ ਨਜੀਰ—ਆਪਣੇ ਹਥੀ ਆਪਣੀ ਜੜਾਂ ਵਢ ਚੁਕੇ ਹੋ ਤਾਂ ਇਹ ਤੇਲ ਵਰਤੋ ਇਕ ਸਾਤੇ ਦੇ ਅੰਦਰ ਅੰਦਰ ਮਰਦਾ ਪਠਿਆਂ ਵਿਚ ਜਾਨ ਪੈ ਜਾਵੇਗੀ ਏਥੋਂ ਤਕ ਕਿ ਜਬਤ ਅੱਖਾ ਹੋ ਜਾਵਗਾ ਸਚ ਮੁਚ ਬਿਜਲੀ ਵਰਗੇ ਜਵਾਨ ਕਹਾਉਣਾ ਹੋਵ ਤਾਂ ਇਸ ਤੇਲ ਦੀ ਮਾਲਸ਼ ਕਰੋ। ਮੁਲ ੫)

(੩) ਜਰਯਾਨ ਦੀ ਦਵਾ-ਇਸ ਪਾਪੀ ਰੋਗ ਨੇ ਬੜੇ ਬੜੇ ਜਵਾਨਾਂ ਦੀ ਸੋਨੇ ਵਰਗੀ ਕਾਯਾ ਮਿਟੀ ਕਰ ਦਿਤੀ ਹੈ, ਜੇ ਤੁਸੀਂ ਇਸ ਦੁਸ਼ਟ ਦੀਆਂ ਜੜਾਂ ਵਢਣੀਆਂ ਚਾਹੁੰਦੇ ਹੋ ਤਾਂ ਇਹ ਦਵਾ ਮੰਗਵਾ ਲਵੋ। ੨)

(੪) ਤਿਲੀ ਦੀ ਦਵ—ਫਿਰ ਵਿਚ ਤਾਪ ਤਿਲੀ ਵਧ ਗਈ ਹੋਵੇ, ਭੁਖ ਬੰਦ ਹੋਗਈ ਹੋਵੇ ਮੂੰਹ ਤੇ ਪਲਿਤਠ ਵਰਤ ਗਈ ਹੋਵੇ ਅਠੇ ਪਹਿਰ ਤਾਪ ਚੜਿਆ ਰਹਿੰਦਾ ਹੋਵੇ ਤਾਂ ਇਹ ਦਵਾਈ ਵਰਤੋ ਥੋੜੇ ਦਿਨਾਂ ਵਿਚ ਹੀ ਰਿਸ਼ਟ ਪੁਸ਼ਟ ਹੋ ਜਾਓਗੇ, ਪਹਿਲੀ ਖੁਰਾਕ ਹੀ ਆਪਣਾ ਅਸਰ ਦਿਖ ਵੇਗੀ। ਮੁਲ ੧।)

ਪਤਾ--ਭਾਈ ਸੁੰਦਰ ਸਿੰਘ ਹਕੀਮ

ਚੌਂਕ ਬਾਬਾ ਅਟਲ ਅਮ੍ਰਿਤਸਰ

CC-0. Kashmir Research Institute. Digitized by eGangotri

ਸੁਰਗੀ ਜੀਵਨ—ਵਾਹਿਗੁਰੂ ਕਿਥੇ ਹੈ ? ਅਸੀਂ ਕਿਥੇ ਹਾਂ ? ਮਰਕੇ ਕਿਥੇ ਜਾਈਦਾ ਹੈ ? ਵਾਹਿਗੁਰੂ ਕਿਨ੍ਹਾਂ ਕਾਰਨਾਂ ਕਰਕੇ ਮਿਲਦਾ ਹੈ ? ਉਸਦੇ ਮਿਲਣ ਲਈ ਅਤਯੰਤ ਹੀ ਸੌਖਾ ਢੰਗ ਦਸਿਆ ਗਿਆ ਹੈ। ਭੇਟਾ ੧) ਮੋਖਸ਼ ਮਾਰਗ ੧)

ਸੱਚਾ ਮਿਤ੍ਰ—ਇਸ ਵਿਚ ਮਿਤ੍ਰ ਦੀ ਪਰਖ ਕਰਕੇ ਮਿੱਤ੍ਰ ਭਾਈ ਪੌਣ ਲਈ ਸੋਹਣੀ ਤਰਜ਼ ਤੇ ਅਜੀਬ ਢੰਗ ਤੇ ਵਾਰਤਾ ਲਿਖੀ ਹੋਈ ਹੈ। ਭੇਟਾ ॥)

ਗਿਆਨ ਕੌਰ—ਇਸ ਵਿਚ ਬਦਚਲਨੀ ਦੇ ਅਨੇਕਾਂ ਔਗਣ ਤੇ ਨੇਕ ਰਹਿਣ ਦੇ ਬੇਅੰਤ ਗੁਣ ਦਸੇ ਹਨ। ਭੇਟਾ ਕੇਵਲ ॥)

ਮਹਿੰਦ੍ਰ ਕੁਮਾਰ--ਇਹ ਨਾਵਲ ਅਜੇ ਹੁਣੇ ਹੀ ਛਪਿਆ ਹੈ, ਇਸਦੇ ਅੱਠ ਹਿਸੇ ਹਨ, ਬੜਾ ਹੀ ਸੁੰਦਰ ਸੋਹਣਾ ਦਿਲਚਸਪ ਹੈ, ਜਿਉਂ ੨ ਪੜ੍ਹੋ ਅਨੰਦ ਤੋਂ ਅਨੰਦ ਔਂਦਾ ਹੈ। ਭੇਟਾ ਫੀ ਭਾਗ ॥।)

ਭੂਤ ਨਾਥ ਦੀ ਜੀਵਨੀ--ਇਹ ਓਹੋ ਹੀ ਪੁਸਤਕ ਹੈ, ਜਿਸਦਾ ਹਾਲ ਚੰਦ੍ਰਕਾਂਤਾ ਵਿਚ ਆਉਂਦਾ ਹੈ। ਜਦੋਂ ਵੀ ਪੜ੍ਹੋ ਤਾਂ ਦਿਲ ਕਰਦਾ ਹੈ ਕਿ ਹਾਇ ! ਕਿਸੇ ਨਾਂ ਕਿਸੇ ਤਰਾਂ ਇਸਦਾ ਜੀਵਨ ਪੜ੍ਹਕੇ ਹੀ ਛਡੀਏ। ਇਸਦੇ ੧੧ ਤੋਂ ਜ਼ਿਆਦਾ ਭਾਗ ਹਨ। ਚਾਲਾਕ ਜਪਾਨੀ ੧।' ਚਲਾਕ ਚੋਰ ੧) ਕੰਜਰ ਲੀਲਾ ॥) ਅਮ੍ਰੀਕਨ ਲੇਡੀ ॥।) ਦਲੇਰ ਕੌਰ ਦੋ ਭਾਗ ੧) ਰਣਜੀਤ ਕੌਰ॥।) ਚੰਚਲ ਮੂਰਤੀ ॥।) ਦੋ ਵੋਟੀਆਂ ॥।) ਸ਼ੈਤਾਨ ਦਾ ਪੁਜਾਰੀ ॥।)

ਪਤਾ-- ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ ਬਜਾਰ ਮਾਈ ਸੇਵਾਂ ਅਮ੍ਰਿਤਸਰ

CC-0. Kashmir Research Institute. Digitized by eGangotri

ਅਸਚਰਜ ਨਾਵਲ

ਕੁਸਮ ਕੁਮਾਰੀ—ਜਿਨ੍ਹਾਂ ਸੱਜਨਾਂ ਨੇ ਬਾਬੂ ਦੇਵਕੀ ਨੰਦਨ ਜੀ ਦੀਆਂ ਪੁਸਤਕਾਂ ਪੜ੍ਹੀਆਂ ਹਨ ਓਹ ਇਸ ਗੱਲ ਤੋਂ ਦੰਗੀਤਰਾਂ ਜਾਣੂ ਹਨ ਕਿ ਚਤਰਾਈ ਨੂੰ ਕੁੱਜੇ ਵਿੱਚ ਕਿਕਤਰਾਂ ਭਰਕੇ ਵਿਖਾ ਦੈ, ਮਾਨੋਂ ਸਮੁੰਦਰ ਨੂੰ ਕੁਜੇ ਵਿਚ ਪਾ ਦਿੱਤਾ ਹੈ, ਇਸ ਵਿੱਚ ਅਨੇਕਾਂ ਵਾਰਦਾਤਾਂ ਤੇ ਦੰਚਲ ਲੋਕਾਂ ਤੋਂ ਬਚਣ ਦੇ ਅਨੇਕਾਂ ਅਜੀਬ ਢੰਗ ਲਿਖੇ ਹਨ, ਇਸ ਵਿਰ ਜੋ ਕੁਝ ਲਿਖਿਆ ਹੈ ਕਿ ਛੱਡਣ ਨੂੰ ਜੀ ਨਹੀਂ ਕਰਦਾ। ਭੇਟਾ ਚਾਰ ਭਾਗ ੧॥)

ਕੁਸਮਲਤਾ—ਚੰਦ੍ਰਕਾਂਤਾ ਦੀ ਛੋਟੀ ਭੈਣ, ਇਕ ਅਜੀਬ ਹੀ ਨਾਵਲ ਚੰਦ੍ਰਕਾਂਤਾ ਜਿਹਾ ਸਵਾਦੀ ਹੈ ਤੇ ਪੜ੍ਹਨ ਵਾਲੇ ਵਾਹ ੨ ਕਰ ਉਠਦੇ ਹਨ, ਪੁਸਤਕ ਬੜਾ ਸੁੰਦਰ ਹੈ, ਅਜੇਹੇ ੨ ਗੁਪਤ ਤੇ ਅਯਾਰੀ ਦੇ ਹਾਲ ਲਿਖੇ ਹਨ ਕਿ ਪੜ੍ਹਨ ਤੋਂ ਬਿਨਾਂ ਅੰਦਾਜ਼ਾ ਲਾਉਣਾ ਕਠਨ ਹੈ। ਭੇਟਾ ਚਾਰ ਭਾਗ ੨) ਫੀ ਭਾਗ ।।)

ਨਰਿੰਦਰਮੋਹਨੀ—ਇਸ ਪੁਸਤਕ ਦੇ ਦੋ ਹਿਸੇ ਹਨ, ਸਿੱਖਜਾ ਭਰਿਆ ਸੁਆਦਲੀ ਨਾਵਲ ਹੈ, ਭੇਟਾ ਦੋ ਭਾਗ ੧,

ਚਾਲਾਕ ਬੰਗਾਲੀ—ਖੁਫੀਆ ਪੁਲਸ ਦੇ ਸਾਰੇ ਭੇਦ ਕਢਨ ਵਾਲਾ ਬੜਾ ਹੀ ਅਜੀਬ ਨਾਵਲ ਹੈ। ਭੇਟਾ ੧)

ਮਿਲਨ ਦਾ ਪਤਾ—

ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂਵਾਲੇ

ਬਜਾਰ ਮਾਈ ਸੇਵਾਂ ਸ੍ਰੀ ਅਮ੍ਰਿਤਸਰ ਜੀ,

CC-0. Kashmir Research Institute. Digitized by eGangotri

CC-0. Kashmir Research Institute. Digitized by eGangotri

CC-0. Kashmir Research Institute. Digitized by eGangotri